
ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਨਵੰਬਰ-ਦਸੰਬਰ 2014
Nov.-Dec. 2014



ਅੰਤਰ ਝਾਤ :

20/-

ਅਗਿਆਨਤਾ ਹੈਵਾਨੀਅਤ ਹੈ ਤੇ ਗਿਆਨ ਇੱਕ ਵਿਸ਼ੇਸ਼ ਮਨੁੱਖੀ ਅਧਿਕਾਰ ...ਲਾਲਾ ਹਰਦਿਆਲ

ਜਾਗ੍ਰਤ

ਧੂੜ ਦਾ ਕਿਣਕਾ ਕਹੇ
ਸੂਰਜ ਹਾਂ ਮੈਂ
ਮਹਾਂਸਾਗਰ ਵਿਚ ਖੌਲਦਾ
ਪਰਤਦੀ ਪਾਸਾ ਹੈ ਧਰਤੀ
ਜਨਮ ਲੈਂਦੇ ਨੇ ਤੁਫ਼ਾਨ
ਧੌਣ ਉੱਚੀ ਕਰਕੇ ਤੁਰਦਾ ਹੈ ਮਨੁੱਖ
ਸਮੇਂ ਨੂੰ ਆਉਂਦੀ ਤ੍ਰੇਲੀ
ਹਿੱਲ ਜਾਂਦਾ ਹੈ ਜਹਾਨ।

ਗਲਾਂ ਵਿਚੋਂ ਲਾਹ ਕੇ ਸੁੱਟਣ
ਤੌਕ-ਕੌਮਾਂ
ਅੱਗ ਦੇ ਛੂੰਹਦੇ ਭੰਬੂਕੇ
ਆਸਮਾਨ
ਰੋਂਦੀਆਂ ਅੱਖਾਂ 'ਚ ਸੂਰਜ ਚਮਕਦੇ
ਅੰਨ੍ਹੀ ਰਈਅਤ
ਲੱਭਦੀ ਫਿਰਦੀ ਗਿਆਨ
ਆਮ ਬੰਦੇ ਨੂੰ ਮਿਲੇ ਪੈਗੰਬਰੀ
ਗਿਆਨਵਾਨਾਂ ਦੇ ਨੇ
ਟੁੱਟ ਜਾਂਦੇ ਗੁਮਾਨ।

ਹੜਬੜਾ ਕੇ ਉੱਠਦੇ ਹਨ ਸ਼ਹਿਨਸ਼ਾਹ
ਨੀਂਦ ਲੋਟੂ ਵਰਗ ਦੀ
ਹੁੰਦੀ ਹਰਾਮ
ਕੰਬ ਜਾਂਦੇ ਨੇ ਮਹੱਲਾਂ ਦੇ ਸਤੂਨ
ਕੰਬ ਜਾਂਦੇ ਨੇ ਚੰਗੇਜ਼ਾਂ ਦੇ ਨਿਜ਼ਾਮ
ਧੂੜ ਕਿਣਕੇ ਉਠਦੇ ਬਣ ਕੇ ਹਨੇਰੀ
ਆਪਣੇ ਹੱਥੀਂ ਸਮੇਂ ਦੀ
ਫੜ ਦੇ ਲਗਾਮ।



ਸੰਤੋਖ ਸਿੰਘ ਧੀਰ
(ਜਨਮ ਦਿਨ 2 ਦਸੰਬਰ 1920)

ਮੁੱਖ ਪੰਨੇ ਦੀ ਤਸਵੀਰ

ਕਲਾ ਤੇ ਕਿਰਤ ਦੀ ਸਾਂਝ ਦਾ ਮੁਜੱਸਮਾ : ਯੂ. ਆਰ. ਅਨੰਥਮੂਰਤੀ

ਕੰਨੜ ਦੇ ਗਿਆਨਪੀਠ ਐਵਾਰਡ ਜੇਤੂ, ਆਲੋਚਕ ਤੇ ਤਰਕਸ਼ੀਲ ਵਿਦਵਾਨ, ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ ਦੇ ਚੇਅਰਮੈਨ ਜਿਹੜੇ 1993 ਵਿੱਚ ਸਾਹਿਤ ਅਕੈਡਮੀ ਦੇ ਪ੍ਰਧਾਨ ਚੁਣੇ ਗਏ। ਉਹ ਜੇ. ਐੱਨ. ਯੂ. ਦਿੱਲੀ ਸਮੇਤ ਕਈ ਪ੍ਰਸਿੱਧ ਯੂਨੀਵਰਸਿਟੀਆਂ ਦੇ ਵਿਜ਼ਟਰ ਪ੍ਰੋਫੈਸਰ ਰਹੇ। ਜਿਨ੍ਹਾਂ ਫਿਲਮ ਅਤੇ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ ਦੇ ਚੇਅਰਮੈਨ ਵਜੋਂ ਸੇਵਾ ਨਿਭਾਈ। ਉਹ ਹਮੇਸ਼ਾਂ ਫਿਰਕਾਪ੍ਰਸਤ ਤਾਕਤਾਂ ਦੇ ਖਿਲਾਫ ਲਿਖਦੇ ਤੇ ਬੋਲਦੇ ਰਹੇ। ਜਿਸ ਸਦਕਾ ਫਿਰਕੂ ਤਾਕਤਾਂ ਨੇ ਉਨ੍ਹਾਂ ਦੇ ਸਦੀਵੀਂ ਵਿਛੋੜੇ 'ਤੇ ਵੀ ਖੁਸ਼ੀ ਮਨਾਈ। ਕਲਮ ਦੇ ਇਸ ਨਾਇਕ ਨੂੰ ਪ੍ਰਣਾਮ।

ਨਰਕ ਦੇ ਡਰ ਨੇ ਮਾਨਵਤਾ ਦੇ ਏਨੇ ਹੰਝੂ ਵਹਾਏ ਹਨ ਕਿ ਉਨ੍ਹਾਂ ਨੂੰ ਸਾਰੇ ਸਮੁੰਦਰ ਵੀ ਨਹੀਂ ਸਾਂਭ ਸਕਦੇ ...ਲਾਲਾ ਹਰਦਿਆਲ

ਮੁੱਖ ਸੰਪਾਦਕ

ਬਲਬੀਰ ਲੌਂਗੋਵਾਲ
98153-17028
balbirchand1966@gmail.com

ਸੰਪਾਦਕੀ ਮੰਡਲ

ਰਾਮ ਸਵਰਨ ਲੱਖੇਵਾਲੀ
94173-62085
ramswarn@gmail.com

ਜਸਵੰਤ ਮੋਹਾਲੀ
98555-30721
jaswant_mohali@rediffmail.com

ਪਾਲ ਬਾਗਪੁਰ
94173-13738

ਜਸਵੰਤ ਜੀਰਖ
98151-69825
jaswantzirakh@gmail.com

-: ਮੁੱਖ ਪ੍ਰਬੰਧਕ :-
ਸੁਖਵਿੰਦਰ ਬਾਗਪੁਰ, 94174-27538
appuartpress@gmail.com

ਵਿਦੇਸ਼ੀ ਪ੍ਰਤੀਨਿਧ :
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ.ਕੇ.)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਚੰਦਾ
ਸਲਾਨਾ : 100/- ਰੁਪਏ
ਵਿਦੇਸ਼ : 25 ਯੂ.ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ: 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ,
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ: 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ (ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ (ਬਰਨਾਲਾ) ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਗ਼ਦਰ ਪਾਰਟੀ (ਹਿੰਦੀ ਐਸੋਸੀਏਸ਼ਨ ਆਫ਼ ਪੈਸਫ਼ਿਕ ਕੋਸਟ), ਜਿਸਦਾ ਗਠਨ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਗੁਲਾਮੀ ਅਤੇ ਨਾ-ਬਰਾਬਰੀ ਦਾ ਅਹਿਸਾਸ ਕਰਨ ਵਾਲੇ ਭਾਰਤੀਆਂ ਵੱਲੋਂ ਉਤਰੀ ਅਮਰੀਕਾ ਵਿੱਚ ਕੀਤਾ ਗਿਆ, ਪਹਿਲੀ ਅਜਿਹੀ ਰਾਜਨੀਤਕ ਪਾਰਟੀ ਸੀ ਜਿਸਦਾ ਮਨੋਰਥ ਹਥਿਆਰਬੰਦ ਇਨਕਲਾਬ ਨਾਲ ਬਰਤਾਨਵੀ ਗੁਲਾਮੀ ਤੋਂ ਭਾਰਤ ਨੂੰ ਆਜ਼ਾਦ ਕਰਵਾ ਕੇ ਆਜ਼ਾਦੀ ਅਤੇ ਬਰਾਬਰ ਦੀਆਂ ਬੁਨਿਆਦਾਂ 'ਤੇ ਗੈਰ-ਫਿਰਕੂ ਜਮਹੂਰੀ ਰਾਜ ਕਾਇਮ ਕਰਨਾ ਸੀ। ਸੈਂਕੜੇ ਹੀ ਗ਼ਦਰੀਆਂ ਵੱਲੋਂ ਆਪਣੇ ਇਸ ਮਹਾਨ ਉਦੇਸ਼ ਦੀ ਪ੍ਰਾਪਤੀ ਲਈ ਫਾਂਸੀਆਂ ਜਾਂ ਗੋਲੀਆਂ ਨਾਲ ਸ਼ਹਾਦਤਾਂ, ਉਮਰ ਕੈਦਾਂ, ਜਲਾਵਤਨੀਆਂ ਕੱਟਣ ਆਦਿ ਰੂਪਾਂ ਵਿੱਚ ਕੁਰਬਾਨੀਆਂ ਦਿੱਤੀਆਂ ਗਈਆਂ। ਗ਼ਦਰੀਆਂ ਤੋਂ ਪ੍ਰੇਰਣਾ ਲੈ ਕੇ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਲੁਟੇਰੀ ਅੰਗਰੇਜ ਹਕੂਮਤ ਨੂੰ ਖਤਮ ਕਰਕੇ ਲੁੱਟ ਰਹਿਤ ਸਮਾਨਤਾ 'ਤੇ ਆਧਾਰਿਤ ਸਮਾਜ ਦੀ ਸਿਰਜਣਾ ਲਈ ਜੰਗ-ਏ-ਆਜ਼ਾਦੀ ਵਿੱਚ ਕੁੱਦੇ ਅਤੇ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ। ਏਡੀ ਭਾਰੀ ਕੀਮਤ ਅਦਾ ਕਰਕੇ ਪ੍ਰਾਪਤ ਅਖੌਤੀ ਆਜ਼ਾਦੀ ਅੱਜ ਸਾਡੇ ਸਾਹਮਣੇ ਹੈ। ਸਮਝੌਤੇ ਦੇ ਰੂਪ ਵਿੱਚ ਉਹ ਕੁੱਝ ਵਾਪਰਿਆ ਜਿਸ ਬਾਰੇ ਸਾਡੇ ਉਸ ਮਹਾਨ ਸ਼ਹੀਦ ਨੇ ਪਹਿਲਾਂ ਹੀ ਆਖ ਦਿੱਤਾ ਸੀ। ਮਿਹਨਤਕਸ਼ ਲੋਕ ਰੋਟੀ ਤੋਂ ਵੀ ਆਤੁਰ ਹਨ, ਸਰਮਾਏਦਾਰ ਹਰ ਚੜ੍ਹਦੇ ਦਿਨ ਮਾਲਾਮਾਲ ਹੋ ਰਹੇ ਹਨ। ਧਨਾਢਾਂ, ਕਾਰਪੋਰੇਟਾਂ ਦੀਆਂ ਜਰਖਰੀਦ ਭਾਰਤੀ ਸਰਕਾਰਾਂ ਆਪਣੇ ਮਾਲਕਾਂ ਅੱਗੇ ਗੋਡੇ ਹੀ ਨਹੀਂ ਟੇਕ ਰਹੀਆਂ ਸਗੋਂ ਲੰਮੀਆਂ ਪੈ ਰਹੀਆਂ ਹਨ। ਕੁੱਝ ਦਹਾਕਿਆਂ ਤੋਂ ਦਬਵੀ ਸੁਰ ਵਿੱਚ ਸੂਖਮਤਾ ਨਾਲ ਗੱਲ ਕਰਨ ਅਤੇ ਕਾਰਜ ਕਰਨ ਵਾਲੇ ਫਾਸ਼ੀਵਾਦੀਆਂ ਵੱਲੋਂ ਹੁਣ ਰਾਜ ਸੱਤਾ ਤੇ ਕਾਬਜ਼ ਹੋ ਕੇ ਉੱਚੀ ਸੁਰ ਵਿੱਚ ਤੇਜ ਕਦਮਾਂ ਨਾਲ ਆਪਣਾ ਵਿਸਥਾਰ ਕੀਤਾ ਜਾ ਰਿਹਾ ਹੈ। ਆਪਣੇ ਵਿਰੋਧੀ ਲੋਕ ਪੱਖੀ ਵਿਚਾਰਾਂ ਵਾਲੇ ਸੰਗਠਨਾਂ, ਵਿਅਕਤੀਆਂ ਨੂੰ ਲਗਾਤਾਰ ਡਰਾਇਆ-ਧਮਕਾਇਆ ਜਾ ਰਿਹਾ, ਹਮਲੇ ਕੀਤੇ ਜਾ ਰਹੇ ਹਨ। ਹਿੰਦੂਤਵੀ ਫਾਸ਼ੀਵਾਦ ਦੇ ਕੱਟੜ ਵਿਰੋਧੀ ਗਿਆਨਪੀਠ ਅਤੇ ਪਦਮ ਭੂਸ਼ਣ ਐਵਾਰਡ ਪ੍ਰਾਪਤ ਉੱਘੇ ਕੰਨੜ ਲੇਖਕ ਯੂ.ਆਰ. ਅਨੰਤਮੂਰਤੀ ਦੀ ਮੌਤ 'ਤੇ ਮੰਗਲੌਰ ਅਤੇ ਚਿਕਮੰਗਲੂਰ ਵਿੱਚ ਭਾਜਪਾ ਅਤੇ ਹਿੰਦੂ ਜਾਗਰਣ ਵੈਦਿਕ ਦੇ ਵਰਕਰਾਂ ਵੱਲੋਂ ਖੁਸ਼ੀ ਵਿੱਚ ਕੀਤੀ ਗਈ ਆਤਿਸ਼ਬਾਜੀ ਇਹਨਾਂ ਤਾਕਤਾਂ ਦੇ ਬੁਲੰਦ ਹੌਂਸਲਿਆਂ ਅਤੇ ਸੋਚ ਦੇ ਦੀਵਾਲੀਪੁਣੇ ਨੂੰ ਸਾਡੇ ਸਾਹਮਣੇ ਪ੍ਰਗਟ ਕਰਦੀ ਹੈ। ਕਿਰਤ ਕਾਨੂੰਨਾਂ ਵਿੱਚ ਕਿਰਤ ਮਾਰੂ ਸੋਧਾਂ, ਵਿਸ਼ਵੀਕਰਨ-ਉਦਾਰੀਕਰਨ-ਨਿਜੀਕਰਨ ਦੀਆਂ ਸਾਮਰਾਜੀ ਨੀਤੀਆਂ ਨੂੰ ਪਹਿਲੀਆਂ ਸਰਕਾਰਾਂ ਨਾਲੋਂ ਵੀ ਵੱਧ ਧੜੱਲੇ ਨਾਲ ਲਾਗੂ ਕਰਨਾ, ਸਿੱਖਿਆ ਦਾ ਭਗਵਾਕਰਨ, ਭਾਰਤੀ ਇਤਿਹਾਸ ਖੋਜ ਪ੍ਰੀਸ਼ਦ ਰਾਹੀਂ ਇਤਿਹਾਸ ਨਾਲ ਤੋੜ-ਮਰੋੜ ਆਦਿ ਗੰਭੀਰ ਮਸਲੇ, ਅੱਜ ਲੋਕ ਪੱਖੀ ਤਾਕਤਾਂ ਲਈ ਵੱਡੀ ਚੁਣੌਤੀ ਹਨ। ਆਓ ਗ਼ਦਰੀਆਂ ਦੇ ਮਿਸ਼ਨ ਨੂੰ ਹੋਰ ਅੱਗੇ ਵਧਾਉਂਦੇ ਹੋਏ ਲੋਕਾਂ ਨੂੰ ਵੱਡੇ ਪੱਧਰ ਤੇ ਇਹ ਸੁਚੇਤ ਕਰਨ ਦਾ ਅਹਿਦ ਲਈਏ ਕਿ ਉਹਨਾਂ ਦੀਆਂ ਸਮੱਸਿਆਵਾਂ ਦਾ ਕਾਰਣ 'ਮਾੜੀ ਕਿਸਮਤ' ਨਹੀਂ ਸਗੋਂ ਇਹ ਲੁਟੇਰਾ ਰਾਜ ਪ੍ਰਬੰਧ ਹੈ।

ਮੇਰਾ ਖੋਜ ਕਾਰਜ ਲੋਕਾਈ ਨੂੰ ਦੇਸ਼ ਭਗਤਾਂ ਨਾਲ ਜੋੜਦਾ ਹੈ



ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ

ਚੰਡੀਗੜ੍ਹ ਦੀ ਕੁੱਖ 'ਚ ਵਸੇ ਪਿੰਡ ਸਕੇਤੜੀ ਵਿਖੇ ਕੁਦਰਤ ਦੀ ਗੋਦ ਵਰਗੇ ਘਰ 'ਚ ਵਾਸ ਕਰਦੇ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਗਦਰੀ ਬਾਬਿਆਂ ਦੇ ਮੁਨਸ਼ੀ ਹਨ। ਕੁਝ ਮਹੀਨੇ ਪਹਿਲਾਂ ਜਦ ਉਨ੍ਹਾਂ ਨੂੰ ਮਿਲਣ ਦਾ ਸਬੱਬ ਬਣਿਆ ਤਾਂ ਪਹਿਲਾ ਪ੍ਰਭਾਵ ਹੀ ਕਲਾਤਮਕ ਸੀ। ਉਹ ਸਾਨੂੰ ਅਪਣੱਤ ਨਾਲ ਮਿਲੇ। 84 ਸਾਲਾਂ ਦੀ ਉਮਰ 'ਚ ਵੀ ਉਨ੍ਹਾਂ ਵਿਚ ਨੌਜਵਾਨਾਂ ਵਾਲਾ ਜੋਸ਼ ਤੇ ਆਪਣੇ ਕੰਮ ਪ੍ਰਤੀ ਲਗਨ ਨੇ ਸਾਨੂੰ ਕਾਇਲ ਕੀਤਾ। ਉਨ੍ਹਾਂ ਦਾ ਘਰ ਗਦਰੀ ਬਾਬਿਆਂ, ਇਨਕਲਾਬੀਆਂ ਤੇ ਦੇਸ਼ ਭਗਤਾਂ ਦੇ ਦਸਤਾਵੇਜ਼ਾਂ ਨਾਲ ਭਰਿਆ ਪਿਆ ਹੈ। ਉਨ੍ਹਾਂ 'ਚ ਗੁਰਸ਼ਰਨ ਭਾਅ ਜੀ ਵਰਗਾ ਸਿਦਕ ਹੈ। ਉਨ੍ਹਾਂ ਦੇ ਬੋਲਾਂ 'ਚੋਂ ਮੈਨੂੰ ਭਾਅ ਜੀ ਦੀ ਝਲਕ ਹੀ ਮਿਲੀ। ਚਾਰ ਦਹਾਕਿਆਂ ਤੱਕ ਆਪਣੇ ਕੰਮ 'ਚ ਜੁਟੇ ਰਹਿਣਾ, ਜਨੂੰਨ ਦੀ ਹੱਦ ਤੱਕ ਲਗਨ, ਮਿਸ਼ਨ ਨੂੰ ਜ਼ਿੰਦਗੀ ਨਾਲ ਇੱਕ-ਮਿਕ ਕਰ ਲੈਣਾ ਕਿਸੇ ਸਿਦਕਵਾਨ ਖੋਜੀ ਦਾ ਕੰਮ ਹੀ ਹੋ ਸਕਦਾ ਹੈ। ਉਹ ਉਚੇਰੇ ਆਦਰਸ਼ਾਂ ਲਈ ਕੁਰਬਾਨ ਹੋਏ ਨਾਇਕਾਂ ਦੀਆਂ ਜੀਵਨੀਆਂ ਤੇ ਜ਼ਿੰਦਗੀ ਨਾਲ ਜੁੜੀਆਂ ਘਟਨਾਵਾਂ ਦੇ ਸੁਹਜ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਅਹਿਮ ਕਾਰਜ ਕਰ ਰਹੇ ਹਨ। ਉਨ੍ਹਾਂ ਦੇ ਇਸ ਕਾਰਜ ਤੇ ਗਦਰੀ ਸੂਰਬੀਰਾਂ ਨਾਲ ਬਿਤਾਏ ਪਲਾਂ ਦਾ ਅਸਰ ਸਾਫ ਦਿਸਦਾ ਹੈ। ਖੋਜੀ ਬਿਰਤੀ ਤੇ ਸੱਚੀ ਲਗਨ ਵਾਲੀ ਇਸ ਅਜ਼ੀਮ ਸਖ਼ਸ਼ੀਅਤ ਨਾਲ ਬਿਤਾਏ ਪਲਾਂ ਤੇ ਅਧਾਰਤ ਮੁਲਾਕਾਤ ਦਾ ਇਹ ਰੂਪ ਆਪਣੇ ਸੂਝਵਾਨ ਪਾਠਕਾਂ ਲਈ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

ਅਦਾਰਾ 'ਤਰਕਸ਼ੀਲ'

? ਪ੍ਰੋ. ਸਾਹਿਬ ਪਹਿਲਾਂ ਆਪਣੀ ਪੜ੍ਹਾਈ ਤੇ ਕਿੱਤੇ ਬਾਰੇ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰੋ।

ਮੇਰਾ ਜਨਮ 21 ਨਵੰਬਰ 1929 ਨੂੰ ਜਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਦੇ ਪਿੰਡ ਲੱਧੇਵਾਲਾ ਵੜੈਚ ਵਿਖੇ ਮੇਜਰ ਸੂਬੇਦਾਰ ਭਾਗ ਸਿੰਘ ਦੇ ਘਰ ਹੋਇਆ। ਮੈਂ ਅੰਗਰੇਜੀ, ਇਤਿਹਾਸ, ਰਾਜਨੀਤੀ ਵਿਗਿਆਨ, ਅਰਥ ਸ਼ਾਸ਼ਤਰ ਤੇ ਸਮਾਜ ਸ਼ਾਸ਼ਤਰ ਵਿੱਚ ਐੱਮ. ਏ. ਦੀਆਂ ਡਿਗਰੀਆਂ ਹਾਸਲ ਕੀਤੀਆਂ ਹਨ। 30 ਸਾਲ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ 'ਚ ਪੜ੍ਹਾਉਣ ਉਪਰੰਤ ਨਵੰਬਰ 1989 'ਚ ਸਰਕਾਰੀ ਸੇਵਾ ਤੋਂ ਮੁਕਤ ਹੋਇਆ। ਸੇਵਾ ਮੁਕਤੀ ਉਪਰੰਤ ਐਲ. ਐਲ. ਬੀ ਕਰਕੇ ਪੰਜਾਬ ਤੇ ਹਰਿਆਣਾ ਕੋਰਟ ਵਿਚ ਹੁਣ ਤੱਕ ਵਕਾਲਤ ਵੀ ਜਾਰੀ ਹੈ।

? ਬਿਨਾਂ ਸ਼ੱਕ ਤੁਸੀਂ ਅਹਿਮ ਇਤਿਹਾਸਕ ਕਾਰਜ ਕਰ ਰਹੇ ਹੋ। ਤੁਸੀਂ ਇਸ ਕਾਰਜ ਨਾਲ ਕਦ ਜੁੜੇ।

ਜਿੱਥੋਂ ਤੱਕ ਖੋਜ ਦਾ ਤੁਆਲੁਕ ਹੈ, ਮੈਂ ਤਾਂ ਇਹ ਆਪਣਾ ਕੰਮ ਕਰਦਾ ਹਾਂ, ਆਪਣੇ ਆਪ ਦੀ ਖੋਜ ਦਾ ਕਾਰਜ। ਜਿੱਥੋਂ ਤੱਕ ਇਸ ਕਾਰਜ ਨਾਲ ਜੁੜਨ ਦਾ ਸਵਾਲ ਹੈ, ਇਹ 1963-64 ਦੇ ਵਕਤਾਂ ਦੀ ਗੱਲ ਹੈ ਜਦ ਗਦਰ ਪਾਰਟੀ ਦੇ ਗੋਲਡਨ ਜੁਬਲੀ ਸਮਾਰੋਹ ਮਨਾਏ ਗਏ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ 'ਚ ਜਲੰਧਰ ਵਿਖੇ ਹੋਏ ਇਨ੍ਹਾਂ ਸਮਾਰੋਹਾਂ ਵਿਚ ਸ਼ਹੀਦ ਭਗਤ ਸਿੰਘ ਦੇ ਭਾਣਜੇ ਜਗਮੋਹਨ ਸਿੰਘ ਸ਼ਿਰਕਤ ਕਰਕੇ ਆਏ ਸਨ। ਉਹ ਗਦਰੀ ਬਾਬਾ ਸੋਹਨ ਸਿੰਘ ਭਕਨਾ ਜੀ ਦੀ ਤਕਰੀਰ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਮੈਨੂੰ ਦੱਸਿਆ ਕਿ ਬਾਬਾ ਭਕਨਾ ਜੀ ਨੇ ਨੌਜਵਾਨਾਂ ਦੇ ਨਾਂ ਇੱਕ ਸੁਨੇਹੇ 'ਚ ਆਖਿਆ ਹੈ ਕਿ ਮੈਂ ਹੁਣ 93 ਸਾਲਾਂ ਦਾ ਹੋ ਗਿਆ ਹਾਂ। ਹੁਣ ਤੱਕ ਮੈਂ ਤੁਹਾਡਾ ਵਿਰਸਾ ਸੰਭਾਲ ਕੇ ਰੱਖਿਆ ਹੈ। ਤੁਸੀਂ ਆ ਕੇ ਲੈ ਜਾਓ। ਜਿਨਾ ਚਿਰ ਤੁਸੀਂ ਨਹੀਂ ਲੈ ਕੇ ਜਾਂਦੇ ਉਨ੍ਹਾਂ ਚਿਰ ਮੈਂ ਇਸ ਦੁਨੀਆਂ ਤੋਂ ਜਾਵਾਂਗਾ ਵੀ ਨਹੀਂ। ਪ੍ਰੋ. ਜਗਮੋਹਨ ਬਾਬਾ ਭਕਨਾ ਜੀ ਦੇ ਜੋਸ਼ ਤੇ ਸਿਦਕਦਿਲੀ ਤੋਂ ਵੀ ਬਹੁਤ ਪ੍ਰਭਾਵਿਤ ਹੋਏ ਤੇ ਕਹਿਣ ਲੱਗੇ,'ਜਿਸ ਦੇਸ਼ ਭਗਤ 'ਚ ਅੱਜ ਏਨਾ ਜੋਸ਼ ਹੈ ਉਸ 'ਚ ਆਪਣੀ ਜਵਾਨੀ ਵੇਲੇ ਜੋਸ਼, ਦੇਸ਼ ਭਗਤੀ ਦੀ ਲਗਨ ਦੀ ਬੁਲੰਦੀ ਦਾ ਅੰਦਾਜ਼ਾ ਸਹਿਜੇ ਹੀ ਲਗਦਾ ਹੈ। ਇਸ ਘਟਨਾ ਤੋਂ ਬਾਅਦ ਮੇਰਾ ਬਾਬਾ ਸੋਹਣ ਸਿੰਘ ਭਕਨਾ ਜੀ ਨਾਲ ਰਾਬਤਾ ਹੋਇਆ।

? ਬਾਬਾ ਭਕਨਾ ਜੀ ਨਾਲ ਰਾਬਤੇ ਦਾ ਸਬੱਬ।

ਸਬੱਬ ਤਾਂ ਇਹੋ ਸੀ ਕਿ ਉਨ੍ਹਾਂ ਸਾਂਭ ਕੇ ਰੱਖਿਆ ਵਿਰਸਾ ਨੌਜਵਾਨਾਂ ਨੂੰ ਦੇਣ ਦਾ ਸੁਨੇਹਾ ਲਾਇਆ ਤਾਂ ਮੈਂ ਸੋਚ ਰਿਹਾ ਸਾਂ ਕਿ ਪਤਾ ਨਹੀਂ ਕਿੰਨੇ ਨੌਜਵਾਨ ਉਨ੍ਹਾਂ ਕੋਲ ਗਏ

ਹੋਣਗੇ। ਪਰ ਜਦ ਮੈਂ 6 ਜੂਨ 1966 ਨੂੰ ਉਨ੍ਹਾਂ ਪਾਸ ਗਿਆ ਤਾਂ ਪਤਾ ਲੱਗਾ ਕਿ ਜਾਣ ਵਾਲਾ ਮੈਂ ਪਹਿਲਾ ਹੀ ਸਾਂ। ਮੈਂ ਉਸ ਮਹਾਨ ਸ਼ਖ਼ਸ਼ੀਅਤ ਦੀ ਸਾਦਗੀ ਤੇ ਨਿਮਰਤਾ ਤੋਂ ਬਹੁਤ ਪ੍ਰਭਾਵਿਤ ਹੋਇਆ। ਉਨ੍ਹਾਂ ਕਿਹਾ ਕਿ ਮੈਨੂੰ ਅਜਿਹੇ ਨੌਜਵਾਨ ਦੇ ਸਾਥ ਦੀ ਜਰੂਰਤ ਹੈ ਜਿਹੜਾ ਗਦਰ ਲਹਿਰ ਦੇ ਦਸਤਾਵੇਜਾਂ ਬਾਰੇ ਲਿਖੇ ਤੇ ਨਾਲ ਹੀ ਇਹ ਵੀ ਦੱਸੇ ਕਿ ਜਿਸ ਦਿਸ਼ਾ ਵਿਚ ਲਿਖਿਆ ਜਾ ਰਿਹਾ ਹੈ, ਉਹ ਵੀ ਠੀਕ ਹੈ। ਮੈਂ ਉਦੋਂ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਵਿਖੇ ਪ੍ਰੋਫੈਸਰ ਸਾਂ। ਮੈਂ ਆਪਣੇ ਬਾਰੇ ਦੱਸਿਆ ਤਾਂ ਬਾਬਾ ਜੀ ਕਹਿਣ ਲੱਗੇ ਕਿ ਅੱਜ ਤੋਂ ਤੁਸੀਂ ਮੇਰੇ ਪ੍ਰੋਫੈਸਰ ਹੋ। ਚੰਗੀ ਗੱਲ ਇਹ ਹੋਈ ਕਿ ਮੈਂ ਵੀ ਉਰਦੂ ਪੜ੍ਹਿਆ ਸਾਂ ਤੇ ਬਾਬਾ ਭਕਨਾ ਜੀ ਉਰਦੂ ਵਿਚ ਲਿਖਦੇ ਸਨ।ਮੈਂ ਉਨ੍ਹਾਂ ਦੀਆਂ ਲਿਖਤਾਂ ਦਾ ਗੁਰਮੁਖੀ ਵਿਚ ਉਲੱਥਾ ਕਰ ਦਿਆ ਕਰਦਾ ਸਾਂ।



ਸ਼ਹੀਦ ਭਗਤ ਸਿੰਘ ਦੀ ਮਾਤਾ ਵਿੱਦਿਆਵਤੀ ਨਾਲ ਪ੍ਰੋ. ਵੜੈਚ ਦੀ ਯਾਦਗਾਰੀ ਤਸਵੀਰ

? ਤੁਹਾਡੇ ਇਸ ਸਫ਼ਰ ਦੀ ਸ਼ੁਰੂਆਤ ਕਿੰਜ ਹੋਈ।

ਬਾਬਾ ਜੀ ਨੇ ਜਿਹੜਾ ਪਹਿਲਾ ਹੱਥ ਪਰਚਾ ਲਿਖਿਆ ਉਸਦਾ ਨਾਂ ਸੀ ਦੁੱਖ। ਮੈਂ ਉਸਦਾ ਉਲੱਥਾ ਕੀਤਾ। ਇਹ ਸ਼ੁਰੂਆਤ ਹੌਲੀ ਹੌਲੀ ਇੱਕ ਲੰਬੇ ਖੋਜ ਕਾਰਜ ਵਿਚ ਤਬਦੀਲ ਹੋ ਗਈ। ਕੁਝ ਲਿਖਤਾਂ ਉਨ੍ਹਾਂ ਨੇ ਲਿਖੀਆਂ ਹੋਈਆਂ ਸਨ ਤੇ ਕੁਝ ਲਿਖਵਾਈਆਂ। ਫਿਰ ਮੈਂ ਪ੍ਰੋ. ਜਗਮੋਹਨ, ਰਾਜਿੰਦਰ ਤੇ ਹੋਰਨਾਂ ਸਨੇਹੀਆਂ ਨੇ ਮਿਲ ਕੇ ਯੁਵਕ ਕੇਂਦਰ ਦੀ ਸਥਾਪਨਾ ਕੀਤੀ ਤੇ ਕੌਮੀ ਲਹਿਰ ਨਾਂ ਦਾ ਪਰਚਾ ਕੱਢਿਆ। ਬਾਬਾ ਭਕਨਾ ਜੀ ਤੇ ਹੋਰਨਾਂ ਦੇਸ਼ ਭਗਤਾਂ ਦੀਆਂ ਲਿਖਤਾਂ ਇਸ ਵਿਚ ਛਾਪਣ ਲੱਗੇ। ਮੈਨੂੰ ਯਾਦ ਹੈ ਕਿ ਅਸੀਂ ਦੇਸ਼ ਭਗਤਾਂ ਦੀਆਂ ਮੂਲ ਲਿਖਤਾਂ ਛਾਪ ਕੇ ਦਸ-ਦਸ ਪੰਦਰਾਂ-ਪੰਦਰਾਂ ਪੈਸਿਆਂ 'ਚ ਮੇਲਿਆਂ, ਕਾਲਜਾਂ ਤੇ ਹੋਰਨਾਂ ਸਮਾਰੋਹਾਂ 'ਚ ਜਾ ਕੇ ਵੇਚਦੇ। ਇਹ ਗੱਲ ਵੀ ਮੈਂ ਫ਼ਖ਼ਰ ਨਾਲ ਕਹਿ ਸਕਨਾਂ ਕਿ ਸ਼ਹੀਦ ਭਗਤ ਸਿੰਘ ਦੀਆਂ ਮੂਲ ਲਿਖਤਾਂ ਨੂੰ ਛਾਪਣ ਦਾ ਮਾਣ ਵੀ ਸਾਨੂੰ ਹੀ ਹਾਸਲ ਹੋਇਆ। ਭਗਤ ਸਿੰਘ ਹੁਰਾਂ ਦੇ ਸਾਥੀ ਸ਼ਿਵ ਵਰਮਾ ਨੇ ਜਦ ਪਹਿਲੀ ਵਾਰ 1968 ਵਿਚ 'ਯਾਦਾਂ' ਪੁਸਤਕ ਲਿਖੀ ਤਾਂ ਇਸੇ ਪੁਸਤਕ 'ਤੇ ਅਧਾਰਤ ਅਸੀਂ ਯੁਵਕ ਕੇਂਦਰ ਵੱਲੋਂ ਤਿੰਨ ਪੈਂਫਲਿਟ 'ਜੋ ਸਤਲੁਜ ਕੰਢੇ ਸੜ ਗਏ' ਛਾਪੇ ਤੇ ਵੱਡੀ ਗਿਣਤੀ ਵਿਚ ਵੰਡੇ। ਇਹ ਪੈਂਫਲਿਟ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਬਾਰੇ ਸਨ। ਲੇਖਣ ਕਾਰਜ ਕਰਦਿਆਂ ਬਾਬਾ ਜੀ ਜਦ ਵੀ ਮੈਨੂੰ ਬੁਲਾਉਂਦੇ ਮੈਂ ਲੁਧਿਆਣੇ ਤੋਂ ਸਾਇਕਲ 'ਤੇ ਉਨ੍ਹਾਂ ਦੇ ਪਿੰਡ ਭਕਨੇ ਜਾਂਦਾ ਤੇ ਇੱਕ ਰਾਤ ਲਾ ਕੇ ਦਿੱਤਾ ਕੰਮ ਕਾਰ ਪੂਰਾ ਕਰਕੇ ਪਰਤਦਾ।

? ਤੁਹਾਡੇ ਇਸ ਮਹੱਤਵ ਪੂਰਨ ਕਾਰਜ ਦੇ ਪ੍ਰੇਰਨਾ ਸਰੋਤ ਕੌਣ ਸਨ ਤੇ ਇਸ ਸਫ਼ਰ ਦੇ ਸੁਨਹਿਰੀ ਪਲ ਕਿਹੜੇ ਹਨ।

ਮੈਨੂੰ ਇਸ ਰਾਹ ਤੋਰਨ ਵਾਲੇ ਗਦਰੀ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ ਜੀ ਹੀ ਹਨ। ਉਨ੍ਹਾਂ ਦੀ ਕੁਰਬਾਨੀ, ਸਿਦਕ, ਸੋਚ ਤੇ ਲਗਨ ਹੀ ਮੇਰੀ ਪ੍ਰੇਰਨਾ ਬਣੀ। ਉਨ੍ਹਾਂ ਦੇ ਹੁੰਦਿਆਂ ਉਨ੍ਹਾਂ ਨਾਲ ਬਿਤਾਏ ਪਲ ਤੇ ਉਨ੍ਹਾਂ ਦੀ ਹਾਜ਼ਰੀ 'ਚ ਲਿਖੀਆਂ ਲਿਖਤਾਂ ਮੇਰੇ ਇਸ ਸਫ਼ਰ ਦੇ ਯਾਦਗਾਰੀ ਤੇ ਸੁਨਹਿਰੀ ਪਲ ਹਨ। ਮੇਰੇ ਗਦਰੀ ਬਾਬਿਆਂ ਬਾਬਾ ਪਾਲਾ ਸਿੰਘ, ਹਰੀ ਸਿੰਘ ਉਸਮਾਨ ਤੇ ਭਕਨਾ ਜੀ ਨਾਲ ਬਿਤਾਏ ਪਲ ਵੀ ਅਜਿਹੇ ਪਲਾਂ 'ਚ ਸ਼ਾਮਲ ਹਨ। ਮੈਂ ਉਨ੍ਹਾਂ ਦੀ ਸੰਗਤ ਮਾਣੀ ਜਿਸ 'ਚੋਂ ਮੈਨੂੰ ਨਿੱਘ ਮਿਲਦੀ ਸੀ। ਮੇਰੀ ਜਾਚੇ ਉਹ ਅਸਲ ਇਨਕਲਾਬੀ ਸਨ ਜਿਹੜੇ ਰੋਜ਼ੀ ਕਮਾਉਣ ਗਏ ਗਦਰੀ ਹੋ ਗਏ। ਉਸੇ ਪ੍ਰੇਰਨਾ ਦੇ ਬਲ ਨਾਲ ਹੀ ਮੈਂ ਅੱਜ ਤੱਕ ਇਸੇ ਰਾਹ ਸਾਬਤ ਕਦਮੀਂ ਤੁਰ ਰਿਹਾ ਹਾਂ। ਇੱਕ ਗੱਲ ਮੈਂ ਸਪਸ਼ਟ ਕਹਿਣਾ ਚਾਹੁੰਦਾ ਹਾਂ ਕਿ ਮੈਂ ਜੋ ਵੀ ਕਾਰਜ ਕਰ ਰਿਹਾਂ ਹਾਂ, ਉਨ੍ਹਾਂ ਦੀ ਦੇਣ ਹੈ। ਉਨ੍ਹਾਂ ਨਾਇਕਾਂ ਦੇ ਜੀਵਨ ਤੇ ਸੰਘਰਸ਼ ਬਾਰੇ ਲਿਖਣ ਸਮੇਂ ਮੈਂ ਉਨ੍ਹਾਂ ਦੀਆਂ ਲਿਖਤਾਂ ਨੂੰ ਹੀ ਲਿਖਦਾ ਹਾਂ, ਆਪਣੀ ਤਰਫੋਂ ਮੈਂ ਕਦੇ ਕੁਝ ਨਹੀਂ ਲਿਖਿਆ।

? ਤੁਸੀਂ ਦੇਸ਼ ਭਗਤਾਂ ਦੇ ਦਸਤਾਵੇਜ਼ ਕਿਵੇਂ ਪ੍ਰਾਪਤ ਕਰਦੇ ਰਹੇ।

ਮੇਰਾ ਪਹਿਲਾ ਸਰੋਤ ਤਾਂ ਬਾਬਾ ਭਕਨਾ ਜੀ ਹੀ

ਸਨ। ਉਨ੍ਹਾਂ ਕੋਲ ਬਹੁਤ ਸਾਰੇ ਦਸਤਾਵੇਜ਼ ਸਨ। ਜਿਵੇਂ-ਜਿਵੇਂ ਇਸ ਰਾਹ ਤੇ ਤੁਰਿਆ ਤਾਂ ਹੋਰ ਸੰਪਰਕ ਮਿਲਣ ਲੱਗੇ। ਮੈਂ ਦੇਸ਼ ਭਗਤਾਂ ਦੀਆਂ ਜੀਵਨੀਆਂ ਲਿਖੀਆਂ। ਮੈਂ ਇਹ ਵੀ ਦੱਸਣਾ ਚਾਹੁੰਨਾਂ ਕਿ ਗਦਰੀ ਬਾਬਾ ਹਰੀ ਸਿੰਘ ਉਸਮਾਨ ਦੇ ਕਾਗਜ਼ ਪੱਤਰ ਜਦ ਮਿਲੇ ਤਾਂ ਮੈਂ ਉਨ੍ਹਾਂ ਦੀ ਹੱਥ ਲਿਖਤ ਕਾਪੀ ਕੀਤੀ। ਉਨ੍ਹਾਂ ਸਮਿਆਂ 'ਚ ਫੋਟੋ ਸਟੇਟ ਮਸ਼ੀਨ ਨਹੀਂ ਸੀ ਹੁੰਦੀ। ਇਸ ਤਰ੍ਹਾਂ ਅਨੇਕਾਂ ਅਹਿਮ ਦਸਤਾਵੇਜ਼ਾਂ ਨੂੰ ਲਿਖਤਾਂ 'ਚ ਤਬਦੀਲ ਕੀਤਾ। ਰਾਣਾ ਭਗਵਾਨ ਦਾਸ ਜਦ ਪਾਕਿਸਤਾਨ ਤੋਂ ਹਾਈ ਕੋਰਟ ਦੇ ਦਸਤਾਵੇਜ਼ ਲੈ ਕੇ ਆਏ ਤਾਂ ਉਹ ਉਰਦੂ ਵਿਚ ਸਨ। ਮੈਨੂੰ ਮਿਲੇ ਤਾਂ ਉਨ੍ਹਾਂ ਦਸਤਾਵੇਜਾਂ ਤੋਂ ਹੀ ਭਗਤ ਸਿੰਘ ਦੀ ਪਹਿਲੀ ਗ੍ਰਿਫ਼ਤਾਰੀ ਦੀ ਮਿਤੀ ਦਾ ਪਤਾ ਲੱਗਾ।

? ਤੁਹਾਡਾ ਸ਼ਹੀਦ ਭਗਤ ਸਿੰਘ ਦੀ ਮਾਤਾ ਵਿਦਿਆਵਤੀ ਨਾਲ ਕਦ ਮੇਲ ਹੋਇਆ।

ਦੇਸ਼ ਭਗਤਾਂ ਦਾ ਖੋਜ ਕਾਰਜ ਕਰਦਿਆਂ ਮਾਤਾ ਵਿਦਿਆਵਤੀ ਨਾਲ ਰੂਬਰੂ ਹੋਣ ਦਾ ਮੌਕਾ ਮਿਲਿਆ। ਇਹ ਮੇਰੀ ਜ਼ਿੰਦਗੀ ਦੇ ਬਹੁਤ ਮਾਣ-ਮੱਤੇ ਪਲ ਸਨ। ਹੌਲੀ-ਹੌਲੀ ਉਨ੍ਹਾਂ ਨਾਲ ਏਨੀ ਸਾਂਝ ਬਣ ਗਈ ਕਿ ਮੈਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਵਜੋਂ ਹੀ ਵਿਚਰਨ ਲੱਗਾ। ਉਸ ਮਾਂ ਵਿਚ ਹੋਰ ਬਹੁਤ ਅਸਧਾਰਨ ਗੁਣ ਸਨ। ਜਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਚ ਉਸ ਨਾਇਕ ਦਾ ਬੁੱਤ ਲੱਗਣ ਲੱਗਾ ਤਾਂ ਮਾਤਾ ਜੀ ਕਹਿਣ ਲੱਗੇ ਕਿ ਤੁਸੀਂ ਮੇਰੇ ਪੁੱਤਰ ਨੂੰ ਉਸਦੇ ਦੋਸਤਾਂ ਨਾਲੋਂ ਵਿਛੋੜ ਦਿੱਤਾ ਹੈ। ਉਹ ਤਾਂ ਉਨ੍ਹਾਂ ਦੋਸਤਾਂ ਤੋਂ ਬਿਨ੍ਹਾਂ ਸਾਹ ਵੀ ਨਹੀਂ ਸੀ ਲੈਂਦਾ। ਜਦ ਲੁਧਿਆਣੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਬੁੱਤ ਚੌਂਕ 'ਚ ਲੱਗਾ ਤਾਂ ਉਸ ਵਕਤ ਮਾਤਾ ਨੇ ਕਿਹਾ ਇਹ ਠੀਕ ਹੈ। ਇੱਕ ਵਾਰ ਜਦ ਬਾਬਾ ਭਕਨਾ ਜੀ ਤੇ ਮਾਤਾ ਵਿਦਿਆਵਤੀ ਜੀ ਸਾਡੇ ਕਾਲਜ ਆਏ ਤਾਂ ਰਾਤ ਮੇਰੇ ਕੋਲ ਠਹਿਰੇ ਤਾਂ ਬਾਬਾ ਜੀ ਇਹ ਆਖ ਕੇ ਸਤਿਕਾਰ ਜਤਾ ਰਹੇ ਸਨ ਕਿ ਤੁਸੀਂ ਭਗਤ ਸਿਹੁੰ ਦੇ ਮਾਤਾ ਜੀ ਹੋ ਤੇ ਮਾਤਾ ਜੀ ਬਾਬਾ ਜੀ ਨੂੰ ਇਹ ਆਖ ਕੇ ਸਤਿਕਾਰ ਭੇਂਟ ਕਰ ਰਹੇ ਸਨ ਕਿ ਤੁਸੀਂ ਭਗਤ ਸਿਹੁੰ ਦੇ ਬਾਬਾ ਜੀ ਹੋ। ਮਾਤਾ ਜੀ ਅਕਸਰ ਹੀ ਦੱਸਿਆ ਕਰਦੇ ਸਨ ਕਿ ਭਗਤ ਸਿੰਘ ਨੇ ਜਦ ਵੀ ਘਰ ਆਉਣਾ, ਉਸ ਦੀਆਂ ਜੇਬਾਂ ਕਿਤਾਬਾਂ ਨਾਲ ਭਰੀਆਂ ਹੁੰਦੀਆਂ ਸਨ। ਮੇਰੇ ਪੁੱਛਣ ਤੇ ਉਸ ਨੇ ਦੱਸਣਾ ਕਿ ਇਸ ਵਿਚ ਦੇਸ਼ ਭਗਤਾਂ ਦੀਆਂ ਜੀਵਨੀਆਂ ਨਾਲ ਸਬੰਧਤ ਕਿਤਾਬਾਂ ਹਨ। ਉਸ ਦੀ ਜੇਬ ਵਿਚ ਹਮੇਸ਼ਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਤਸਵੀਰ ਹੁੰਦੀ। ਭਗਤ ਸਿੰਘ ਦਾ ਰੋਲ ਮਾਡਲ ਸਰਾਭਾ ਸੀ ਜਿਸਨੂੰ ਉਹ ਆਪਣਾ ਗੁਰੂ ਤੇ ਦੋਸਤ ਆਖਿਆ ਕਰਦਾ ਸੀ।

? ਕਈ ਆਲੋਚਕਾਂ ਦਾ ਕਹਿਣਾ ਹੈ ਕਿ ਕ੍ਰਾਂਤੀਕਾਰੀ ਅੰਦੋਲਨ ਦੇ ਨਾਇਕਾਂ 'ਚ ਭਗਤ ਸਿੰਘ ਦਾ ਜ਼ਿਕਰ ਵੱਧ ਹੁੰਦਾ ਹੈ ਜਦ ਕਿ ਉਸ ਦੇ ਦੂਸਰੇ ਸਾਥੀਆਂ ਦਾ ਨਹੀਂ।

ਆਪਣੀ ਖੋਜ ਦੌਰਾਨ ਮੈਂ ਤਾਂ ਉਨ੍ਹਾਂ ਸੂਰਬੀਰਾਂ ਦਾ ਜ਼ਿਕਰ ਕਰਦਾ ਹਾਂ ਜਿਨ੍ਹਾਂ ਦਾ ਪਹਿਲਾਂ ਕਿਤੇ ਜ਼ਿਕਰ ਹੀ ਨਹੀਂ ਹੋਇਆ। ਉਂਜ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਭਗਤ ਸਿੰਘ ਦੇ ਸਾਥੀਆਂ ਦੇ ਕ੍ਰਾਂਤੀਕਾਰੀ ਅੰਦੋਲਨ 'ਚ ਅਗਵਾਈ ਚੰਦਰ ਸ਼ੇਖਰ ਆਜ਼ਾਦ ਦੀ ਹੁੰਦੀ ਸੀ ਤੇ ਦਿਮਾਗ ਸੁਖਦੇਵ ਦਾ। ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ, ਅਦਾਲਤੀ ਬਿਆਨ ਤੇ ਬੰਬ ਦੀ ਫਿਲਾਸਫੀ ਆਦਿ ਲਿਖਤਾਂ ਨੂੰ ਲਿਖਣ ਵਾਲਾ ਭਗਤ ਸਿੰਘ ਹੀ ਸੀ। ਉਸਨੇ ਗਦਰ ਪਾਰਟੀ ਦੀ ਜੱਜਮੈਂਟ ਪੜ੍ਹੀ ਸੀ। ਉਸਦਾ ਨਜ਼ਰੀਆ ਹਮੇਸ਼ਾਂ ਹਾਂ-ਪੱਖੀ ਹੁੰਦਾ ਸੀ। ਉਹ ਅਵੱਲ ਦਰਜੇ ਦਾ ਬੁੱਧੀਮਾਨ ਸੀ। ਬਹਿਸ ਮੁਬਾਹਸੇ 'ਚ ਉਹ ਕਦੇ ਉੱਚੀ ਨਹੀਂ ਸੀ ਬੋਲਿਆ ਤੇ ਹਮੇਸ਼ਾਂ ਦਲੀਲ ਦਾ ਪੱਲਾ ਫੜੀ ਰਖਦਾ ਸੀ। ਫਨੇਂਦਰ ਘੋਸ਼ ਤੋਂ ਬਿਨ੍ਹਾਂ ਉਸਦੀ ਕਦੇ ਕਿਸੇ ਇਨਕਲਾਬੀ ਸਾਥੀ ਨਾਲ ਰੱਬ ਬਾਰੇ ਬਹਿਸ ਨਹੀਂ ਹੋਈ। ਪਾਕਿਸਤਾਨ ਹਾਈ ਕੋਰਟ ਤੋਂ ਰਾਣਾ ਭਗਵਾਨ ਦਾਸ ਰਾਹੀਂ ਮਿਲੇ ਦਸਤਾਵੇਜਾਂ ਤੋਂ ਇਹ ਪਤਾ ਲੱਗਾ ਹੈ ਕਿ ਕ੍ਰਾਂਤੀਕਾਰੀਆਂ ਵੱਲੋਂ ਆਗਰੇ ਤੋਂ ਸਹਾਰਨਪੁਰ ਤਬਦੀਲ ਕੀਤੀ ਗਈ ਬੰਬ ਬਣਾਉਣ ਦੀ ਫੈਕਟਰੀ 'ਚ 150 ਪੁਸਤਕਾਂ ਦੀ ਲਿਸਟ ਵੀ ਨਾਲ ਨੱਥੀ ਸੀ ਜਿਸ ਤੋਂ ਇਨਕਲਾਬੀਆਂ ਖਾਸ ਕਰਕੇ ਭਗਤ ਸਿੰਘ ਦੀ ਸੂਝ ਤੇ ਵਿਚਾਰਾਂ ਨੂੰ ਸਮਝਿਆ ਜਾ ਸਕਦਾ ਹੈ। ਇਹ ਉਨ੍ਹਾਂ ਆਲੋਚਕਾਂ ਨੂੰ ਵੀ ਸਪਸ਼ਟ ਉੱਤਰ ਹੈ ਜਿਹੜੇ ਇਹ ਲਿਖਦੇ ਹਨ ਕਿ ਭਗਤ ਸਿੰਘ ਆਪਣੇ ਜੇਲ੍ਹ ਜੀਵਨ ਵਿਚ ਹੀ ਪੁਸਤਕਾਂ ਪੜ੍ਹਨ ਲੱਗਾ ਸੀ। ਉਂਜ ਅੰਗਰੇਜ ਹਕੂਮਤ ਨੇ ਸਾਂਡਰਸ ਕੇਸ ਸਬੰਧੀ ਆਪਣੀਆਂ ਜੱਜਮੈਂਟਾਂ 'ਚ ਭਗਤ ਸਿੰਘ ਨੂੰ ਸੀਰੀਅਸ ਰੈਵੋਲੂਸ਼ਨਰੀ ਮੰਨਿਆ ਹੈ।

? ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਕਿਉਂਕਿ ਹਰੇਕ ਸਿਆਸੀ ਪਾਰਟੀ ਉਸਨੂੰ 'ਆਪਣਾ' ਦਸਦੀ ਹੈ।

ਸ਼ਹੀਦ ਭਗਤ ਸਿੰਘ ਦੀ ਅਸੈਬਲੀ ਵਿਚ ਦਿੱਤੀ ਗਈ ਸਟੇਟਮੈਂਟ ਉਸਦੇ ਮਾਰਕਸਵਾਦੀ ਨਜ਼ਰੀਏ ਨੂੰ ਦਰਸਾਉਂਦੀ ਹੈ। ਫਾਂਸੀ ਚੜ੍ਹਨ ਤੋਂ ਪਹਿਲਾਂ ਉਹ ਜੇਲ੍ਹ ਕੋਠੜੀ ਵਿਚ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਮੈਨੂੰ ਯਾਦ ਹੈ ਬਾਬਾ ਭਕਨਾ ਜੀ ਦੇ ਹੁੰਦਿਆਂ ਮਾਤਾ ਵਿਦਿਆਵਤੀ ਜੀ ਤੇ ਬਾਬਾ ਜੀ ਨੇ ਨੌਜਵਾਨਾਂ ਦੇ ਨਾਂ ਲਿਖੇ ਇੱਕ ਸੁਨੇਹੇ 'ਚ ਭਗਤ ਸਿੰਘ ਦੇ ਵਿਚਾਰਾਂ ਨੂੰ ਪੜ੍ਹ ਕੇ ਆਪਣੇ ਵਿਚਾਰ ਬਣਾਉਣ ਦਾ ਸੱਦਾ ਦਿੱਤਾ ਸੀ। ਮਾਤਾ ਵਿਦਿਆਵਤੀ ਜੀ ਸਪਸ਼ਟ ਕਿਹਾ ਕਰਦੇ

ਸਨ ਕਿ ਭਗਤ ਸਿੰਘ ਵਾਂਗ ਪੁਸਤਕਾਂ ਪੜ੍ਹੋ ਤੇ ਦੇਸ਼ ਭਗਤ ਬਣੋ। ਇਸ ਲਈ ਭਗਤ ਸਿੰਘ ਨੂੰ ਪੜ੍ਹ ਕੇ ਹੀ ਇਹ ਸੱਚ ਅਜਿਹਾ ਜਾਣਿਆ ਜਾ ਸਕਦਾ ਹੈ।

? ਤੁਹਾਨੂੰ ਗਦਰੀ ਬਾਬਿਆਂ ਦਾ ਮੁਨਸ਼ੀ ਕਿਉਂ ਕਿਹਾ ਜਾਂਦਾ ਹੈ।

ਮੈਨੂੰ ਉਨ੍ਹਾਂ ਦਾ ਮੁਨਸ਼ੀ ਹੋਣ ਦਾ ਫ਼ਖ਼ਰ ਹੈ। ਇਸ ਸ਼ਬਦ ਨਾਲ ਮੈਨੂੰ ਬਹੁਤ ਮੋਹ ਹੋ ਗਿਆ ਹੈ। ਬਾਬਾ ਭਕਨਾ ਜੀ ਦਾ ਮੁਨਸ਼ੀ ਬਣਕੇ ਹੀ ਤਾਂ ਮੈਂ ਅੱਜ ਇੱਥੋਂ ਤੱਕ ਪੁੱਜਾ ਹਾਂ ਤੇ ਉਨ੍ਹਾਂ ਦੇਸ਼ ਭਗਤਾਂ ਤੇ ਲਿਖਤਾਂ ਨੂੰ ਲੋਕਾਂ ਤੱਕ ਪਹੁੰਚਾ ਸਕਿਆ ਹਾਂ। ਮੇਰੀ ਪਹਿਲੀ ਪੁਸਤਕ ਜਿਹੜੀ ਮੈਂ ਉਰਦੂ ਤੋਂ ਅਨੁਵਾਦ ਕੀਤੀ ਸੀ, ਉਹ ਸੀ 'ਜੀਵਨ ਸੰਗਰਾਮ : ਆਤਮਕਥਾ ਬਾਬਾ ਸੋਹਨ ਸਿੰਘ ਭਕਨਾ ਜਿਹੜੀ 1967 ਵਿਚ ਛਪੀ ਸੀ। ਗਦਰੀ ਬਾਬਿਆਂ ਦੇ ਇਸ ਮੁਨਸ਼ੀ ਨੇ ਕ੍ਰਾਂਤੀਕਾਰੀਆਂ ਬਾਰੇ ਲੱਗਭਗ 40 ਪੁਸਤਕਾਂ ਅੰਗਰੇਜ਼ੀ, ਪੰਜਾਬੀ ਤੇ ਹਿੰਦੀ 'ਚ ਲਿਖੀਆਂ ਹਨ।

? ਗਦਰੀ ਬਾਬਿਆਂ ਨਾਲ ਜੁੜੀ ਕੋਈ ਘਟਨਾ।

ਬਥੇਰੀਆਂ ਹਨ। ਉਹ ਬਹਾਦਰ ਤੇ ਅਣਖ ਵਾਲੇ ਦੇਸ਼ ਭਗਤ ਸਨ। ਮੈਂ ਕਾਲਜ 'ਚ ਪ੍ਰੋਫੈਸਰ ਹੁੰਦਿਆਂ ਅਕਸਰ ਹੀ ਸਭਨਾਂ ਨੂੰ ਬੁਲਾਇਆ ਕਰਦਾ ਸੀ। ਉਹ ਦੇਸ਼ ਭਗਤਾਂ ਦੀਆਂ ਗੱਲਾਂ ਸੁਣਾਇਆ ਕਰਦੇ ਸਨ। ਇੱਕ ਵਾਰ ਜਦ ਮਹਾਤਮਾ ਗਾਂਧੀ ਅਤੇ ਕਾਮਰੇਡ ਲੈਨਿਨ ਦੀ ਜਨਮ ਸ਼ਤਾਬਦੀ ਆਈ ਤਾਂ ਉਨ੍ਹਾਂ ਦੀ ਮੁਲਾਕਾਤ ਕਰਨ ਆਏ ਵਿਅਕਤੀ ਨੇ ਲੈਨਿਨ ਬਾਰੇ ਪੁੱਛਿਆ ਤਾਂ ਬਾਬਾ ਭਕਨਾ ਜੀ ਨੇ ਸਪਸ਼ਟ ਸ਼ਬਦਾਂ ਵਿਚ ਆਖਿਆ ਕਿ ਉਹ ਸਾਡਾ ਕਾਮਯਾਬ ਸਾਥੀ ਹੈ। ਗਦਰੀ ਬਾਬੇ ਧਰਮ ਨੂੰ ਨਿੱਜੀ ਮਾਮਲਾ ਮੰਨਦੇ ਸਨ।

? ਤੁਹਾਡੇ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਦੇਸ਼ ਭਗਤਾਂ ਲਈ ਕੀਤੇ ਕੰਮ ਦਾ ਜ਼ਿਕਰ।

ਮੈਂ 1989 ਵਿੱਚ ਪ੍ਰੋਫੈਸਰ ਦੀ ਸੇਵਾ ਨਿਭਾ ਕੇ ਐਲ. ਐਲ. ਬੀ ਦੀ ਡਿਗਰੀ ਪਾਸ ਕੀਤੀ ਤੇ 1992 'ਚ ਵਕਾਲਤ ਸ਼ੁਰੂ ਕਰ ਦਿੱਤੀ। ਮੈਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪਾਈਆਂ ਜਨਹਿੱਤ ਪਟੀਸ਼ਨਾਂ ਰਾਹੀਂ ਕੂਕਾ ਵਿਦਰੋਹ, ਗਦਰ ਲਹਿਰ, ਕਾਮਾਗਾਟਾ ਮਾਰੂ ਤੇ ਜਲ੍ਹਿਆਂ ਵਾਲਾ ਬਾਗ ਦੇ ਸ਼ਹੀਦਾਂ ਨੂੰ ਕਾਨੂੰਨੀ ਤੌਰ 'ਤੇ ਸ਼ਹੀਦਾਂ ਦਾ ਦਰਜਾ ਦਿਵਾਇਆ ਤੇ ਦੇਸ਼ ਭਗਤਾਂ ਦੀਆਂ ਅੰਗਰੇਜ਼ ਹਕੂਮਤ ਵੱਲੋਂ ਜ਼ਬਤ ਕੀਤੀਆਂ ਜ਼ਮੀਨਾਂ ਉਨ੍ਹਾਂ ਦੇ ਵਾਰਸਾਂ ਨੂੰ ਵਾਪਸ ਦਿਵਾਈਆਂ।

? ਕ੍ਰਾਂਤੀਕਾਰੀਆਂ ਨਾਲ ਸੰਵਾਦ ਰਚਾਉਂਦਿਆਂ ਖੁਸ਼ੀ ਦੇ ਪਲ।

ਮੈਂ ਦੇਸ਼ ਭਗਤਾਂ ਦਾ ਕੁੱਲ ਵਕਤੀ ਕਾਮਾ ਹਾਂ। ਪਿਛਲੇ ਸਮੇਂ 'ਚ ਇਹ ਕਾਰਜ ਕਰਦਿਆਂ ਮੈਂ ਕ੍ਰਾਂਤੀਕਾਰੀ ਲਹਿਰ ਦੇ ਸੂਰਬੀਰਾਂ ਦੁਰਗਾ ਭਾਬੀ, ਭਗਵਤੀ ਚਰਨ ਵੋਹਰਾ ਤੇ ਕਾਕੋਰੀ ਕਾਂਡ ਦੇ ਸ਼ਹੀਦਾਂ ਬਾਰੇ ਪੁਸਤਕਾਂ ਲਿਖੀਆਂ ਹਨ। ਇਹ ਕੰਮ ਕਰਦਿਆਂ ਮੈਨੂੰ ਬਹੁਤ ਸੰਤੁਸ਼ਟੀ ਤੇ ਖੁਸ਼ੀ ਦਾ ਅਹਿਸਾਸ ਹੋਇਆ। ਕ੍ਰਾਂਤੀਕਾਰੀ ਅੰਦੋਲਨ 'ਚ ਸਾਥੀ ਰਹੇ ਤੇ ਫਿਰ ਲੰਬਾ ਸਮਾਂ ਲੇਖਣ ਤੇ ਖੋਜ ਕਾਰਜਾਂ ਵਿਚ ਜੁਟੇ ਸ਼ਿਵ ਵਰਮਾ ਦੀਆ ਲਿਖਤਾਂ ਨੂੰ ਵੀ ਮੈਂ ਬਹੁਤ ਗਹੁ ਨਾਲ ਵਾਚਿਆ ਹੈ। ਮੈਨੂੰ ਦੇਸ਼ ਭਗਤਾਂ ਤੇ ਗਦਰੀ ਬਾਬਿਆਂ ਦੇ ਨਾਲ ਰਹਿਣ ਦਾ ਮੌਕਾ ਮਿਲਿਆ। ਮੇਰੇ ਮਨ-ਮਸਤਕ ਵਿਚ ਉਨ੍ਹਾਂ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਹਨ। ਮੈਂ ਜਾਣਿਆ ਕਿ ਸਾਰੇ ਗਦਰੀ ਫਿਲਾਸਫਰ ਸਨ ਤੇ ਉੱਚੀ-ਸੁੱਚੀ ਸੋਚ ਦੇ ਮਾਲਕ। ਉਨ੍ਹਾਂ ਦੀ ਸੋਚ ਦੀ ਵਿਸ਼ਾਲਤਾ ਸਮੁੰਦਰ ਵਰਗੀ ਸੀ। ਗਦਰੀ ਬਾਬਿਆਂ ਤੇ ਦੇਸ਼ ਭਗਤਾਂ ਨੂੰ ਹੂਬਹੂ ਪਾਠਕਾਂ ਸਾਹਮਣੇ ਪੇਸ਼ ਕਰਨਾ ਮੇਰੀ ਖੁਸ਼ੀ ਦਾ ਸਬੱਬ ਬਣਦਾ ਹੈ। ਮੇਰੇ ਲਿਖਣ ਦਾ ਅਗਲਾ ਪ੍ਰਾਜੈਕਟ ਉਨ੍ਹਾਂ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਨੂੰ ਲਿਖਣਾ ਹੈ।

? ਤੁਹਾਡੇ ਯਤਨਾਂ ਨਾਲ ਬਣੀ ਨੈਸ਼ਨਲ ਗੈਲਰੀ ਬਾਰੇ ਕੁਝ।

ਗਦਰੀ ਸੂਰਬੀਰਾਂ ਦੇ ਸੰਘਰਸ਼ ਤੇ ਕ੍ਰਾਂਤੀਕਾਰੀ ਸੰਗਰਾਮਾਂ ਦੀ ਇੱਕ ਫੋਟੋ ਗੈਲਰੀ 'ਨੈਸ਼ਨਲ ਗੈਲਰੀ ਆਫ਼ ਪੋਰਟਰੇਟਸ' (1857-1947) ਇਹ ਗੈਲਰੀ ਚੰਡੀਗੜ੍ਹ ਦੇ ਸੈਕਟਰ 17 ਦੀ ਸੈਂਟਰਲ ਸਟੇਟ ਲਾਇਬਰੇਰੀ 'ਚ ਸੁਸ਼ੋਭਿਤ ਹੈ। ਹਰੇਕ ਵਿਅਕਤੀ ਨੂੰ ਦੇਸ਼ ਭਗਤਾਂ ਨਾਲ ਜੁੜੀਆਂ ਯਾਦਾਂ ਤੇ ਬੇ-ਅਥਾਹ ਕੁਰਬਾਨੀਆਂ ਨੂੰ ਜਾਨਣ ਲਈ ਇਸ ਨੂੰ ਦੇਖਣਾ ਚਾਹੀਦਾ ਹੈ।

? ਤੁਸੀਂ ਦੇਸ਼ ਭਗਤਾਂ ਨਾਲ ਜੁੜੇ ਆਪਣੇ ਖੋਜ ਕਾਰਜਾਂ ਤੋਂ ਸੰਤੁਸ਼ਟ ਹੋ।

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੈਂ ਬਾਬਾ ਸੋਹਣ ਸਿੰਘ ਭਕਨਾ ਜੀ ਤੇ ਹੋਰਨਾਂ ਗਦਰੀ ਦੇਸ਼ ਭਗਤਾਂ ਤੋਂ ਮਿਲੀ ਲੋਅ ਸਦਕਾ ਉਸ ਰਾਹ 'ਤੇ ਤੁਰ ਰਿਹਾ ਹਾਂ ਜਿਹੜਾ ਉਨ੍ਹਾਂ ਮੈਨੂੰ ਵਿਖਾਇਆ ਸੀ। ਮੈਂ ਆਪਣੇ ਢੰਗ ਨਾਲ ਲੋਕਾਂ ਨੂੰ ਦੇਸ਼ ਭਗਤਾਂ ਨਾਲ ਜੋੜ ਰਿਹਾ ਹਾਂ। ਉਨ੍ਹਾਂ ਦੀਆਂ ਜੀਵਨੀਆਂ, ਲਿਖਤਾਂ ਤੇ ਸੰਘਰਸ਼ਾਂ ਨੂੰ ਹੂਬਹੂ ਲੋਕਾਂ 'ਚ ਲਿਜਾਣਾ ਆਪਣੇ ਆਪ 'ਚ ਅਹਿਮ ਕਾਰਜ ਹੈ। ਮੈਂ ਪਿੱਛੇ ਜਿਹੇ ਸ਼ਹੀਦ ਭਗਤ ਸਿੰਘ ਦੀ ਜੀਵਨੀ ਲਿਖੀ ਹੈ ਜਿਸ ਨੂੰ ਪਾਠਕਾਂ ਦਾ ਬਹੁਤ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਮੇਰੇ ਲਿਖਣ ਦਾ ਮੁੱਖ ਪਹਿਲੂ ਇਹ ਵੀ ਹੈ ਕਿ ਮੈਂ ਆਪਣੇ ਵੱਲੋਂ ਕੋਈ ਟਿੱਪਣੀ ਨਹੀਂ ਕਰਦਾ, ਬੱਸ ਉਨ੍ਹਾਂ ਨਾਇਕਾਂ ਨੂੰ ਮੂਲ ਰੂਪ ਵਿਚ ਹੀ ਪੇਸ਼ ਕਰਦਾ ਹਾਂ।

ਮਨੁੱਖੀ ਅਧਿਕਾਰ ਦਿਵਸ

ਹੇਮ ਰਾਜ ਸਟੈਨੋ



10 ਦਸੰਬਰ ਨੂੰ ਮਨੁੱਖੀ ਅਧਿਕਾਰ ਦਿਵਸ ਹੈ। ਹਥਲੀ ਲਿਖਤ 'ਚ ਇਨ੍ਹਾਂ ਮਨੁੱਖੀ ਅਧਿਕਾਰਾਂ ਸਬੰਧੀ ਗੱਲ ਕਰਾਂਗੇ।

ਸਭ ਤੋਂ ਪਹਿਲਾਂ ਸਕਾਟਲੈਂਡ ਦੇ ਜੌਹਨ ਲੌਕ, ਫਰਾਂਸਿਸ ਹਚਸਨ ਵਰਗੇ ਚਿੰਤਕਾਂ ਨੇ ਅਮਰੀਕੀ ਅਤੇ ਫਰਾਂਸ ਦੇ ਇਨਕਲਾਬਾਂ ਦੌਰਾਨ ਮਨੁੱਖੀ ਅਧਿਕਾਰਾਂ ਨੂੰ ਸਿਆਸੀ ਵਾਰਤਾਲਾਪ ਵਿੱਚ ਵਰਤੋਂ ਵਿੱਚ ਲਿਆਂਦਾ। ਉਨ੍ਹਾਂ ਨੇ ਕਿਹਾ ਕਿ ਹਰ ਮਨੁੱਖ ਨੂੰ ਜੀਵਨ, ਜਾਇਦਾਦ ਅਤੇ ਸੁਤੰਤਰਤਾ ਹੋਣੀ ਚਾਹੀਦੀ ਹੈ। ਉਸ ਤੋਂ ਬਾਅਦ ਸੰਨ 1776 'ਚ ਅਧਿਕਾਰਾਂ ਬਾਰੇ ਵਿਰਜੀਨੀਆ ਐਲਾਨਨਾਮਾ ਜਾਰੀ ਕੀਤਾ ਗਿਆ ਜਿਸ ਵਿੱਚ ਐਲਾਨ ਕੀਤਾ ਗਿਆ ਕਿ "ਸਮੁੱਚੇ ਮਨੁੱਖ ਕੁਦਰਤੀ ਤੌਰ 'ਤੇ ਆਜ਼ਾਦ ਅਤੇ ਸੁਤੰਤਰ ਹਨ।..." ਉਸ ਤੋਂ ਬਾਅਦ ਮਨੁੱਖੀ ਅਧਿਕਾਰਾਂ ਬਾਰੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਚਰਚਾ ਚੱਲੀ। ਸੰਨ 1948 'ਚ ਸੰਯੁਕਤ ਰਾਸ਼ਟਰ ਸੰਘ ਦੀ ਆਮ ਸਭਾ ਦੀ ਪੈਰਿਸ ਵਿੱਚ ਇੱਕ ਬੈਠਕ ਹੋਈ। ਇਸ ਬੈਠਕ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਇੱਕ ਸਰਵ-ਵਿਆਪੀ ਐਲਾਨਨਾਮਾ ਬਣਾਇਆ ਗਿਆ। ਮਨੁੱਖੀ ਅਧਿਕਾਰਾਂ ਦੇ ਸਰਵ-ਵਿਆਪੀ ਐਲਾਨਨਾਮੇ ਦੀ ਭੂਮਿਕਾ ਵਿੱਚ ਕਿਹਾ ਗਿਆ ਹੈ ਕਿ ਸਮੁੱਚੇ ਮਨੁੱਖੀ ਪ੍ਰਾਣੀ ਜਨਮ ਤੋਂ ਹੀ ਆਜ਼ਾਦ, ਮਾਣ-ਸਨਮਾਨ ਅਤੇ ਅਧਿਕਾਰਾਂ ਵਿੱਚ ਬਰਾਬਰ ਹਨ। ਇਹ ਐਲਾਨਨਾਮਾ ਸਮੁੱਚੇ ਸੰਸਾਰ ਅੰਦਰ ਇੱਕੋ ਤਰ੍ਹਾਂ ਨਾਲ ਮਨੁੱਖੀ ਅਧਿਕਾਰ ਹੋਣ ਦੀ ਗੱਲ ਕਰਦਾ ਹੈ।

ਇਨ੍ਹਾਂ ਮਨੁੱਖੀ ਅਧਿਕਾਰਾਂ 'ਚ ਜੀਉਣ ਦਾ ਅਧਿਕਾਰ, ਤਸ਼ੱਦਦ ਤੋਂ ਆਜ਼ਾਦੀ, ਗੁਲਾਮੀ ਤੋਂ ਆਜ਼ਾਦੀ, ਮੁਕੱਦਮੇ ਦੀ ਸਾਫ ਸੁਣਵਾਈ,ਬੋਲਣ ਦੀ ਆਜ਼ਾਦੀ, ਸੋਚਣ, ਜ਼ਮੀਰ ਅਤੇ ਧਾਰਮਿਕ ਆਜ਼ਾਦੀ, ਘੁੰਮਣ-ਫਿਰਣ, ਟਿਕਾਣਾ ਬਦਲਣ ਦੀ ਆਜ਼ਾਦੀ ਸ਼ਾਮਲ ਹਨ। ਇਸ ਵਿੱਚ ਲਿੰਗ, ਧਰਮ, ਨਸਲ, ਇਲਾਕੇ, ਆਦਿ ਦਾ ਕੋਈ ਭੇਦ ਭਾਵ ਨਹੀਂ ਮੰਨਿਆ ਜਾਂਦਾ। ਇਨ੍ਹਾਂ ਅਧਿਕਾਰਾਂ ਸਬੰਧੀ ਕਮਾਂਤਰੀ ਅਤੇ ਕੌਮੀ ਪੱਧਰੇ ਕਾਨੂੰਨ ਵੀ ਬਣੇ ਹੋਏ ਹਨ।

ਆਓ ਆਪਾਂ ਆਪਣੇ ਦੇਸ਼ ਅੰਦਰ ਝਾਤੀ ਮਾਰਕੇ ਦੇਖਦੇ ਹਾਂ ਕਿ ਕੀ ਇੱਥੇ ਸਭ ਮਨੁੱਖਾਂ ਨੂੰ ਮਨੁੱਖੀ ਅਧਿਕਾਰ ਮਿਲੇ ਹੋਏ ਹਨ।

1.ਜਿਉਣ ਦਾ ਅਧਿਕਾਰ:

ਟਾਈਮ ਮੈਗਜ਼ੀਨ ਨੇ ਇੱਕ ਵਾਰੀਂ ਲਿਖਿਆ ਕਿ "ਇੱਕ ਸਿਪਾਹੀ ਦੇ ਮਾਰੇ ਜਾਣ 'ਤੇ ਅਰਧ-ਸੈਨਿਕ ਬਲਾਂ ਨੇ ਸੋਪੋਰ ਦੀ ਮਾਰਕਿਟ ਦੀਆਂ ਬਿਲਡਿੰਗਾਂ ਨੂੰ ਅੱਗ ਲਗਾ ਦਿੱਤੀ ਅਤੇ ਉੱਥੇ ਇਹ ਕੁੱਝ ਦੇਖ ਰਹੇ ਇਨਸਾਨਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ।" ਭਾਰਤੀ ਸਰਕਾਰ ਨੇ ਕਿਹਾ ਕਿ ਇਹ ਕਾਂਡ ਉੱਥੇ ਅਸਲੇ ਦੇ ਭੰਡਾਰ ਨੂੰ ਅੱਗ ਲੱਗਣ ਕਰਕੇ ਵਾਪਰਿਆ ਹੈ ਅਤੇ ਇਸ ਨੂੰ ਸਿਰਫ 'ਬਦਕਿਸਮਤ' ਘਟਨਾ ਕਹਿਕੇ ਗੱਲ ਮੁਕਾ ਦਿੱਤੀ। ਕਿੱਥੇ ਗਿਆ ਹਰ ਇੱਕ ਨੂੰ ਜਿਉਣ ਦਾ ਅਧਿਕਾਰ?

ਸਾਡੇ ਦੇਸ਼ ਦੀ ਹਕੂਮਤ ਜਿਸ ਇਲਾਕੇ ਨੂੰ ਵੀ ਗੜਬੜ ਵਾਲਾ ਇਲਾਕਾ ਕਰਾਰ ਦੇ ਦਿੰਦੀ ਹੈ ਉੱਥੇ ਹੀ ਆਰਮਡ ਫੋਰਸਜ਼ ਸਪੈਸ਼ਲ ਪਾਵਰ ਐਕਟ ਲਗਾ ਕੇ ਹਥਿਆਰਬੰਦ ਬਲਾਂ ਨੂੰ ਖੁੱਲੇ ਅਖਤਿਆਰ ਦੇ ਦਿੰਦੀ ਹੈ। ਇਹ ਅਜਿਹਾ ਕਾਨੂੰਨ ਹੈ ਕਿ ਹਥਿਆਰਬੰਦ ਬਲ ਜੋ ਮਰਜ਼ੀ ਕਰਨ, ਘਰਾਂ ਦੇ ਘਰ ਫੂਕ ਦੇਣ, ਇਨਸਾਨਾਂ ਨੂੰ ਗੋਲੀਆਂ ਮਾਰਕੇ ਮੌਤ ਦੇ ਘਾਟ ਉਤਾਰ ਦੇਣ, ਉਨ੍ਹਾਂ 'ਤੇ ਕੇਂਦਰੀ ਸਰਕਾਰ ਦੀ ਮੰਨਜ਼ੂਰੀ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕਦੀ ਅਤੇ ਕੇਂਦਰੀ ਸਰਕਾਰ ਇਹੋ-ਜਿਹੀ ਮੰਨਜ਼ੂਰੀ ਕਦੇ ਦਿੰਦੀ ਹੀ ਨਹੀਂ। ਉਹ ਤਰਕ ਦੇ ਦਿੰਦੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਸੁਰੱਖਿਆ ਦਸਤਿਆਂ ਦਾ ਮਨੋ-ਬਲ ਡਿੱਗ ਜਾਵੇਗਾ। ਦੇਖੋ! ਸੁਰੱਖਿਆ ਬਲਾਂ ਦਾ ਮਨੋ-ਬਲ ਨਾ ਡਿੱਗੇ, ਮਨੁੱਖਾਂ ਦਾ ਘਾਣ ਭਾਵੇਂ ਕਿੰਨਾ ਵੀ ਹੋਈ ਜਾਵੇ! ਇਹ ਹਰੇਕ ਇਨਸਾਨ ਨੂੰ ਜਿਉਣ ਦਾ ਅਧਿਕਾਰ ਕਿਵੇਂ ਬਣ ਗਿਆ?

ਸਾਡੇ ਦੇਸ਼ ਅੰਦਰ ਭੁੱਖ-ਮਰੀ ਨਾਲ ਹਰ ਰੋਜ਼ 7000 ਇਨਸਾਨਾਂ ਦੀਆਂ ਮੌਤਾਂ ਹੋ ਜਾਂਦੀਆਂ ਹਨ। ਗੱਲ ਇਹ ਨਹੀਂ ਕਿ ਭੁੱਖ-ਮਰੀ ਦਾ ਸ਼ਿਕਾਰ ਹੋਣ ਵਾਲੇ ਇਨਸਾਨ ਜਾਣ-ਬੁੱਝਕੇ ਨਹੀਂ ਖਾਂਦੇ ਬਲਕਿ ਉਨ੍ਹਾਂ ਨੂੰ ਖਾਣ ਲਈ ਕੁੱਝ ਮਿਲਦਾ ਹੀ ਨਹੀਂ। ਕੀ ਉਨ੍ਹਾਂ ਤੋਂ ਜਿਉਣ ਦਾ ਹੱਕ ਖੋਹਿਆ ਨਹੀਂ ਗਿਆ?

2.ਤਸ਼ੱਦਦ ਤੋਂ ਆਜ਼ਾਦੀ:

ਮਨੁੱਖੀ ਅਧਿਕਾਰਾਂ ਬਾਰੇ ਏਸ਼ੀਅਨ ਸੈਂਟਰ ਨਾਮੀ ਸੰਸਥਾ

ਨੇ ਇੱਕ ਵਾਰੀ ਅੰਕੜਾ ਜਾਰੀ ਕੀਤਾ ਸੀ ਕਿ ਪੁਲਿਸ ਹਿਰਾਸਤ ਵਿੱਚ ਤਸ਼ੱਦਦ ਦੇ ਕਾਰਨ ਹਰ ਰੋਜ਼ ਚਾਰ ਮਨੁੱਖ ਮਰਦੇ ਹਨ। ਆਮ ਸਾਧਾਰਨ ਵਿਅਕਤੀ ਵੀ ਜਾਣਦਾ ਹੈ ਕਿ ਹਥਿਆਰਬੰਦ ਬਲ ਕਿਸ ਤਰ੍ਹਾਂ ਸ਼ੱਕ ਦੇ ਆਧਾਰ ’ਤੇ ਗ੍ਰਿਫਤਾਰ ਵਿਅਕਤੀ ’ਤੇ ਅੰਨਾ ਤਸ਼ੱਦਦ ਢਾਹੁੰਦੇ ਹਨ। ਇਸ ਲਈ ਤਸ਼ੱਦਦ ਤੋਂ ਆਜ਼ਾਦੀ ਵਾਲਾ ਅਧਿਕਾਰ ਵੀ ਸਾਡੇ ਦੇਸ਼ ਵਿੱਚ ਨਹੀਂ ਹੈ।

3.**ਵਿਚਾਰ ਪ੍ਰਗਟਾਉਣ ਦੀ ਆਜ਼ਾਦੀ:**

ਜਿੱਥੋਂ ਤੱਕ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦਾ ਸਵਾਲ ਹੈ, ਭਾਵੇਂ ਸਾਡੇ ਦੇਸ਼ ਦੇ ਸੰਵਿਧਾਨ ਦੀ ਧਾਰਾ 19-1 (ਏ) ਇਸ ਆਜ਼ਾਦੀ ਦੀ ਗੱਲ ਕਰਦੀ ਹੈ ਪਰ ਇਹ ਆਜ਼ਾਦੀ ’ਤੇ ਵੀ ਪਾਬੰਦੀਆਂ ਲਗਾਈਆਂ ਗਈਆਂ ਹਨ। ਇਸ ਆਜ਼ਾਦੀ ਨੂੰ ਭਾਰਤ ਦੀ ਖੁਦਮੁਖਤਿਆਰੀ ਅਤੇ ਏਕਤਾ, ਰਾਜ ਦੀ ਸੁਰੱਖਿਆ, ਦੂਸਰੇ ਰਾਜਾਂ ਨਾਲ ਦੋਸਤਾਨਾ ਸਬੰਧਾਂ, ਸ਼ਾਲੀਨਤਾ, ਇਖਲਾਕ ਬਣਾਈ ਰੱਖਣ, ਅਦਾਲਤ ਦੀ ਤੌਹੀਨ, ਕਿਸੇ ਜੁਰਮ ਵਾਸਤੇ ਉਕਸਾਉਣ, ਆਦਿ ਹਾਲਤਾਂ ਦੇ ਬਹਾਨੇ ਹੇਠ ਕੱਟ ਕੀਤਾ ਜਾ ਸਕਦਾ ਹੈ। ਭਾਵ ਇਹ ਕਿ ਇੱਕ ਪਾਸੇ ਸੰਵਿਧਾਨ ’ਚ ਵਿਚਾਰ ਪ੍ਰਗਟਾਉਣ ਦਾ ਆਜ਼ਾਦੀ ਦਾ ਉਲੇਖ ਹੈ ਪਰ ਨਾਲ ਦੀ ਨਾਲ ਹੀ ਇਸ ਨੂੰ ਦਬਾਉਣ ਦਾ ਕਾਨੂੰਨ ਵੀ ਦਰਜ ਹੈ, ਇਸ ਲਈ ਇਹ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਪਾਬੰਦੀਆਂ ਅਧੀਨ ਹੈ, ਜੋ ਸਹੀ ਮਾਅਨਿਆਂ ’ਚ ਆਜ਼ਾਦੀ ਨਹੀਂ ਕਹੀ ਜਾ ਸਕਦੀ।

ਇੱਕ ਪੰਜਾਬੀ ਮੈਗਜ਼ੀਨ ’ਚ ਰਿਪੋਰਟ ਛਪੀ ਕਿ “2 ਜੂਨ ਨੂੰ ਪੂਣੇ ਵਿੱਚ ਹਿੰਦੂ ਰਾਸ਼ਟਰ ਸੈਨਾ ਦੇ ਹਜੂਮ ਵੱਲੋਂ ਆਪਣੇ ਬਾਈਕ ਉੱਪਰ ਜਾ ਰਹੇ ਮੋਹਸਿਨ ਸਾਦਿਕ ਸ਼ੇਖ ਨਾਂ ਦੇ ਮੁਸਲਿਮ ਇੰਜਨੀਅਰ ਨੂੰ ਕੁੱਟ-ਕੁੱਟਕੇ ਮਾਰ ਦਿੱਤਾ ਗਿਆ। ਹਿੰਦੂਤਵੀ ਹਜੂਮ ਫੇਸਬੁੱਕ ਉੱਪਰ ਬਾਲ ਠਾਕਰੇ ਅਤੇ ਛਤਰਪਤੀ ਸ਼ਿਵਾਜੀ ਦੀਆਂ ਅਪਮਾਨਜਨਕ ਤਸਵੀਰਾਂ ‘ਨਿਹਾਲ ਖਾਂ’ ਨਾਂ ਦੇ ਕਿਸੇ ਮੁਸਲਮਾਨ ਵੱਲੋਂ ਪੋਸਟ ਕੀਤੇ ਜਾਣ ਨੂੰ ਮੁੱਦਾ ਬਣਾਕੇ ਰੋਸ ਪ੍ਰਗਟਾ ਰਿਹਾ ਸੀ। ਪਰ ਪੁਲਿਸ ਰਿਪੋਰਟ ਮੁਤਾਬਕ ਇਸ ਪੇਜ ਨੂੰ ਚਲਾਉਣ ਵਾਲਾ ਨਿਖਿਲ ਟਿਕੋਨੇ ਨਾਂ ਦਾ ਇੱਕ ‘ਹਿੰਦੂ’ ਸੀ। ਇਸੇ ਹਿੰਦੂਤਵੀ ਗਰੁੱਪ ਨੇ ਇਸ ਲਿੰਕ ਉੱਪਰ ਚੈਟਿੰਗ ਕਰਕੇ ਇਸ ਨੂੰ ਤੇਜ਼ੀ ਨਾਲ ਫੈਲਾਇਆ ਅਤੇ ਫਿਰ ਇਸ ਨੂੰ ਮੁੱਦਾ ਬਣਾ ਲਿਆ। ਜਦੋਂ ਇਹ ਪੇਜ ਫੇਸਬੁੱਕ ਉੱਪਰੋਂ ਹਟਾ ਦਿੱਤਾ ਗਿਆ, ਫਿਰ ਵੀ ਹਿੰਦੂਤਵੀ ਤਾਕਤਾਂ ਨੇ ਹੁੱਲੜਬਾਜ਼ੀ ਬੰਦ ਨਹੀਂ ਕੀਤੀ ਅਤੇ ਯੋਜਨਾਬੱਧ ਢੰਗ ਨਾਲ ਇੱਕ ਬੇਕਸੂਰ ਮੁਸਲਮਾਨ ਨੂੰ ਹਾਕੀਆਂ ਅਤੇ ਪੱਥਰ ਮਾਰਕੇ ਸ਼ਰੇਆਮ ਮਾਰ ਦਿੱਤਾ। ਇਸ ਪਿੱਛੋਂ ਮਰਾਠੀ ਵਿੱਚ ਐਸ.ਐਮ.ਐਸ ਜ਼ਰੀਏ ਮੁਸਲਿਮ ਜਨਤਾ ਨੂੰ ਸੁਨੇਹਾ ਦਿੱਤਾ ਗਿਆ:‘ਪਹਿਲਾ ਵਿਕਟ ਡਿਗਿਆ ਹੈ’।”

ਹੋਰ ਲਵੋ। ਜੇਕਰ ਕੋਈ ਵਿਅਕਤੀ ਕਿਸੇ ਧਰਮ ਸਬੰਧੀ ਜਾਂ ਕਿਸੇ ਧਾਰਮਿਕ ਗੁਰੂ ਬਾਰੇ ਲਿਖਕੇ, ਬੋਲਕੇ, ਤਸਵੀਰ ਬਣਾਕੇ ਕਿਸੇ ਨਾ ਕਿਸੇ ਕਿਸਮ ਦਾ ਕੋਈ ਵਿਚਾਰ ਪ੍ਰਗਟਾ ਦਿੰਦਾ ਹੈ ਤਾਂ ਉਸ’ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਦੋਸ਼ ਲਗਾਕੇ ਉਸਨੂੰ ਜੇਲ੍ਹ ਅੰਦਰ ਡੱਕ ਦਿੱਤਾ ਜਾਂਦਾ ਹੈ ਅਤੇ ਕਈ ਵਾਰੀਂ ਉਸ ਵਿਅਕਤੀ ’ਤੇ ਹਮਲਾ ਵੀ ਕਰ ਦਿੱਤਾ ਜਾਂਦਾ ਹੈ।

ਕਸ਼ਮੀਰ ਦਾ ਮਸਲਾ ਅਜੇ ਹੱਲ ਨਹੀਂ ਹੋਇਆ। ਇਸ ਸਬੰਧੀ ਹਿੰਦੂਤਵੀ ਸ਼ਕਤੀਆਂ ਨਾਲੋਂ ਵੱਖਰੀ ਰਾਇ ਪ੍ਰਗਟ ਕਰਨ ਵਾਲਿਆਂ ’ਤੇ ਹਮਲੇ ਕੀਤੇ ਜਾਂਦੇ ਹਨ ਜਿਵੇਂ ਸੁਪਰੀਮ ਕੋਰਟ ਦੇ ਮਸ਼ਹੂਰ ਵਕੀਲ ਪ੍ਰਸ਼ਾਂਤ ਭੂਸ਼ਣ ’ਤੇ ਕੀਤਾ ਗਿਆ ਸੀ। ਉੱਪਰੋਂ ਹੈਰਾਨਗੀ ਦੀ ਗੱਲ ਇਹ ਕਿ ਹਮਲਾ ਕਰਨ ਵਾਲੇ ਉਸ ਨੌਜਵਾਨ ਨੂੰ ਟੀ.ਵੀ. ’ਤੇ ਇਹ ਕਹਿੰਦਿਆਂ ਦਿਖਾਇਆ ਗਿਆ ਕਿ ਜਿਹੜਾ ਵੀ ਕੋਈ ਇਸ ਕਿਸਮ ਦੇ ਬਿਆਨ ਦੇਵੇਗਾ ਉਸ ’ਤੇ ਇਉਂ ਹੀ ਹਮਲੇ ਕੀਤੇ ਜਾਣਗੇ। ਇਹ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਕਿਵੇਂ ਹੋ ਗਈ?

ਸੋ ਭਾਵੇਂ ਸੰਵਿਧਾਨ ਵਿੱਚ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦੀ ਗੱਲ ਤਾਂ ਕੀਤੀ ਗਈ ਹੈ ਪਰ ਅਮਲ ਵਿੱਚ ਇਹ ਹੈ ਨਹੀਂ। ਇਸੇ ਕਰਕੇ ਅਧਿਕਾਰਾਂ ਦੇ ਇਸ ਨੁਕਤੇ ’ਤੇ ਸਾਡਾ ਦੇਸ਼ ਦੁਨੀਆਂ ਦੇ 145-ਵੇਂ ਸਥਾਨ ’ਤੇ ਹੈ।

3.**ਗੁਲਾਮੀ ਤੋਂ ਆਜ਼ਾਦੀ:**

ਸਾਡੇ ਦੇਸ਼ ਅੰਦਰ ਅਜੇ ਵੀ ਬੰਧੂਆ ਮਜ਼ਦੂਰਾਂ ਦੇ ਗੁਲਾਮੀ ਦਾ ਜੀਵਨ ਬਤੀਤ ਕਰਨ ਦੀਆਂ ਅਖਬਾਰੀ ਰਿਪੋਰਟਾਂ ਆਉਂਦੀਆਂ ਰਹਿੰਦੀਆਂ ਹਨ। ਇਹ ਹੀ ਨਹੀਂ ਬਲਕਿ ਸਾਡੇ ਦੇਸ਼ ਅੰਦਰ ਮਨੁੱਖੀ ਤਸਕਰੀ ਦਾ ਵੀ ਵਪਾਰ ਚਾਲੂ ਹੈ। ਇਹ ਤਕਰੀਬਨ 8 ਮਿਲਅਨ ਡਾਲਰ ਦਾ ਵਪਾਰ ਹੈ। ਨੇਪਾਲ ’ਚੋਂ ਸਾਲਾਨਾ ਲਗਭਗ 10,000 ਔਰਤਾਂ ਦੇਹ ਵਪਾਰ ਲਈ ਲਿਆਂਦੀਆਂ ਜਾਂਦੀਆਂ ਹਨ।

ਇਸੇ ਤਰ੍ਹਾਂ 20,000 ਤੋਂ ਲੈ ਕੇ 25,000 ਔਰਤਾਂ ਅਤੇ ਬੱਚੇ ਬੰਗਲਾਦੇਸ਼ ਵਿੱਚੋਂ ਲਿਆਂਦੇ ਜਾਂਦੇ ਹਨ। ਸਾਡੇ ਦੇਸ਼ ਦੀਆਂ 1 ਕਰੋੜ ਦੇ ਲਗਭਗ ਔਰਤਾਂ ਅਤੇ ਬੱਚੀਆਂ ਮਜ਼ਬੂਰੀ-ਵੱਸ ਵੇਸਵਾਗਮਨੀ 'ਚ ਧੱਕੀਆਂ ਗਈਆਂ ਹਨ। ਇਹ ਸਾਰਾ ਕੁੱਝ ਗੁਲਾਮੀ ਨਹੀਂ ਤਾਂ ਹੋਰ ਕੀ ਹੈ?

ਸੋ ਸਾਡੇ ਦੇਸ਼ ਅੰਦਰ ਲੋਕਾਂ ਦੇ ਵਿਸ਼ਾਲ ਹਿੱਸਿਆਂ ਨੂੰ ਗੁਲਾਮੀ ਤੋਂ ਕੋਈ ਆਜ਼ਾਦੀ ਨਹੀਂ ਹੈ।

4. ਧਾਰਮਿਕ ਹਿੰਸਾ: .

ਜਿੰਨੀ ਸਾਡੇ ਦੇਸ਼ 'ਚ ਧਾਰਮਿਕ ਹਿੰਸਾ ਹੈ ਸ਼ਾਇਦ ਹੀ ਦੁਨੀਆਂ ਦੇ ਕਿਸੇ ਹੋਰ ਦੇਸ਼ ਅੰਦਰ ਹੋਵੇ। ਸਾਡੇ ਦੇਸ਼ ਦੀ ਤਾਂ ਬੁਨਿਆਦ ਹੀ ਧਾਰਮਿਕ ਹਿੰਸਾ 'ਤੇ ਰੱਖੀ ਗਈ ਸੀ। 1947 'ਚ ਜਦੋਂ ਸਾਡੇ ਦੇਸ਼ ਨੂੰ ਧਰਮ ਦੇ ਆਧਾਰ 'ਤੇ ਦੋ ਕੌਮਾਂ ਦਾ ਕੁਨਾਂਅ ਦੇ ਕੇ ਵੰਡਿਆ ਗਿਆ ਤਾਂ ਲੱਖਾਂ ਹੀ ਇਨਸਾਨਾਂ ਨਾਲ ਉਹ ਕੁੱਝ ਹੋਇਆ ਜੋ ਲਿਖਣ ਤੋਂ ਵੀ ਸ਼ਰਮ ਆਉਂਦੀ ਹੈ। ਇੱਥੇ ਇੱਕੋ ਤੱਥ ਹੀ ਲਿਖਿਆ ਜਾ ਸਕਦਾ ਹੈ ਕਿ ਲੱਖਾਂ ਲੋਕ ਚਾਹੇ ਉਹ ਕਿਸੇ ਵੀ ਧਰਮ ਦੇ ਅਨੁਆਈ ਸਨ ਮਾਰੇ ਗਏ, ਘਰਾਂ ਦੇ ਘਰ ਉਜਾੜੇ ਗਏ, ਲੱਖਾਂ ਹੀ ਲੋਕ ਸ਼ਰਨਾਰਥੀ ਕੈਂਪਾਂ 'ਚ ਬਦਹਾਲੀ ਵਾਲੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕੀਤੇ ਵਗੈਰਾ ਵਗੈਰਾ। ਉਸਤੋਂ ਬਾਅਦ ਵੀ 1984 'ਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ, 2002 'ਚ ਗੁਜਰਾਤ 'ਚ ਹਿੰਦੂਤਵੀ ਤਾਕਤਾਂ ਵੱਲੋਂ ਮੁਸਲਮਾਨਾਂ ਦੀ ਨਸ਼ਲਕੁਸ਼ੀ ਕੀਤੀ ਗਈ, ਉਨ੍ਹਾਂ ਦੇ ਘਰਾਂ ਦੇ ਘਰ ਸਾੜੇ ਗਏ। ਹੁਣ ਵੀ ਹਿੰਦੂਤਵੀ ਸ਼ਕਤੀਆਂ ਵੱਲੋਂ ਯੂ.ਪੀ. 'ਚ ਅਖੌਤੀ "ਲਵ ਜਹਾਦ"(ਪਿਆਰ ਕਰਕੇ ਇਸਲਾਮ ਧਰਮ ਗ੍ਰਹਿਣ ਕਰਾਉਣ) ਦੇ ਨਾਮ 'ਤੇ ਫਿਰਕੂ ਕਤਲੇਆਮ ਕਰਵਾਉਣ ਦੀਆਂ ਕੋਝੀਆਂ ਕੋਸ਼ਿਸ਼ਾਂ ਜਾਰੀ ਹਨ। ਹੁਣੇ ਹੁਣੇ ਅੰਗਰੇਜ਼ੀ ਦੇ ਅਖਬਾਰ ਦ ਹਿੰਦੂ ਵਿੱਚ ਛਪੀ ਇੱਕ ਖਬਰ ਅਨੁਸਾਰ ਕਿਸੇ ਲੜਕੀ ਨੇ ਮੁਸਲਮਾਨ ਨੌਜਵਾਨ ਨਾਲ ਵਿਆਹ ਕਰਵਾਇਆ ਤਾਂ ਉਸਨੂੰ ਭਾਜਪਾ ਦੇ ਲੀਡਰ ਨੇ 25,000 ਰੁਪੈ ਦਿੱਤੇ ਕਿ ਉਹ ਇਹ ਕਹਿ ਦੇਵੇ ਕਿ ਉਸਦਾ ਜਬਰੀ ਧਰਮ ਪ੍ਰੀਵਰਤਨ ਕਰਵਾਇਆ ਗਿਆ ਹੈ। ਇਹ ਪੈਸੇ ਦੇਣ ਦੀ ਗੱਲ ਭਾਜਪਾਈ ਆਗੂ ਨੇ ਕਬੂਲੀ ਵੀ ਹੈ। ਇਹ ਅਤੇ ਅਜਿਹਾ ਹੋਰ ਸਾਰਾ ਕੁੱਝ ਧਾਰਮਿਕ ਹਿੰਸਾ ਹੀ ਤਾਂ ਹੈ। ਇਨ੍ਹਾਂ ਦਰਜ ਕਾਂਡਾਂ 'ਚ ਮਨੁੱਖੀ ਅਧਿਕਾਰ ਕਿੱਧਰ ਗਏ?

5. ਘੁੰਮਣ-ਫਿਰਣ ਅਤੇ ਟਿਕਾਣਾ ਬਦਲਣ ਦੀ ਆਜ਼ਾਦੀ:

ਸਾਡੇ ਦੇਸ਼ 'ਚ 80 ਕਰੋੜ ਤੋਂ ਵੱਧ ਲੋਕ 20 ਰੁਪੈ ਰੋਜ਼ਾਨਾ ਦੀ ਆਮਦਨ 'ਤੇ ਜੀਵਨ ਜਿਉਂ ਰਹੇ ਹਨ। ਭਲਾਂ ਜਿਹੜੇ ਵਿਅਕਤੀ ਦੀ ਕਮਾਈ ਹੀ 20 ਰੁਪੈ ਹੈ ਉਹ ਕਿਵੇਂ ਸੈਰ-ਸਪਾਟੇ ਲਈ ਘੁੰਮ ਲਵੇਗਾ। ਘੁੰਮੂ ਤਾਂ ਫਿਰ ਜੇਕਰ ਉਸ ਕੋਲ ਘੁੰਮਣ ਖਾਤਰ ਖਰਚ ਕਰਨ ਲਈ ਕੁੱਝ ਹੋਊ। ਹਾਂ, ਹਕੂਮਤ ਕਹਿ ਦਿੰਦੀ ਹੈ ਕਿ ਕਿਤੇ ਵੀ ਜਾ ਕੇ ਘੁੰਮੋ। ਸੋ ਇਹ ਆਜ਼ਾਦੀ ਵੀ ਨਾਮ ਦੀ ਆਜ਼ਾਦੀ ਹੈ। ਇਹੀ ਗੱਲ ਟਿਕਾਣਾ ਬਦਲਣ ਦੀ ਆਜ਼ਾਦੀ 'ਤੇ ਲਾਗੂ ਹੁੰਦੀ ਹੈ।

ਮੁਕਦੀ ਗੱਲ, ਕਿਸੇ ਵੀ ਖੇਤਰ ਦੀ ਗੱਲ ਕਰ ਲਵੋ, ਸਾਡੇ ਸਮਾਜ ਦੀ ਬਹੁਤ ਵਿਸ਼ਾਲ ਗਿਣਤੀ ਇਨਸਾਨਾਂ ਨੂੰ ਕੋਈ ਮਨੁੱਖੀ ਅਧਿਕਾਰ ਨਹੀਂ ਹਨ। ਹਾਂ, ਮਨੁੱਖੀ ਅਧਿਕਾਰਾਂ ਨੂੰ ਕੁਚਲਣ ਲਈ ਹਕੂਮਤਾਂ ਨੇ ਜ਼ਾਬਰ ਤੋਂ ਜ਼ਾਬਰ ਕਾਨੂੰਨ ਜ਼ਰੂਰ ਘੜੇ ਹੋਏ ਹਨ ਅਤੇ ਵਰਤ ਵੀ ਰਹੀਆਂ ਹਨ। ਪੰਜਾਬ ਵਿੱਚ ਹੁਣੇ ਹੁਣ ਨਿੱਜੀ ਜਾਇਦਾਦ ਰੋਕੂ ਕਾਨੂੰਨ ਅਧੀਨ ਧਰਨੇ-ਮੁਜ਼ਾਹਰਿਆਂ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਜੋ ਵੀ ਕਰਦਾ ਹੈ, ਉਸ 'ਤੇ ਝੱਟ ਦੇਣੇ ਕੇਸ ਦਰਜ ਕਰ ਦਿੱਤੇ ਜਾਂਦੇ ਹਨ।

ਦਰਅਸਲ ਮਨੁੱਖੀ ਅਧਿਕਾਰਾਂ ਪਿੱਛੇ ਇਹ ਧਾਰਨਾ ਕੰਮ ਕਰਦੀ ਹੈ ਕਿ ਮਨੁੱਖ ਕੁਦਰਤੀ ਤੌਰ 'ਤੇ ਬਰਾਬਰ ਹਨ। ਇਸ ਲਈ ਸਭ ਨੂੰ ਮਨੁੱਖੀ ਅਧਿਕਾਰ ਮਿਲੇ ਹੋਣੇ ਚਾਹੀਦੇ ਹਨ। ਪਰ ਮਨੁੱਖੀ ਸਮਾਜ ਕੁਦਰਤੀ ਤੌਰ 'ਤੇ ਹੋਂਦ ਵਿੱਚ ਨਹੀਂ ਆਇਆ। ਇਹ ਸਮਾਜ ਤਾਂ ਮਨੁੱਖ ਨੇ ਸਿਰਜਿਆ ਅਤੇ ਵਿਕਸਤ ਕੀਤਾ ਹੈ ਅਤੇ ਕਰ ਰਿਹਾ ਹੈ। ਇਸੇ ਲਈ ਲੈਨਿਨ ਨੇ ਲਿਖਿਆ ਕਿ "ਮਨੁੱਖੀ ਅਧਿਕਾਰਾਂ ਨੂੰ ਸਮਝਣ ਲਈ ਮਨੁੱਖ ਨੂੰ ਸਮਾਜ ਦੇ ਅਨਿੱਖੜਵੇਂ ਅੰਗ ਦੇ ਰੂਪ ਵਿੱਚ ਸਮਝਣਾ ਚਾਹੀਦਾ ਹੈ।" ਆਓ ਦੇਖੀਏ ਕਿ ਕਿਵੇਂ। ਇਸ ਲਈ ਇਤਿਹਾਸ 'ਤੇ ਇੱਕ ਸਰਸਰੀ ਜਿਹੀ ਨਜ਼ਰ ਮਾਰਦੇ ਹਾਂ।

ਜਦੋਂ ਮਨੁੱਖ ਮੁਢਲੇ ਕਮਿਊਨ 'ਚ ਰਹਿੰਦਾ ਸੀ ਤਾਂ ਉਹ ਇੱਕ ਭਾਈਚਾਰਾ ਸੀ। ਉਹ ਆਪਣੀ ਖਾਧ-ਖਰਾਕ ਅਤੇ ਰਹਿਣ-ਵਸੇਰੇ ਲਈ ਕੁਦਰਤ 'ਤੇ ਹੀ ਨਿਰਭਰ ਸੀ। ਸਮੁੱਚੇ ਮਿਲਕੇ ਕੰਮ ਕਰਦੇ ਅਤੇ ਰਹਿੰਦੇ ਸਨ। ਕਿਉਂਕਿ ਉਦੋਂ ਕਿਸੇ ਦਾ ਕਿਸੇ ਕਿਸਮ ਦੀ ਜਾਇਦਾਦ 'ਤੇ ਕੋਈ ਨਿੱਜੀ ਅਧਿਕਾਰ ਨਹੀਂ ਸੀ। ਇਸ ਲਈ ਉਦੋਂ

ਕਿਸੇ ਕਿਸਮ ਦੀ ਕੋਈ ਊਚ-ਨੀਚ, ਭੇਦ-ਭਾਵ ਆਦਿ ਨਹੀਂ ਸਨ। ਉਸ ਵੇਲੇ ਦੇ ਮਨੁੱਖੀ ਸਮਾਜ ਅੰਦਰ ਇਹ ਮੇਰਾ ਹੈ, ਇਹ ਤੇਰਾ ਹੈ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ ਸੀ। ਜਦੋਂ ਇਹ ਸਵਾਲ ਨਹੀਂ ਸੀ ਤਾਂ ਵਿਰੋਧ ਕੀ ਹੋਣਾ ਸੀ। ਜਦੋਂ ਕੋਈ ਵਿਰੋਧ ਨਹੀਂ ਤਾਂ ਅਧਿਕਾਰਾਂ ਨੂੰ ਕੁਚਲਣ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ ਸੀ। ਇਸ ਲਈ ਜਿਹੋ-ਜਿਹੀ ਵੀ ਹਾਲਤ ਸੀ, ਉਸ ਵਿੱਚ ਸਮੁੱਚੀ ਮਨੁੱਖ ਜਾਤੀ ਇੱਕ-ਸਮਾਨ ਰਹਿ ਰਹੀ ਸੀ ਭਾਵੇਂ ਇਹ ਸਭ ਕੁੱਝ ਅਚੇਤ ਰੂਪ ਵਿੱਚ ਸੀ।

ਇਸ ਮੁਢਲੇ ਕਮਿਊਨ ਤੋਂ ਹੌਲੀ ਹੌਲੀ ਸਮਾਜ 'ਚ ਨਿੱਜੀ ਜਾਇਦਾਦ ਹੋਂਦ 'ਚ ਆ ਗਈ ਅਤੇ ਇਸ ਦੇ ਆਉਣ 'ਤੇ ਗੁਲਾਮਦਾਰੀ ਯੁੱਗ ਸ਼ੁਰੂ ਹੋ ਗਿਆ। ਇਸ ਗੁਲਾਮਦਾਰੀ ਯੁੱਗ ਵਿੱਚ ਗੁਲਾਮ-ਮਾਲਕ ਹੀ ਸਾਰੇ ਪੈਦਾਵਾਰੀ ਸੋਮਿਆਂ ਅਤੇ ਸਾਧਨਾਂ ਦੇ ਮਾਲਕ ਬਣ ਗਏ। ਇਸ ਲਈ ਗੁਲਾਮ-ਮਾਲਕਾਂ ਨੂੰ ਹੀ ਸਭ ਕਿਸਮ ਦੇ ਅਧਿਕਾਰ ਸਨ, ਇੱਥੋਂ ਤੱਕ ਕਿ ਉਹ ਆਪਣੇ ਮਨੋਰੰਜਨ ਲਈ ਗੁਲਾਮਾਂ ਦੇ ਸਿਰਾਂ ਨੂੰ ਤੀਰਾਂ ਦੇ ਨਿਸ਼ਾਨੇ ਲਾ ਸਕਦੇ ਸਨ। ਇਸਦੇ ਉਲਟ ਗੁਲਾਮਾਂ ਨੂੰ ਕਿਸੇ ਕਿਸਮ ਦੇ ਕੋਈ ਅਧਿਕਾਰ ਨਹੀਂ ਸਨ। ਸਾਡੇ ਦੇਸ਼ ਦੀ ਰਮਾਇਣ ਅੰਦਰ ਵੀ ਆਉਂਦਾ ਹੈ ਕਿ ਸ੍ਰੀ ਰਾਮ ਚੰਦਰ ਨੇ ਸੰਭੂਕ ਦਾ ਵਧ (ਕਤਲ) ਕਰ ਦਿੱਤਾ ਸੀ ਕਿਉਂਕਿ ਉਹ ਵੇਦਾਂ ਦਾ ਉਚਾਰਣ ਕਰ ਰਿਹਾ ਸੀ।ਮਨੂੰ ਸਮਰਿਤੀ 'ਚ ਦਰਜ ਹੈ ਕਿ ਔਰਤ, ਸ਼ੂਦਰ ਅਤੇ ਨਾਸਤਿਕ ਨੂੰ ਮਾਰ ਦੇਣਾ ਪਾਪ ਕਰਮ ਨਹੀਂ।

ਜਦੋਂ ਜਗੀਰਦਾਰੀ ਯੁੱਗ ਸ਼ੁਰੂ ਹੋ ਗਿਆ। ਇਸ ਜਗੀਰਦਾਰੀ ਯੁੱਗ 'ਚ ਰਾਜਿਆਂ, ਜਗੀਰਦਾਰਾਂ ਜਾਂ ਉਨ੍ਹਾਂ ਦੇ ਚਾਪਲੂਸਾਂ ਨੂੰ ਹੀ ਅਧਿਕਾਰ ਸਨ। ਇੱਥੋਂ ਤੱਕ ਕਿ ਕਿਸੇ ਜਗੀਰਦਾਰ ਦੀ ਜਗੀਰ ਅੰਦਰਲਾ ਕੋਈ ਮੁਜਾਹਰਾ ਜਾਂ ਕਿਰਤੀ ਆਪਣੀ ਸ਼ਾਦੀ ਰਚਾ ਲੈਂਦਾ ਤਾਂ ਜਗੀਰਦਾਰ ਨੂੰ ਇਹ ਅਧਿਕਾਰ ਸੀ ਕਿ ਉਹ ਉਸਦੀ ਪਤਨੀ ਨੂੰ ਪਹਿਲੀ ਰਾਤ ਆਪਣੇ ਕੋਲ ਰੱਖ ਸਕਦਾ ਸੀ। ਕਹਿਣ ਤੋਂ ਭਾਵ ਕਿ ਮੁਜਾਹਰਿਆਂ ਅਤੇ ਕਿਰਤੀਆਂ ਨੂੰ ਕਿਸੇ ਕਿਸਮ ਦੇ ਕੋਈ ਅਧਿਕਾਰ ਨਹੀਂ ਸਨ।

ਜਗੀਰਦਾਰੀ ਨੂੰ ਪਲਟਾ ਦੇ ਕੇ ਸਰਮਾਏਦਾਰੀ ਅੱਗੇ ਆਈ। ਇਹ ਸਰਮਾਏਦਾਰੀ ਦੀ ਲੋੜ ਸੀ। ਕਿਉਂਕਿ ਜਗੀਰਦਾਰੀ ਯੁੱਗ ਵੇਲੇ ਜੇਕਰ ਕਿਸੇ ਸਰਮਾਏਦਾਰ ਨੂੰ ਕਿਸੇ ਹੋਰ ਇਲਾਕੇ 'ਚ ਕਾਰਖਾਨਾ ਲਾਉਣਾ ਪੈਂਦਾ ਜਾਂ ਵਪਾਰ ਕਰਨਾ ਪੈਂਦਾ ਤਾਂ ਉਥੋਂ ਦਾ ਜਗੀਰਦਾਰ ਇਸਦਾ ਵਿਰੋਧ ਵੀ ਕਰ ਸਕਦਾ ਸੀ, ਟੈਕਸ ਲਾ ਸਕਦਾ ਸੀ। ਇਸ ਲਈ ਸਰਮਾਏਦਾਰੀ ਦੀ ਲੋੜ ਸੀ ਕਿ ਉਹ ਜਗੀਰੂ ਪ੍ਰਬੰਧ ਵਾਲਾ ਇਹ ਅੜਿੱਕਾ ਦੂਰ ਕਰੇ। ਇਸੇ ਲੋੜ 'ਚੋਂ ਹੀ ਉਸਨੇ ਉਸ ਵੇਲੇ ਦੇ ਅਗਾਂਹਵਧੂ ਨਾਅਰੇ ਲਗਾਏ ਜਿਵੇਂ ਸਭ ਨੂੰ ਵੋਟ ਮੱਤ ਦਾ ਅਧਿਕਾਰ, ਕਿਤੇ ਵੀ ਜਾਣ ਦਾ ਅਧਿਕਾਰ ਵਗੈਰਾ ਵਗੈਰਾ। ਸਰਮਾਏਦਾਰੀ ਯੁੱਗ ਜਦੋਂ ਸਥਾਪਤ ਹੋ ਗਿਆ ਤਾਂ ਇਸ 'ਚ ਕਿਰਤੀਆਂ ਨੂੰ ਇੱਕ ਹੱਦ ਤੱਕ ਤਾਂ ਅਧਿਕਾਰ ਮਿਲੇ ਪਰ ਸਰਮਾਏਦਾਰਾਂ ਦੇ ਬਰੋਬਰ ਦੇ ਮਨੁੱਖੀ ਅਧਿਕਾਰ ਨਹੀਂ। ਕਿਉਂ? ਜੇਕਰ ਸਰਮਾਏਦਾਰ ਦੇ ਕਾਰਖਾਨੇ ਅੰਦਰ ਕੋਈ ਕਿਰਤੀ ਕੰਮ ਕਰਦਾ ਹੈ ਤਾਂ ਉਹ ਉਸ ਕਾਰਖਾਨੇ 'ਚ ਪੈਦਾ ਹੋਣ ਵਾਲੀ ਪੈਦਾਵਾਰ 'ਤੇ ਸਰਮਾਏਦਾਰ ਦੇ ਬਰੋਬਰ ਦਾ ਅਧਿਕਾਰ ਨਹੀਂ ਰੱਖ ਸਕਦਾ। ਕਿਰਤੀ ਦੇ ਵਿਰੋਧ ਨੂੰ ਸਰਮਾਏਦਾਰ ਦਬਾਉਂਦਾ ਹੈ।

ਹੁਣ ਦੇਖੋ, ਮੁਢਲੇ ਕਮਿਊਨ 'ਚ ਸਮਾਜ 'ਚ ਬਰਾਬਰਤਾ ਹੋਣ ਕਰਕੇ ਬਰਾਬਰ ਦੇ ਅਧਿਕਾਰ। ਗੁਲਾਮਦਾਰੀ ਯੁੱਗ ਵਿੱਚ ਸਮੁੱਚੇ ਅਧਿਕਾਰ ਗੁਲਾਮ-ਮਾਲਕਾਂ ਨੂੰ, ਜਗੀਰਦਾਰੀ ਯੁੱਗ 'ਚ ਜਗੀਰਦਾਰਾਂ ਅਤੇ ਰਜਵਾੜਿਆਂ ਨੂੰ ਸਾਰੇ ਅਧਿਕਾਰ ਅਤੇ ਸਰਮਾਏਦਾਰੀ ਯੁੱਗ 'ਚ ਸਰਮਾਏਦਾਰੀ ਨੂੰ ਅਧਿਕਾਰ ਅਤੇ ਕਿਰਤੀਆਂ ਨੂੰ ਨਾਂ-ਮਾਤਰ ਅਧਿਕਾਰ। ਇਹ ਚਾਰੇ ਯੁੱਗਾਂ ਦੀਆਂ ਸੰਖੇਪ ਮਿਸਾਲਾਂ ਲੈਣ ਤੋਂ ਭਾਵ ਹੈ ਕਿ ਕਿਸੇ ਵੀ ਵੇਲੇ ਜਿਸ ਕਿਸਮ ਦਾ ਮਨੁੱਖੀ ਸਮਾਜ ਹੁੰਦਾ ਹੈ ਉਸ ਤਰ੍ਹਾਂ ਦੇ ਹੀ ਮਨੁੱਖੀ ਅਧਿਕਾਰ ਹੋ ਸਕਦੇ ਹੁੰਦੇ ਹਨ।

ਹੁਣ ਦੇਖਦੇ ਹਾਂ ਕਿ ਕੀ ਸਾਡੇ ਅੱਜ ਦੇ ਮਨੁੱਖੀ ਸਮਾਜ 'ਚ ਇੱਕੋ-ਜਿਹੇ ਮਨੁੱਖੀ ਅਧਿਕਾਰ ਹੋ ਸਕਦੇ ਹਨ। ਇਹ ਇੱਕ ਹਕੀਕਤ ਹੈ ਕਿ ਸਾਡਾ ਅੱਜ ਦਾ ਸਮਾਜ ਦੋ ਵਿਰੋਧੀ ਧਿਰਾਂ, ਇੱਕ ਕਿਰਤੀ ਅਤੇ ਦੂਸਰੀ ਲੁਟੇਰੀ, ਇੱਕ ਕਾਮੀ ਅਤੇ ਦੂਸਰੀ ਵਿਹਲੜ, ਵਿੱਚ ਵੰਡਿਆ ਹੋਇਆ ਹੈ। ਜਦੋਂ ਸਮਾਜ ਵਿਰੋਧੀ ਧਿਰਾਂ 'ਚ ਵੰਡਿਆ ਹੋਇਆ ਹੈ ਤਾਂ ਇੱਕ ਸਮਾਨ ਅਧਿਕਾਰਾਂ ਦੀ ਗੱਲ ਕਰਨਾ ਅਤੇ ਸੋਚਣਾ ਇੱਕ ਸ਼ੇਖ-ਚਿਲੀ ਦੇ ਸੁਫਨੇ ਤੋਂ ਵੱਧ ਕੁੱਝ ਨਹੀਂ ਹੋ ਸਕਦੀ। ਕੁਦਰਤੀ ਤੌਰ 'ਤੇ ਮਨੁੱਖ ਇੱਕ ਹਨ, ਇਸ ਲਈ ਸਭ ਨੂੰ ਇੱਕ ਸਮਾਨ ਮਨੁੱਖੀ ਅਧਿਕਾਰ ਹੋਣੇ ਚਾਹੀਦੇ ਹਨ ਦਾ

ਭਾਵ ਤਾਂ ਫਿਰ ਇਹ ਬਣ ਜਾਵੇਗਾ ਕਿ ਲੁਟੇਰੇ ਨੂੰ ਵੀ ਲੁੱਟੇ ਜਾਣ ਵਾਲੇ ਵਾਂਗ ਮਨੁੱਖੀ ਅਧਿਕਾਰ ਹੈ, ਜ਼ਾਬਰ ਤੇ ਮਜ਼ਲੂਮ ਨੂੰ ਇੱਕੋ ਜਿਹੇ ਮਨੁੱਖੀ ਅਧਿਕਾਰ ਹਨ, ਜੋਕਾਂ ਨੂੰ ਖ਼ੂਨ ਚੂਸਣ ਦਾ ਅਤੇ ਜਿਸਦਾ ਖ਼ੂਨ ਚੂਸਿਆ ਜਾ ਰਿਹਾ ਹੈ ਉਨ੍ਹਾਂ ਨੂੰ ਇੱਕੋ ਜਿਹੇ ਮਨੁੱਖੀ ਅਧਿਕਾਰ ਹਨ। ਇਸ ਤਰ੍ਹਾਂ ਇਹ ਦੋ ਵਿਰੋਧੀ ਹਾਲਤਾਂ ਦੀ ਲੜੀ ਜਿੰਨੀ ਮਰਜ਼ੀ ਲੰਬੀ ਕਰ ਲਵੋ।

ਹੁਣ ਦੇਖੋ ਕਿ ਕਿਹੜਾ ਪੂੰਜੀਪਤੀ ਜਾਂ ਜਗੀਰਦਾਰ ਇਹ ਅਧਿਕਾਰ ਕਾਇਮ ਰੱਖੀ ਰੱਖਣਾ ਨਹੀਂ ਚਾਹੇਗਾ ਕਿ ਉਸ ਕੋਲ ਉਸ ਦੀ ਪੂੰਜੀ ਕਾਇਮ ਰਹੇ ਜਿਸ ਸਹਾਰੇ ਉਹ ਕਿਰਤੀਆਂ ਦੀ ਲੁੱਟ ਕਰਦਾ ਰਹਿ ਸਕੇ। ਹਰ ਕੋਈ ਇਹੀ ਚਾਹੇਗਾ। ਇਸੇ ਲਈ ਮਾਰਕਸ ਨੇ ਇਸ ਪੂੰਜੀ ਦੇ ਅਧਿਕਾਰ ਨੂੰ ਸਰਮਾਏਦਾਰਾਨਾ (ਬੁਰਜੂਆ) ਅਧਿਕਾਰ ਕਿਹਾ ਹੈ। ਜਿੰਨੀ ਚਿਰ ਇਹ ਪੈਦਾਵਾਰੀ ਸੋਮਿਆਂ ਅਤੇ ਸਾਧਨਾਂ ’ਤੇ ਮੁੱਠੀ ਭਰ ਲਾਣੇ ਦਾ ਅਧਿਕਾਰ ਬਣਿਆ ਰਹੇਗਾ ਉਨੀਂ ਦੇਰ ਤੱਕ ਸੁਤੰਤਰਤਾ ਦਾ ਅਰਥ ਇਹ ਬਣ ਜਾਂਦਾ ਹੈ ਕਿ ਪੂੰਜੀਪਤੀਆਂ ਨੂੰ ਲੁੱਟ ਕਰਨ ਦੀ ਸੁਤੰਤਰਤਾ ਅਤੇ ਕਿਰਤੀਆਂ ਨੂੰ ਕਹਿਣ ਨੂੰ ਹੀ ਸੁਤੰਤਰਤਾ ਹੈ। ਇਸ ਲਈ ਕਿਰਤੀਆਂ ਦੀ ਸੁਤੰਤਰਤਾ ਸਿਰਫ ਤੇ ਸਿਰਫ ਪੈਦਾਵਾਰੀ ਸੋਮਿਆਂ ਅਤੇ ਸਾਧਨਾਂ ਦੀ ਨਿੱਜੀ ਮਾਲਕੀ ਤੋਂ ਸਮੂਹਿਕ ਭਾਵ ਸਭ ਦੇ ਪੈਦਾਵਾਰ ਕਰਨ ਲਈ ਸੁਤੰਤਰ ਹੋਣ ਵਾਲੀ ਹਾਲਤ ਬਣਾਉਣ ਨਾਲ ਹੀ ਹੋਵੇਗੀ। ਇਸੇ ਲਈ ਮਾਰਕਸ ਨੇ ਸੁਤੰਤਰਤਾ ਦੀ ਵਿਆਖਿਆ ਕਿਰਤੀਆਂ ਦੀ ਪੂੰਜੀਵਾਦੀ ਲੁੱਟ ਤੋਂ ਮੁਕਤੀ ਦੇ ਰੂਪ ਵਿੱਚ ਕੀਤੀ ਭਾਵ ਮੁਢਲੇ ਕਮਿਊਨ ਵਰਗੇ ਸਮਾਜ ਦੀ ਸਿਰਜਣਾ ਵਿੱਚ। ਭਾਵੇਂ ਉਸ ਅਚੇਤ ਰੂਪ ਵਾਲੇ ਮੁਢਲੇ ਕਮਿਊਨ ਨਾਲੋਂ ਹੁਣ ਸਥਾਪਤ ਕੀਤਾ ਜਾਣ ਵਾਲਾ ਭਾਈਚਾਰਾ (ਕਮਿਊਨ) ਬਹੁਤ ਹੀ ਅੱਗੇ ਵਧ ਚੁੱਕੇ ਚੇਤੰਨ ਸਮਾਜ ਦੇ ਰੂਪ ’ਚ ਹੋਵੇਗਾ। ਹਾਂ, ਜਿੰਨਾ ਚਿਰ ਇਹ ਕਮਿਊਨ ਸਥਾਪਤ ਨਹੀਂ ਹੁੰਦਾ ਅਤੇ ਉਸਤੋਂ ਪਹਿਲਾਂ ਵਾਲਾ ਸਮਾਜਵਾਦ ਦਾ ਪੜ੍ਹਾਅ ਆਉਂਦਾ ਹੈ ਉਸ ਵਿੱਚ ਬਰਾਬਰ ਕੰਮ ਲਈ ਬਰਾਬਰ ਤਨਖਾਹ, ਰੁਜ਼ਗਾਰ ਦਾ ਅਧਿਕਾਰ, ਬੇਕਾਰੀ ਦੀ ਸਥਿਤੀ ਵਿੱਚ ਸਰਕਾਰੀ ਸਹਾਇਤਾ ਆਦਿ ਮਨੁੱਖੀ ਅਧਿਕਾਰ ਚਾਲੂ ਰਹਿਣਗੇ।

ਬਸ, ਭਾਈਚਾਰੇ ਵਾਲੇ ਮਨੁੱਖੀ ਸਮਾਜ (ਕਮਿਊਨ) ਵਿੱਚ ਹੀ ਸਭ ਮਨੁੱਖ ਬਰੋਬਰ ਹੋਣਗੇ ਅਤੇ ਸਭ ਨੂੰ ਇੱਕੋ-ਜਿਹੇ ਮਨੁੱਖੀ ਅਧਿਕਾਰ ਹੋਣਗੇ। ਪਰ ਅੱਜ ਦੇ ਲੁਟੇਰੇ ਯੁੱਗ ਵਿੱਚ ਸਭ ਮਨੁੱਖ ਨੂੰ ਇੱਕੋ-ਜਿਹੇ ਮਨੁੱਖੀ ਅਧਿਕਾਰਾਂ ਦੀ ਵਕਾਲਤ ਕਰਨਾ ਜਾਂ ਹੋ ਸਕਣ ਦੀ ਸੰਭਾਵਨਾ ਦੀ ਸੋਚ ਸੋਚਣਾ ਨਿਰਮੂਲ ਹੈ। ਇਸ ਲਈ ਜਿਹੜੇ ਵੀ ਲੋਕ ਸਭ ਮਨੁੱਖਾਂ ਨੂੰ ਇੱਕੋ-ਜਿਹੇ ਮਨੁੱਖੀ ਅਧਿਕਾਰਾਂ ਹੋਣ ਦੀ ਉਮੰਗ ਰੱਖਦੇ ਹਨ ਉਨ੍ਹਾਂ ਨੂੰ ਅੱਜ ਦੇ ਦੌਰ ’ਚ ਲੋਕਾਂ ਨੂੰ ਮਨੁੱਖੀ ਅਧਿਕਾਰਾਂ ਬਾਰੇ ਚੇਤੰਨ ਕਰਦਿਆਂ ਬਰਾਬਰਤਾ ਵਾਲੇ ਸਮਾਜ ਸਿਰਜਣ ਦੀ ਲੋੜ ਵਲ ਪ੍ਰੇਰਿਤ ਕਰਨ ਵੱਲ ਵਧਣਾ ਚਾਹੀਦਾ ਹੈ।

98769-53561

ਮਿੰਨੀ ਕਹਾਣੀ

ਗਿਰਗਟ

ਇੰਜ: ਜੁਝਾਰ ਲੌਂਗੋਵਾਲ

ਰਾਜ ਦੇ ਸਭ ਤੋਂ ਮਸ਼ਹੂਰ ਰਾਗੀ ਸਾਹਿਬ ਰਿਕਾਰਡਿੰਗ ਕੰਪਨੀ ਦੇ ਮੇਜ਼ਬਾਨ ਕਮਰੇ ਵਿੱਚ ਕੰਪਨੀ ਮਾਲਕ ਨੂੰ ਰਿਕਾਰਡਿੰਗ ਤੋਂ ਪਹਿਲਾਂ ਸਾਰੀ ਪੇਮੈਂਟ ਕਰਨ ਨੂੰ ਕਹਿ ਰਹੇ ਸਨ।

“ਭਾਈ ਸਾਹਿਬ ਕੁੱਝ ਸਮੇਂ ਬਾਅਦ ਬੈਂਕ ਖੁੱਲ ਜਾਣਾ ਹੈ। ਤੁਹਾਡੀ ਮਿਹਨਤਾਨੇ ਦੀ ਪੂਰੀ ਰਾਸ਼ੀ 10 ਵਜੇ ਤੋਂ ਬਾਅਦ ਤੁਹਾਨੂੰ ਦੇ ਦਿੱਤੀ ਜਾਵੇਗੀ। ਤਦ ਤੱਕ ਤੁਸੀਂ ਰਿਕਾਰਡਿੰਗ ਰੂਮ ਵਿੱਚ ਪਹੁੰਚੋ, ਸਭ ਕੁੱਝ ਤਿਆਰ ਹੈ” ਕੰਪਨੀ ਦੇ ਮਾਲਕ ਨੇ ਕਿਹਾ।

“ਨਾ ਭਾਈ ਗੁਰਮੁੱਖਾ, ਬੈਂਕ ਕਦ ਖੁੱਲਿਆ ਤੇ ਕਦ ਦਸ ਵੱਜੇ, ਤੁਸੀਂ ਹਾਰਡ ਕੈਸ਼ ਦੀ ਬਜਾਏ ਸਾਨੂੰ ਚੈਕ ਹੀ ਦੇ ਦਿਓ” ਰਾਗੀ ਸਾਹਿਬ ਇਸ ਗੱਲ ਤੇ ਅੜ ਗਏ।

ਕੋਈ ਪੇਸ਼ ਨਾ ਚਲਦੀ ਵੇਖ ਕੇ ਕੰਪਨੀ ਦੇ ਮਾਲਕ ਨੇ ਇੱਕ ਲੱਖ ਰੁਪਏ ਦਾ ਚੈੱਕ ਪੇਸ਼ਗੀ ਦੇ ਤੌਰ ਤੇ ਦੇ ਹੀ ਦਿੱਤਾ।

ਹੁਣ ਰਿਕਾਰਡਿੰਗ ਸ਼ੁਰੂ ਹੋ ਚੁੱਕੀ ਸੀ, ਰਾਗੀ ਸਾਹਿਬ ਬੜੀ ਸੁਰੀਲੀ ਆਵਾਜ਼ ਵਿੱਚ ਨਿਮਰਤਾ ਨਾਲ ਫੁਰਮਾ ਰਹੇ ਸਨ।

“ਇਹ ਭਾਈ ਜੋ ਮਾਇਆ ਹੈ ਇਹ ਕਾਲੀ ਨਾਗਣੀ ਹੈ, ਇਸਨੇ ਮਨੁੱਖੀ ਕਿਰਦਾਰ ਨੂੰ ਡੰਗ ਲਿਆ ਹੈ... ਇਸਦੇ ਮੋਹ ਤੋਂ ਬਚੋ। ਭਾਈ ਇਹਨੇ ਨਾਲ ਨਹੀਓਂ ਜਾਣਾ... ਜਾਣਾ ਕੀ ਹੈ ਨਾਲ... ਭਾਈ ਜੋ ਤੁਸੀਂ ਕਰਮ ਕਰਦੇ ਹੋ।” ਰਿਕਾਰਡਿੰਗ ਕੰਪਨੀ ਦਾ ਮਾਲਕ ਰਿਕਾਰਡਿੰਗ ਤੋਂ ਪਹਿਲਾਂ ਤੇ ਬਾਅਦ ਵਾਲੇ ਰਾਗੀ ਸਾਹਿਬ ਦੇ ਕਿਰਦਾਰ ਤੇ ਕਰਮ ਵਿੱਚ ਫਰਕ ਲੱਭਣ ਲੱਗ ਪਿਆ।

98728-83701

ਤਾਂਤਰਿਕ ਜੋੜੇ ਸਮੇਤ ਚਾਰ ਨੂੰ ਫਾਂਸੀ

ਰਾਏਪੁਰ – ਛੱਤੀਸਗੜ੍ਹ ਦੇ ਦੁਰਗ ਜ਼ਿਲੇ ਵਿੱਚ 6 ਸਾਲਾ ਲੜਕੀ ਦੀ ਬਲੀ ਚੜਾਉਣ ਦੇ ਮਾਮਲੇ ਵਿੱਚ ਅਦਾਲਤ ਨੇ ਤਾਂਤਰਿਕ ਜੋੜੇ ਸਮੇਤ 4 ਵਿਅਕਤੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਦੁਰਗ ਜ਼ਿਲਾ ਅਤੇ ਸੈਸ਼ਨ ਅਦਾਲਤ ਦੇ ਜੱਜ ਗੌਤਮ ਚੌਰੜੀਆਂ ਦੀ ਅਦਾਲਤ ਨੇ 6 ਸਾਲਾ ਲੜਕੀ ਮਨੀਸ਼ਾ ਦੇਬਾਰ ਦੀ ਬਲੀ ਚੜ੍ਹਾਉਣ ਦੇ ਮਾਮਲੇ ਵਿੱਚ ਤਾਂਤਰਿਕ ਜੋੜੇ ਈਸ਼ਵਰੀ ਯਾਦਵ ਅਤੇ ਉਸ ਦੀ ਪਤਨੀ ਕਿਰਨ ਯਾਦਵ ਤੇ ਉਸ ਦੇ ਦੋ ਚੇਲਿਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਦੁਰਗ ਜ਼ਿਲੇ ਦੇ ਕੇਲਾਬਾੜੀ ਇਲਾਕੇ ਵਿੱਚ 4 ਮਾਰਚ 2010 ਦੀ ਰਾਤ 6 ਸਾਲਾ ਲੜਕੀ ਮਨੀਸ਼ਾ ਲਾਪਤਾ ਹੋ ਗਈ ਸੀ। ਬਾਅਦ ਵਿੱਚ ਪੁਲਸ ਨੇ ਘਟਨਾ ਦੇ 8 ਮਹੀਨਿਆਂ ਮਗਰੋਂ ਮਨੀਸ਼ਾ ਦੀ ਹੱਤਿਆ ਦੇ ਦੋਸ਼ ਵਿੱਚ ਚਾਰਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਸੀ। (ਜੱਗ ਬਾਣੀ)

ਹਤਿਆਰਾ 'ਚਮਤਕਾਰੀ ਪੀਰ' ਗ੍ਰਿਫਤਾਰ

ਇਸਲਾਮਾਬਾਦ– ਪਾਕਿਸਤਾਨ 'ਚ ਇੱਕ ਅਜਿਹੇ ਪੀਰ ਨੂੰ ਹੱਤਿਆ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਹੈ, ਜੋ ਆਪਣੇ ਮੁਰੀਦਾਂ ਨੂੰ ਮਰਨ ਮਗਰੋਂ ਜਿੰਦਾ ਕਰਨ ਦਾ 'ਚਮਤਕਾਰ' ਕਰਨ ਦਾ ਦਾਅਵਾ ਕਰਦਾ ਸੀ। ਸੱਦਾਰ ਥਾਣੇ ਦੇ ਬੁਲਾਰੇ ਅਨੁਸਾਰ ਬਹਾਵਲਨਗਰ ਜ਼ਿਲੇ 'ਚ ਮੁਬਾਰਕਬਾਦ ਪਿੰਡ ਦੇ ਪੀਰ ਮੁਹੰਮਦ ਸਾਬਿਰ ਨੂੰ ਕੱਲ ਮੁਲਤਾਨ 'ਚੋਂ ਗ੍ਰਿਫਤਾਰ ਕੀਤਾ ਗਿਆ। ਪਿਛਲੇ 5 ਵਰ੍ਹਿਆਂ ਦੌਰਾਨ ਸਾਬਿਰ ਦਾ ਅਕਸ ਚਮਤਕਾਰ ਕਰਨ ਵਾਲੇ ਬਾਬੇ ਵਜੋਂ ਬਣ ਗਿਆ ਸੀ। (ਜੱਗ ਬਾਣੀ)

ਗੈਬੀ ਸ਼ਕਤੀ ਦਿਖਾਉਣ ਤੋਂ ਭੱਜਿਆ ਤਾਂਤਰਿਕ

ਮੋਹਾਲੀ– ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਗੈਬੀ ਸ਼ਕਤੀ ਦਿਖਾਉਣ ਦਾ ਦਾਅਵਾ ਕਰਨ ਵਾਲਾ ਤਾਂਤਰਿਕ ਆਪਣੀ ਕਹਿਣੀ ਤੋਂ ਭੱਜ ਗਿਆ ਹੈ ਤੇ ਉਸ ਨੇ ਲਿਖਤੀ ਤੌਰ 'ਤੇ ਇਹ ਮੰਨਿਆ ਹੈ ਕਿ ਉਸ ਕੋਲ ਕੋਈ ਗੈਬੀ ਸ਼ਕਤੀ ਨਹੀਂ ਹੈ। ਢਾਈ ਮਹੀਨੇ ਪਹਿਲਾਂ ਮੁਹਾਲੀ ਨੇੜਲੀ ਜਗਤਪੁਰਾ ਕਲੋਨੀ ਦੇ ਇੱਕ ਤਾਂਤਰਿਕ ਓਮ ਪ੍ਰਕਾਸ਼ ਨੇ ਤਰਕਸ਼ੀਲ ਸੁਸਾਇਟੀ ਨੂੰ ਲਿਖਤੀ ਤੌਰ 'ਤੇ ਚੈਲੰਜ਼ ਕੀਤਾ ਸੀ ਕਿ ਉਸ ਕੋਲ ਗੈਬੀ ਸ਼ਕਤੀ ਹੈ ਤੇ ਉਹ ਕਿਸੇ ਸ਼ਕਤੀ ਨਾਲ ਸੁਸਾਇਟੀ ਮੈਂਬਰ ਦੀ ਜੇਬ ਵਿਚਲੇ ਨੋਟ ਦਾ ਲੜੀ ਨੰਬਰ ਪੜ੍ਹ ਕੇ ਦੱਸ ਸਕਦਾ ਹੈ ਜਾਂ ਆਪਣੇ ਪੀਰ ਦੀ ਸ਼ਕਤੀ ਨਾਲ ਲਾਇਸੈਂਸ ਦਾ ਸਹੀ ਨਬਰ ਦੱਸ ਸਕਦਾ ਹੈ। ਇਸ ਕਾਰਜ ਲਈ ਉਸ ਨੇ ਢਾਈ ਮਹੀਨੇ ਦਾ ਸਮਾਂ 'ਰਿੱਧੀਆਂ–ਸਿੱਧੀਆਂ' ਪ੍ਰਾਪਤ ਕਰਨ ਲਈ ਮੰਗਿਆ ਸੀ। ਹੁਣ ਢਾਈ ਮਹੀਨੇ ਪੂਰੇ ਹੋਣ 'ਤੇ ਜਦੋਂ ਤਰਕਸ਼ੀਲ ਸੁਸਾਇਟੀ ਦੀ ਇਕਾਈ ਮੋਹਾਲੀ ਦੀ ਟੀਮ ਨੇ ਤਰਕਸ਼ੀਲ ਆਗੂ ਜਰਨੈਲ ਕ੍ਰਾਂਤੀ ਦੀ ਅਗਵਾਈ ਹੇਠ ਤਾਂਤਰਿਕ ਨੂੰ ਗੈਬੀ ਸ਼ਕਤੀ ਦਿਖਾਉਣ ਲਈ ਕਿਹਾ ਤਾਂ ਤਾਂਤਰਿਕ ਮੁਕਰ ਗਿਆ ਤੇ ਉਸ ਨੇ ਲਿਖ ਕੇ ਦਿੱਤਾ ਉਸ ਕੋਲ ਕੋਈ ਗੈਬੀ ਸ਼ਕਤੀ ਨਹੀਂ। (ਨਵਾਂ ਜ਼ਮਾਨਾ)

ਪਖੰਡੀ ਸਾਧੂ ਵੱਲੋਂ ਜਬਰ ਜਨਾਹ ਦੀ ਕੋਸ਼ਿਸ਼

ਹੁਸ਼ਿਆਰਪੁਰ – ਪਿੰਡ ਪਟਿਆੜੀਆਂ ਵਿੱਚ ਇੱਕ ਔਰਤ ਨੂੰ ਬਾਹਰੀ ਕਸਰ ਦੱਸ ਕੇ ਉਸ ਦਾ ਇਲਾਜ ਕਰਨ ਬਹਾਨੇ ਜਬਰ ਜਨਾਹ ਦੀ ਕੋਸ਼ਿਸ਼ ਕਰਨ ਵਾਲੇ ਮੁਹੱਲਾ ਬਲਵੀਰ ਕਲੋਨੀ ਦੇ ਇੱਕ ਪਾਖੰਡੀ ਸਾਧੂ ਅਤੇ ਉਸ ਦੀ ਮਦਦ ਕਰਨ ਵਾਲੇ ਔਰਤ ਦੇ ਪਤੀ ਤੇ ਦਿਓਰ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ।

ਪੀੜਤ ਔਰਤ ਨੇ ਪੁਲੀਸ ਕੋਲ ਕੀਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਬੀਮਾਰ ਰਹਿੰਦੀ ਸੀ ਤੇ ਇੱਕ ਦਿਨ ਉਸ ਦੇ ਪਤੀ ਨੇ ਉਸ ਨੂੰ ਇੱਕ ਸਾਧੂ ਭਜਨ ਪ੍ਰਕਾਸ਼ ਨਾਲ ਮਿਲਾਇਆ ਜਿਸ ਨੇ ਦੱਸਿਆ ਕਿ ਉਸ ਨੂੰ ਕੋਈ ਬਾਹਰੀ ਕਸਰ ਹੈ। ਔਰਤ ਨੇ ਦੱਸਿਆ ਕਿ ਬੀਤੀ ਰਾਤ ਇਹ ਸਾਧੂ ਉਨ੍ਹਾਂ ਦੇ ਘਰ ਆਇਆ ਅਤੇ ਇਲਾਜ ਬਹਾਨੇ ਉਸ ਨੂੰ ਇੱਕ ਕਮਰੇ 'ਚ ਲੈ ਗਿਆ ਤੇ ਕੋਈ ਨਸ਼ੀਲੀ ਦਵਾਈ ਪਿਲਾ ਕੇ ਉਸ ਨਾਲ ਜਬਰ ਜਨਾਹ ਦੀ ਕੋਸ਼ਿਸ਼ ਕੀਤੀ। ਪੁਲੀਸ ਨੇ ਉਸਦੀ ਸ਼ਿਕਾਇਤ 'ਤੇ ਉਸ ਦੇ ਪਤੀ ਅਤੇ ਦਿਉਰ ਸਮੇਤ ਸਾਧੂ ਭਜਨ ਪ੍ਰਕਾਸ਼ ਖਿਲਾਫ ਧਾਰਾ 354–ਬੀ/120–ਬੀ ਤਹਿਤ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। (ਪੰਜਾਬੀ ਟ੍ਰਿਬਿਊਨ)

ਬ੍ਰਿਟਿਸ਼ ਵਿਗਿਆਨੀਆਂ ਦੇ ਮੁਕਾਬਲੇ ਜਿਆਦਾ ਧਾਰਮਿਕ ਹਨ ਭਾਰਤੀ ਵਿਗਿਆਨੀ

ਲੰਡਨ – ਵਿਗਿਆਨੀਆਂ ਦਰਮਿਆਨ ਧਰਮ ਅਤੇ ਅਧਿਆਤਮਿਕਤਾ ਨੂੰ ਲੈ ਕੇ ਪਹਿਲੀ ਵਾਰ ਬ੍ਰਿਟੇਨ ਅਤੇ ਭਾਰਤ ਵਿੱਚ ਕੀਤੇ ਗਏ ਇੱਕ ਅਧਿਐਨ ਮੁਤਾਬਕ ਬ੍ਰਿਟਿਸ਼ ਵਿਗਿਆਨੀਆਂ ਦੇ ਮੁਕਾਬਲੇ ਭਾਰਤੀ ਵਿਗਿਆਨੀ ਜ਼ਿਆਦਾ ਧਾਰਮਿਕ ਹਨ। ਸਰਵੇਖਣ ਵਿੱਚ ਬ੍ਰਿਟੇਨ ਦੇ 65 ਫੀਸਦੀ ਵਿਗਿਆਨੀਆਂ ਦੀ ਜਦਕਿ ਸਿਰਫ 6 ਫੀਸਦੀ ਭਾਰਤੀ ਵਿਗਿਆਨੀਆਂ ਦੀ ਪਛਾਣ ਗੈਰ–ਧਾਰਮਿਕ ਰੂਪ ਵਿੱਚ ਕੀਤੀ ਗਈ ਹੈ। (ਜੱਗ ਬਾਣੀ)

ਧਰਤੀ ਤੋਂ ਅਰਬਾਂ ਮੀਲ ਦੂਰ ਗ੍ਰਹਿ 'ਤੇ ਮਿਲੀਆਂ ਪਾਣੀਆਂ ਦੀਆਂ ਬੂੰਦਾਂ

ਖੋਜੀਆਂ ਨੂੰ ਡੂੰਘੇ ਪੁਲਾੜ 'ਚ ਧਰਤੀ ਤੋਂ 729 ਖਰਬ ਮੀਲ ਦੂਰ ਸਥਿਤ ਇੱਕ ਗ੍ਰਹਿ ਦੇ ਵਾਯੂਮੰਡਲ 'ਚ ਪਾਣੀ ਦੀਆਂ ਬੂੰਦਾਂ ਮਿਲੀਆਂ ਹਨ। ਇਹ ਗ੍ਰਹਿ ਧਰਤੀ ਤੋਂ ਚਾਰ ਗੁਣਾ ਵੱਡਾ ਹੈ। ਹਾਲਾਂ ਕਿ ਇਹ ਗ੍ਰਹਿ ਗਰਮ ਗੈਸਾਂ ਦੇ ਗੋਲੇ ਤੋਂ ਬਿਨਾਂ ਕੁਝ ਨਹੀਂ ਹੈ। ਅਜਿਹੇ 'ਚ ਪਾਣੀ ਦੀ ਮੌਜੂਦਗੀ ਦੇ ਬਾਵਜੂਦ ਇਸ ਗ੍ਰਹਿ 'ਤੇ ਜੀਵਨ ਸੰਭਵ ਨਹੀਂ। 'ਐੱਚਏਟੀ-11ਬੀ' ਸਾਡੀ ਸੌਰ ਪ੍ਰਣਾਲੀ ਤੋਂ ਬਾਹਰ ਹੁਣ ਤੱਕ ਦਾ ਸਭ ਤੋਂ ਛੋਟਾ ਗ੍ਰਹਿ ਹੈ। ਬੱਦਲਾਂ ਨਾਲ ਘਿਰੇ ਹੋਣ ਕਾਰਨ ਜਿਆਦਾਤਰ ਗ੍ਰਹਿਆਂ ਦਾ ਅਧਿਐਨ ਮੁਸ਼ਕਲ ਹੁੰਦਾ ਹੈ। ਹੁਣ ਤੱਕ ਇਸ ਅਕਾਰ ਦੇ ਗ੍ਰਹਿਆਂ ਨੂੰ ਬੱਦਲ ਘੇਰੀ ਰੱਖਦੇ ਹਨ। ਜਿਸ ਕਾਰਨ ਟੈਲੀਸਕੋਪ ਉਨ੍ਹਾਂ ਦੇ ਪਾਰ ਵੇਖ ਨਹੀਂ ਸਕਦੇ ਪਰ ਐੱਚਏਟੀ-11 ਬੀ ਦਾ ਆਕਾਸ਼ ਸਾਫ ਹੈ। ਇਹ ਰਿਪੋਰਟ ਜਰਨਲ 'ਨੇਚਰ ਰਿਸਰਚਰ' 'ਚ ਛਪੀ ਹੈ।

ਅਪਰਾਧੀਆਂ ਨੂੰ ਫੜ੍ਹੇਗਾ ਮੈਜਿਕ ਪੈੱਨ

ਵਿਗਿਆਨੀਆਂ ਨੇ ਇੱਕ ਅਜਿਹਾ ਪੈੱਨ ਤਿਆਰ ਕੀਤਾ ਹੈ, ਜੋ ਅਪਰਾਧੀਆਂ ਨੂੰ ਫੜ੍ਹਨ 'ਚ ਮਦਦ ਕਰ ਸਕਦਾ ਹੈ। ਅਪਰਾਧ ਦੌਰਾਨ ਜੇ ਅਪਰਾਧੀ ਕਿਸੇ ਚੀਜ਼ 'ਤੇ ਆਪਣੀਆਂ ਉਂਗਲੀਆਂ ਦੇ ਨਿਸ਼ਾਨ ਛੱਡ ਦਿੰਦੇ ਹਨ ਤਾਂ ਇਸ ਪੈੱਨ ਨਾਲ ਅਪਰਾਧੀ ਦੀ ਪਛਾਣ ਕੀਤੀ ਜਾ ਸਕੇਗੀ। ਇਸ ਨੂੰ ਲੀਸੇਟਰ ਯੂਨੀਵਰਸਿਟੀ ਦੇ ਅਪਰਾਧ ਵਿਗਿਆਨ ਦੇ ਡਾ. ਜੌਨ ਬਾਂਡ ਨੇ ਤਿਆਰ ਕੀਤਾ ਹੈ। ਇਹ ਪੈੱਨ ਪੈਟਰੋਲ ਸਟੇਸ਼ਨਾਂ ਅਤੇ ਏਟੀਐਮ ਆਦਿ ਨਾਲ ਥਰਮਲ ਪਲਾਂਟ ਪੇਪਰ 'ਤੇ ਮਿਲਣ ਵਾਲੀਆਂ ਰਸੀਦਾਂ 'ਤੇ ਦਰਜ ਉਂਗਲੀਆਂ ਦੇ ਨਿਸ਼ਾਨ ਦੀ ਪਛਾਣ ਕਰ ਸਕੇਗਾ। ਪੈੱਨ ਦੀ ਥਰਮਲ ਪੇਪਰ 'ਤੇ ਵਰਤੋਂ ਕਰਨ 'ਤੇ ਪੇਪਰ ਦਾ ਰੰਗ ਬਦਲ ਜਾਵੇਗਾ ਤੇ ਇਸ 'ਤੇ ਦਰਜ ਉਂਗਲੀਆਂ ਦੀ ਪਛਾਣ ਕੀਤੀ ਜਾ ਸਕੇਗੀ। ਪੈੱਨ ਦੇ ਫੋਰਾਂਸਿਕ ਮਾਹਿਰਾਂ, ਪੁਲਸ ਤੇ ਅਪਰਾਧਾਂ ਦੀ ਜਾਂਚ ਕਰਨ ਵਾਲਿਆਂ ਦੇ ਕਾਫੀ ਕੰਮ ਆਉਣ ਦੀ ਉਮੀਦ ਹੈ।

ਮੰਗਲ ਵਰਗੇ ਵਾਤਾਵਰਨ ਦਾ ਹੋਏਗਾ ਅਧਿਐਨ

ਮੰਗਲ ਗ੍ਰਹਿ 'ਤੇ ਜ਼ਿੰਦਗੀ ਦੀ ਭਾਲ ਕਰ ਰਹੇ ਖੋਜੀ ਹੁਣ ਧਰਤੀ 'ਤੇ ਮੰਗਲ ਦਾ ਅਧਿਐਨ ਕਰਨ ਦੀ ਤਿਆਰੀ ਕਰ ਰਹੇ ਹਨ। ਇਨ੍ਹਾਂ ਦੇ ਅਧਿਐਨ ਨਾਲ ਮੰਗਲ 'ਤੇ ਜ਼ਿੰਦਗੀ ਦੀ ਸੰਭਾਵਨਾ ਤਲਾਸ਼ਣ ਦੀ ਦਿਸ਼ਾ 'ਚ ਮਦਦ ਮਿਲਣ ਦੀ ਸੰਭਾਵਨਾ ਹੈ।

ਖੋਜੀਆਂ ਦਾ ਵਿਸ਼ਵਾਸ ਹੈ ਕਿ ਧਰਤੀ 'ਤੇ ਮੌਜੂਦ ਮੰਗਲ ਜਿਹੇ ਵਾਤਾਵਰਣ ਦੇ ਅਧਿਐਨ ਨਾਲ ਮੰਗਲ ਨੂੰ ਸਮਝਣ ਵਿੱਚ ਜਿਆਦਾ ਸੌਖ ਹੋਵੇਗੀ। ਇਸ ਅਧਿਐਨ ਦੀ ਵਿੱਤੀ ਜ਼ਿੰਮੇਵਾਰੀ ਨਾਸਾ ਨੇ ਲਈ ਹੈ। ਲਾਈਵ ਸਾਇੰਸ ਦੀ ਰਿਪੋਰਟ ਮੁਤਾਬਕ, ਖੋਜੀ ਧਰਤੀ 'ਤੇ ਮੰਗਲ ਦੀਆਂ ਤਿੰਨ ਦਿਸ਼ਾਵਾਂ ਦਾ ਅਧਿਐਨ ਕਰਨਗੇ। ਪਹਿਲਾਂ, ਜਦੋਂ ਮੰਗਲ ਠੰਡਾ, ਨਮ ਤੇ ਰਹਿਣ ਲਾਇਕ ਹੋਵੇਗਾ। ਦੂਜਾ, ਉਹ ਸਮਾਂ ਜਦੋਂ ਪਾਣੀ ਖਤਮ ਹੋਇਆ ਤੇ ਤੀਜਾ, ਮੰਗਲ ਗ੍ਰਹਿ ਦਾ ਵਰਤਮਾਨ ਖੁਸ਼ਕ ਵਾਤਾਵਰਨ। ਇਸ ਦੇ ਅਧੀਨ ਕੈਲੀਫੋਰਨੀਆ ਤੇ ਯੇਲੋਸਟੋਨ ਨੈਸ਼ਨਲ ਪਾਰਕ ਦੇ ਗਰਮ ਬਸੰਤ ਪੂਰੀ ਤਰ੍ਹਾਂ ਜੰਮੇ ਹੋਏ ਆਰਕਟਿਕ ਆਈਲੈਂਡ, ਆਸਟ੍ਰੇਲੀਆ 'ਚ ਧਰਤੀ ਦੀਆਂ ਕੁਝ ਸਭ ਤੋਂ ਪੁਰਾਣੀਆਂ ਚੱਟਾਨਾਂ ਤੇ ਚਿਲੀ 'ਚ ਜਵਾਲਾਮੁਖੀ ਤੋਂ ਬਣੇ ਝਰਨੇ ਅਤੇ ਇੱਥੋਂ ਦੀ ਮਿੱਟੀ ਦਾ ਅਧਿਐਨ ਸ਼ਾਮਲ ਹੈ। ਪ੍ਰਾਜੈਕਟ ਦੀ ਮੁੱਖ ਖੋਜੀ ਨਤਾਲੀ ਕੈਬਰੋਲ ਨੇ ਕਿਹਾ ਕਿ ਅਸੀਂ ਇਨ੍ਹਾਂ ਵੱਖ ਵੱਖ ਵਾਤਾਵਰਣਾਂ ਦੀ ਚੋਣ ਇਸ ਲਈ ਕੀਤੀ ਤਾਂ ਕਿ ਅਸੀਂ ਵੱਖ ਵੱਖ ਪੜ੍ਹਾਆਂ 'ਚ ਮੰਗਲ 'ਤੇ ਜ਼ਿੰਦਗੀ ਦੇ ਲੱਛਣਾਂ ਦਾ ਅਧਿਐਨ ਕਰ ਸਕੀਏ।

ਬ੍ਰੇਨ ਸਟਰੋਕ ਹੋਣ 'ਤੇ ਵੀ ਬਣਦੇ ਰਹਿੰਦੇ ਹਨ ਤੰਤੂ ਸੈੱਲ

ਵਿਗਿਆਨੀਆਂ ਵੱਲੋਂ ਕੀਤੀ ਗਈ ਖੋਜ 'ਚ ਪਤਾ ਲੱਗਾ ਹੈ ਕਿ ਦੌਰਾ ਪੈਣ ਤੋਂ ਬਾਅਦ ਵੀ ਦਿਮਾਗ 'ਚ ਨਵੇਂ ਤੰਤੂ ਸੈੱਲ ਬਣਦੇ ਰਹਿੰਦੇ ਹਨ। ਐਸਟਰੋਸਾਈਟਸ ਨਾਂ ਦੇ ਇਹ ਸੈੱਲ ਨਵੇਂ ਤੰਤੂ ਬਣਾਉਂਦੇ ਰਹਿੰਦੇ ਹਨ। ਸਵੀਡਨ ਦੀ ਲੁੰਡ ਯੂਨੀਵਰਸਿਟੀ ਦੇ ਤਜ਼ਰਬੇਕਾਰ ਮੈਡੀਕਲ ਖੋਜ ਦੇ ਪ੍ਰੋਫੈਸਰ ਜ਼ਾਲ ਕੋਕਾਈਆ ਦਾ ਕਹਿਣਾ ਹੈ ਕਿ ਇਹ ਪਹਿਲੀ ਵਾਰ ਹੈ ਕਿ ਐਸਟਰੋਸਾਈਟਸ ਦੇ ਨਵੇਂ ਸੈੱਲ ਬਣਾਉਣ ਦੀ ਸਮਰੱਥਾ ਦਿਖਾਈ ਹੈ। ਦਿਮਾਗ ਦੀ ਨਸ 'ਚ ਖੂਨ ਦਾ ਧੱਬਾ ਜੰਮਣ ਨਾਲ ਅੜਿੱਕਾ ਆ ਜਾਂਦਾ ਹੈ ਜਿਸ ਨਾਲ ਖੂਨ ਦੇ ਵਹਾਅ 'ਚ ਰੁਕਾਵਟ ਪੈਂਦੀ ਹੈ ਅਤੇ ਆਕਸੀਜਨ ਦੀ ਕਮੀ ਹੋ ਜਾਂਦੀ ਹੈ।



ਹਵਾ 'ਚ ਲਿਖੇ ਹਰਫ਼

ਸੰਦੇਸ਼ ਭੇਜਣ ਲਈ: 94173-62085

ਜੀਵਨ ਸਾਹ ਲੈਣਾ ਨਹੀਂ, ਸਗੋਂ ਕਰਮ ਹੈ...ਜੀਵਨ ਦਾ ਅਰਥ ਉਮਰ ਦੀ ਲੰਬਾਈ ਨਾਲ ਘੱਟ ਤੇ ਜੀਣ ਦੇ ਬਿਹਤਰ ਢੰਗ ਨਾਲ ਵੱਧ ਹੈ। ਇੱਕ ਆਦਮੀਂ ਸੌ ਸਾਲ ਦੇ ਮਗਰੋਂ ਕਬਰ ਵਿੱਚ ਜਾ ਸਕਦਾ ਹੈ ਪ੍ਰੰਤੂ ਉਸਦਾ ਜੀਣਾ ਨਿਰਾਰਥਕ ਹੋ ਸਕਦਾ ਹੈ। ਚੰਗਾ ਹੁੰਦਾ ਜੇ ਜਵਾਨੀ ਵਿੱਚ ਹੀ ਮਰ ਗਿਆ ਹੁੰਦਾ।

ਐਮਿਲੀ

ਚਿਰਾਗਾਂ ਨੂੰ ਜਗਣ ਦੇਵੋ ਹਵਾ ਦਾ ਡਰ ਦਿਖਾਓ ਨਾ,
ਇਹਨਾਂ 'ਨੇਰ੍ਹੇ ਨੂੰ ਸਰ ਕਰਨਾ ਇਹਨਾਂ ਨੂੰ ਅਜ਼ਮਾਓ ਨਾ।

ਅਮਿਤ ਉਦਾਸ

85284-70984

ਜੀਣਾ ਜੇ ਲੋਚਦੈਂ ਮਰਨਾ ਵੀ ਸਿੱਖ,
ਸੋਚਾਂ ਦੇ ਉਲਟ ਵਗਦੇ ਸਾਗਰਾਂ ਨੂੰ ਤਰਨਾ ਵੀ ਸਿੱਖ।

ਮਨਦੀਪ ਸੈਦੋਕੇ

94634-31830

ਇੰਜ ਨਾ ਬੈਠੋ ਢੇਰੀ ਢਾ ਕੇ ਆਖਰ ਇੱਕ ਦਿਨ ਤੁਰਨਾ ਪੈਣਾ,
ਅਰਮਾਨਾਂ ਨੂੰ ਮੋਢੇ ਚਾ ਕੇ ਆਖਰ ਇੱਕ ਦਿਨ ਤੁਰਨਾ ਪੈਣਾ।

ਬਲਜੀਤ ਪਾਲ ਸਿੰਘ

94173-24432

ਜਿੱਥੇ ਘੋਰ ਗਰੀਬੀ ਕਾਰਣ ਖੁਦ ਨੂੰ ਖਤਮ ਕਰਨ ਮੁਟਿਆਰਾਂ,
ਲੋਕ ਭਲਾਈ ਖਾਤਰ ਬਣੀਆਂ ਕਿੱਥੇ ਗਈਆਂ ਸਰਕਾਰਾਂ।

ਅਮਰ ਸੂਫੀ

98555-43660

ਦੁਆਵਾਂ ਭੀੜ ਮੰਗਦੀ ਹੈ, ਜਿੰਨ੍ਹਾਂ ਦੇ ਡੇਰਿਆਂ ਉੱਤੇ,
ਅਨੇਕਾਂ ਦੋਸ਼ ਚਿਪਕੇ ਹਨ, ਉਹਨਾਂ ਦੇ ਚੋਲਿਆਂ ਉੱਤੇ।

ਹਰਮਿੰਦਰ ਕੋਹਾਰਵਾਲਾ

98768-73735

ਹਿੰਮਤ ਨਾ ਜਾਈਂ ਹਾਰ ਪੰਧ ਲੰਮੇਰਾ ਹੈ,
ਤੂੰ ਤੁਰਿਆ ਚੱਲੀਂ ਯਾਰ ਪੰਧ ਲੰਮੇਰਾ ਹੈ।
ਮੁਸ਼ਕਿਲ ਤਾਂ ਪੈਰ ਪੈਰ ਤੇ ਘੇਰਾ ਪਾਵੇਗੀ,
ਤੂੰ ਲੜਦਾ ਜਾਵੀਂ ਯਾਰ ਪੰਧ ਲੰਮੇਰਾ ਹੈ।

ਹਰਮੇਲ ਪ੍ਰੀਤ

94173-33316

ਬਣਾ ਕੇ ਫੁੱਲ ਕਾਗਜ਼ ਦੇ ਮਹਿਕ ਦੀ ਆਸ ਕਰਦਾ ਹੈ,
ਉਹ ਮੁਰਦਾ ਹੋ ਕੇ ਵੀ ਐਵੇਂ ਜੀਣ ਦਾ ਅਭਿਆਸ ਕਰਦਾ ਹੈ।

ਮਨਜੀਤ ਪੁਰੀ

98148-15026

ਪਰਾਂ ਨੂੰ ਤੋਲਣਾ ਸਿੱਖ ਲਓ, ਉਡਾਰੀ ਲਾਉਣ ਤੋਂ ਪਹਿਲਾਂ,
ਨਹੀਂ ਤਾਂ ਡਗਮਗਾਉਗੇ ਬੇਗਾਨੇ ਅੰਬਰਾਂ ਉੱਤੇ।

ਸੁਖਦੇਵ ਅਬੋਹਰ

94172-53110

ਆਵਾਜ਼ ਸਾਡੀ ਪਹੁੰਚੇਗੀ ਆਖਰ ਬੋਲੇ ਕੰਨਾਂ ਤੱਕ,
ਬੈਰੀਕੇਡ ਤੇਰੇ ਇਹ ਹਵਾ 'ਚ ਉਡਾਏ ਜਾਣਗੇ।

ਗੁਰਚਰਨ ਨੂਰਪੁਰ

98550-51099

ਛੁਰੀ ਬੱਕਰੇ ਦੀ ਧੌਣ ਤੇ ਚਲਾ ਕੇ,
ਮਿਹਰਾਂ ਦੇ ਘਰ ਆ ਗਏ ਪੀਰ ਜੀ।

ਪ੍ਰਤਾਪ ਸਿੰਘ ਹੀਰਾ

98552-42916

ਜਿੱਥੇ ਮਹਿਫ਼ਲ ਮਸਤ ਮਲੰਗਾਂ ਦੀ,
ਉੱਥੇ ਅਕਲਾਂ ਵਾਲੇ ਨਹੀਂ ਬਹਿੰਦੇ।
ਜੇ ਸੋਚ ਵਿਗਿਆਨਕ ਬਣ ਜਾਵੇ,
ਫਿਰ ਭਰਮ ਭੁਲੇਖੇ ਨਹੀਂ ਰਹਿੰਦੇ।

ਰਾਮ ਸਿੰਘ ਨਿਰਮਾਣ

94173-20864

ਛੱਡ ਗੱਲ ਰੂਹਾਨੀ ਸਤਿਸੰਗ ਦੀ,
ਮੀਟਿੰਗ ਅਹਿਮ ਬੁਲਾਈ ਬਾਬੇ।
ਵੋਟਾਂ ਵਿੱਚ ਵਟਾ ਸ਼ਰਧਾ ਨੂੰ,
ਨਾਲ ਸੱਤਾ ਦੇ ਅੱਖ ਮਿਲਾਈ ਬਾਬੇ।

ਵੇਦ ਪ੍ਰਕਾਸ਼ ਸੋਨੀ

98760-36791

ਕਹਿਣ ਮਾਇਆ ਨਾਗਣੀ ਪ੍ਰਵਚਨਾਂ 'ਚ,
ਆਪ ਉੱਡਦੇ ਅੰਬਰੀਂ ਇਹਦੇ ਜ਼ੋਰ।
ਛਲਾਵਾ ਦੇ ਜਨਮਾਂ-ਕਰਮਾਂ ਦਾ,
ਭੋਲੇ ਲੋਕਾਂ ਨੂੰ ਡਰਾਵਣ ਕੰਮਚੋਰ।

ਜਸਵੀਰ ਸੋਨੀ

94787-76938

ਤਰਕਸ਼ੀਲਤਾ, ਵਿਗਿਆਨ ਅਤੇ ਅਧਿਆਤਮਵਾਦ

ਬਲਵਿੰਦਰ ਬਰਨਾਲਾ



ਸਾਨੂੰ ਉਪਰੋਕਤ ਤਿੰਨੇ ਸ਼ਬਦਾਂ ਦੇ ਅਰਥਾਂ ਬਾਰੇ ਸਮਝਣਾ ਅਤਿ ਜਰੂਰੀ ਹੈ। ਕਈ ਵਾਰ ਅਸੀਂ ਤਰਕਸ਼ੀਲਤਾ ਅਤੇ ਵਿਗਿਆਨ ਦੇ ਸਾਵੇਂ ਅਰਥ ਕੱਢ ਲੈਂਦੇ ਹਾਂ ਅਤੇ ਇਹਨਾਂ ਦੇ ਅਧਿਆਤਮਵਾਦ ਨਾਲ ਟਕਰਾਵੇਂ ਰਿਸ਼ਤੇ ਦੇ ਸੰਕਲਪ ਨੂੰ ਪੂਰੀ ਤਰਾਂ ਸਮਝਣ ਦੇ ਅਸਮਰਥ ਰਹਿਣ ਕਾਰਨ ਡਾਵਾਂਡੋਲ ਸਥਿਤੀ ਦੇ ਪ੍ਰੀਕਲਨ ਵਿੱਚ ਫਸਣ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਦੇ ਸਹੀ ਉਤਰ ਤਲਾਸ਼ਣ ਤੋਂ ਵਿਰਵੇ ਰਹਿ ਜਾਂਦੇ ਹਾਂ ਅਤੇ ਅਧਿਆਤਮਵਾਦ ਪ੍ਰਤੀ ਨਰਮ ਰੁਖ ਅਪਣਾਉਣ ਦਾ ਸ਼ਿਕਾਰ ਹੋ ਬੈਠਦੇ ਹਾਂ। ਤਰਕਸ਼ੀਲਤਾ ਦੇ ਪ੍ਰਚਾਰ-ਪਸਾਰ ਲਈ ਇਸ ਦਵੰਦਮਈ ਸਥਿਤੀ ਤੋਂ ਬਾਹਰ ਨਿਕਲਣ ਲਈ ਇਹਨਾਂ ਦੇ ਠੀਕ ਅਰਥ ਅਤੇ ਵਿਆਖਿਆ ਅਤਿ ਜਰੂਰੀ ਹੈ।

ਹਰ ਧਰਮ ਦੀ ਟੇਕ ਅਧਿਆਤਮਵਾਦ ਤੇ ਟਿਕੀ ਹੈ। ਬੇਸ਼ੱਕ ਉਹ ਧਰਮ ਨਵੀਆਂ ਸਮਾਜਿਕ ਜਾਂ ਰਾਜਨੀਤਕ ਹਾਲਤਾਂ ਦੀ ਦੇਣ ਕਿਉਂ ਨਾ ਹੋਵੇ। ਪੁਰਾਣੇ ਅਤੇ ਨਵੇਂ ਦਾ ਜੇ ਕੋਈ ਵਖਰੇਵਾਂ ਹੈ ਤਾਂ ਉਹ ਹੈ ਨਵੀਆਂ ਸਮਾਜਿਕ ਅਤੇ ਰਾਜਨੀਤਿਕ ਹਾਲਤਾਂ ਦੇ ਅਨੁਕੂਲਣ ਹਿਤ ਧਰਮ ਦੀ ਢਲਾਈ ਕਰਨੀ ਅਤੇ ਲੋਕਾਂ ਦੇ ਹਜੂਮਾਂ ਨੂੰ ਬਣਾਈ ਰੱਖਣ ਲਈ ਇਸਦਾ ਦਾ ਨਵੀਨੀਕਰਣ ਕਰਨਾ। ਨਵੀਨੀਕਰਣ ਤੋਂ ਭਾਵ ਕੋਈ ਸਿਧਾਂਤਕ ਜੋੜ ਤੋੜ ਨਹੀਂ ਸਗੋਂ ਪੁਰਾਣਾ ਲੇਬਲ ਲਾਹਕੇ ਨਵਾਂ ਲੇਬਲ ਚਿਪਕਾਉਣਾ ਹੀ ਹੁੰਦਾ ਹੈ। ਜੇ ਧਰਮ ਅਧਿਆਤਮਵਾਦ ਤੇ ਟਿਕਿਆ ਹੁੰਦਾ ਹੈ ਤਾਂ ਅੱਗੇ ਅਧਿਆਤਮਵਾਦ ਵਿਸ਼ਵਾਸ ਅਤੇ ਸ਼ਰਧਾ ਤੇ ਟਿਕਿਆ ਹੁੰਦਾ ਹੈ ਜਿਸ ਵਿੱਚ ਦਲੀਲ ਲਈ ਕੋਈ ਥਾਂ ਨਹੀਂ ਹੁੰਦੀ। ਜਿਸਤੇ ਕਿੰਤੂ-ਪ੍ਰੰਤੂ ਕਰਨ ਦੀ ਮਨਾਹੀ ਹੁੰਦੀ ਹੈ। ਅਧਿਆਤਮਵਾਦ ਕਿਸੇ ਪ੍ਰਾਭੌਤਿਕ-ਸੁਪਰਸ਼ਕਤੀ ਦੇ ਸੰਕਲਪ ਦੁਆਲੇ ਆਪਣੀ ਸਿਰਜਨਾ ਕਰਦਾ ਹੈ। ਜਿਸਦਾ ਸਫਰ ਪਰਮਾਤਮਾ ਤੋਂ ਆਤਮਾ ਵੱਲ ਨੂੰ ਚਲਦਾ ਹੈ ਅਤੇ ਫਿਰ ਆਤਮਾ ਦੀ ਵਾਪਸੀ ਪਰਮਾਤਮਾ ਵਿਚ ਅਭੇਦ ਦੇ ਸੰਕਲਪ ਨਾਲ ਜੁੜੀ ਹੁੰਦੀ ਹੈ। ਭਾਵ ਜਦ ਜੀਵ ਜਨਮ ਲੈਂਦਾ ਹੈ ਤਾਂ ਉਸਦੇ ਜਨਮ ਸਮੇਂ ਆਤਮਾ (ਕਥਿਤ) ਉਸ ਵਿੱਚ ਪ੍ਰਵੇਸ਼ ਕਰ ਜਾਂਦੀ ਹੈ ਜਿਹੜੀ ਕਿ ਪਰਮਆਤਮਾ ਦਾ ਹੀ ਅੰਸ਼ਮਾਤਰ ਮੰਨੀ ਜਾਂਦੀ ਹੈ। ਜੀਵ ਦੀ ਮੌਤ ਸਮੇਂ ਇਹ ਵਾਪਸੀ ਕਰਕੇ ਉਸ (ਪਰਮਆਤਮਾ) ਵਿਚ ਹੀ ਸਮਾ ਜਾਂਦੀ ਹੈ। ਇਹ ਵੀ ਕਥਨ ਹੈ ਕਿ ਉਹ ਆਤਮਾ ਜੋ ਸੰਸਾਰਕ ਯਾਤਰਾ ਦੌਰਾਨ ਮਾੜੇ ਕਰਮ ਕਰਦੀ ਹੈ ਉਸਦੀ ਵਾਪਸੀ ਨਹੀਂ ਹੁੰਦੀ ਭਾਵ ਪਰਮਆਤਮਾ ਵਿੱਚ ਸਮਿਲਤ ਹੋਣ ਤੋਂ ਵਿਰਵੀ ਭਟਕਣ ਦਾ ਸ਼ਿਕਾਰ ਹੋ ਜਾਂਦੀ ਹੈ ਅਤੇ ਉਹ ਜੀਵਤ ਜੀਵਾਂ ਦੀ ਜਿੰਦਗੀ ਵਿਚ ਦਖਲਅੰਦਾਜ਼ੀ ਕਰਦੀ ਹੈ ਅਤੇ ਕਈ ਵਾਰ ਘਰਾਂ ਵਿੱਚ ਵਿਨਾਸ਼ ਦੇ ਕਾਰਜ ਵੀ ਕਰਦੀ ਹੈ।

ਇਹ ਅਧਿਆਤਮਵਾਦੀ ਫਲਸਫਾ ਨਿਰੋਲ ਕਲਪਨਾ ਤੇ ਅਧਾਰਤ ਫਲਸਫਾ ਹੈ ਜਿਹੜਾ ਸ੍ਰਿਸ਼ਟੀ ਦੀ ਉਤਪਤੀ ਸਬੰਧੀ ਨਿਰੋਲ ਕਲਪਨਾ ਦਾ ਹੀ ਸਹਾਰਾ ਲੈਂਦਾ ਹੈ। ਧਰਮ ਦੇ ਪੈਰੋਕਾਰਾਂ ਦੇ ਵਿਖਿਆਣ ਨੂੰ ਹੀ ਆਖਰੀ ਸੱਚ ਮੰਨਕੇ ਸੱਚੇ ਹੋਣ ਦਾ ਵਿਸ਼ਵਾਸ ਕਰ ਲਿਆ ਜਾਂਦਾ ਹੈ। ਵਿਗਿਆਨਿਕ ਨਜ਼ਰੀਏ ਤੋਂ ਇਹਨਾਂ ਵਿਖਿਆਣਾਂ ਤੇ ਕਿੰਤੂ-ਪ੍ਰੰਤੂ ਕਰਨਾ ਸ਼ਰਧਾਲੂਆਂ ਲਈ ਅਸਿਹ ਹੁੰਦਾ ਹੈ। ਇਸ ਲਈ ਉਹਨਾਂ ਦੀ ਅਸਹਿਣਸ਼ੀਲਤਾ ਹੀ ਫਸ਼ਾਦਾਂ ਅਤੇ ਦੰਗਿਆਂ ਦਾ ਕਾਰਨ ਬਣ ਜਾਂਦੀ ਹੈ। ਅਸਲੋਂ ਉਹਨਾਂ ਦੀ ਅਜਿਹੀ ਸਮਝ ਮਨੁੱਖ ਦੇ ਮਾਨਸਿਕ ਵਿਕਾਸ ਲਈ ਰੁਕਾਵਟ ਹੀ ਬਣਦੀ ਹੈ। ਵਿਚਾਰ ਸਦਾ ਗਤੀਸ਼ੀਲ ਹੁੰਦਾ ਹੈ। ਇਸ ਵਿੱਚ ਖੜੋਤ ਲਈ ਕੋਈ ਥਾਂ ਨਹੀਂ। ਧਾਰਮਿਕ ਰੰਗਤ ਹਾਸ਼ਲ ਕਰ ਚੁੱਕਿਆ ਵਿਚਾਰ ਖੜੋਤ ਦਾ ਸ਼ਿਕਾਰ ਹੋਣ ਕਾਰਨ ਵਿਕਾਸ ਤੋਂ ਵਿਰਵਾ ਰਹਿ ਜਾਂਦਾ ਹੈ ਅਤੇ ਇਸਤੇ ਟਿਕੇ ਸ਼ਰਧਾਵਾਨ ਸ਼ਰਧਾਲੂਆਂ ਦਾ ਮਾਨਸਿਕ ਵਿਕਾਸ ਵੀ ਅਸੰਭਵ ਹੋ ਜਾਂਦਾ ਹੈ ਅਤੇ ਉਹ ਹਰ ਔਖੀ ਘੜੀ ਭਾਂਜਵਾਦ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਉਹਨਾਂ ਦੀਆਂ ਬਹੁਤ ਸਾਰੀਆਂ ਔਕੜਾਂ ਜਿਉਂ ਦਾ ਤਿਉਂ ਪਈਆਂ ਰਹਿੰਦੀਆਂ ਹਨ ਕਿਉਂਕਿ ਉਹ ਇਹਨਾਂ ਦਾ ਹੱਲ ਆਪਣੀ ਕਲਪਤ ਪ੍ਰਾਭੌਤਿਕ ਕਥਿਤ ਸਰਬਸ਼ਕਤੀਮਾਨ ਦੀ ਪੂਜਾ ਅਤੇ ਪ੍ਰਥਾਨਾਵਾਂ ਵਿਚੋਂ ਹੀ ਲੱਭਦੇ ਹਨ।

ਅਧਿਆਤਮਵਾਦ ਸ੍ਰਿਸ਼ਟੀ ਦੀ ਸ਼ਿਰਜਨਾ ਲਈ ਜੁੰਮੇਵਾਰ ਕਿਸੇ ਅਦਿਖ ਪਰਾਭੌਤਿਕ ਸ਼ਕਤੀ ਨੂੰ ਮੰਨਦਾ ਹੈ। ਉਸ

ਅਨੁਸਾਰ ਸਾਰਾ ਕੁਝ ਉਸਦੇ ਵੱਸ ਹੈ ਉਹ ਚੰਗਾ ਕਰਾਵੇ ਜਾਂ ਮਾੜਾ। ਚੰਗਾ ਕਰ ਦਿੱਤਾ ਤਾਂ ਇਹ ਉਸਦੀ ਬਖਸ਼ਿਸ਼ ਮੰਨ ਲਿਆ ਜਾਂਦਾ ਹੈ ਪਰ ਜੇ ਮਾੜਾ ਕੀਤਾ ਤਾਂ ਇਹ ਮਨੁਖ ਦੀ ਹੀ ਗਲਤੀ ਮੰਨਿਆਂ ਜਾਂਦਾ ਅਤੇ ਇਸਦੀ ਸਜਾ ਦੇ ਸੰਕਲਪ ਕਾਰਨ ਹੀ ਨਰਕ ਦੀ ਕਿਆਸਅਰਾਈ ਹੈ। ਪਰ ਇਸਤੇ ਤੁਸੀਂ ਕਿੰਤੂ-ਪ੍ਰੰਤੂ ਨਹੀਂ ਕਰ ਸਕਦੇ। ਨਰਕ ਤੇ ਸਵਰਗ ਦਾ ਸੰਕਲਪ ਅਸਲ ਮਨੁੱਖ ਦੀ ਆਪਣੀ ਕਲਪਣਾ ਹੈ ਜਿਸਦਾ ਅਗਾਜ਼ ਉਸਦੀ ਮਸਲਿਆਂ ਲਈ ਅਪਣਾਈ ਗੈਰ-ਵਿਗਿਆਨਿਕ ਅਧਿਆਤਮਵਾਦੀ ਪਹੁੰਚ 'ਚੋਂ ਨਿਕਲਦਾ ਹੈ। ਅਧਿਆਤਮਵਾਦ ਵਿਗਿਆਨਿਕ ਵਿਸ਼ਲੇਸ਼ਣ ਦੀ ਵਿਧੀ ਤੋਂ ਮੁਨਕਰ ਹੈ ਅਤੇ ਪੜਤਾਲ ਦੀ ਆਗਿਆ ਨਹੀਂ ਦਿੰਦਾ। ਸਪੱਸ਼ਟ ਹੈ ਕਿ ਦਲੀਲ ਲਈ ਇਥੇ ਕੋਈ ਸਥਾਨ ਨਹੀਂ ਜੋ ਕਿੰਤੂ ਕਰੇਗਾ ਭਾਵੇ ਉਹ ਉਸੇ ਧਰਮ ਦਾ ਅਨੁਆਈ ਹੈ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਹੁਣ ਆਈਏ ਤਰਕਸ਼ੀਲਤਾ ਅਤੇ ਵਿਗਿਆਨ ਵੱਲ। ਤਰਕਸ਼ੀਲਤਾ, ਵਿਗਿਆਨ ਲਈ ਇਕ ਵਿਧੀ ਹੈ ਜੋ ਉਚਿਤ ਤੱਥ ਪ੍ਰਦਾਨ ਕਰਕੇ ਉਚਿਤ ਨਤੀਜਿਆਂ ਤੇ ਪੁਜਣ ਲਈ ਵਿਗਿਆਨ ਲਈ ਅਧਾਰ ਮੁਹੱਈਆ ਕਰਦੀ ਹੈ। ਇਸ ਵਿੱਚ ਜੇ ਕਲਪਨਾ ਲਈ ਕੋਈ ਥਾਂ ਹੈ ਤਾਂ ਉਹ ਤੱਥ ਰਹਿਤ ਨਹੀਂ। ਭਾਵ ਜੇ ਇਸ ਕਲਪਣਾ ਲਈ ਵਰਤੇ ਗਏ ਤੱਥ ਉਚਿਤ ਨਤੀਜੇ ਨਹੀਂ ਦਿੰਦੇ ਤਾਂ ਇਸਨੂੰ ਨਿਰਾਰਥਕ ਮੰਨਕੇ ਛੱਡ ਦਿੱਤਾ ਜਾਂਦਾ ਹੈ। ਇਸ ਕਲਪਣਾ ਵਿਚ ਅਧਿਆਤਮਵਾਦੀ ਕਲਪਣਾ ਦੇ ਉਲਟ ਭਾਵਨਾ ਦੀ ਥਾਂ ਦਲੀਲ ਭਾਰੂ ਹੁੰਦੀ ਹੈ ਜਿਸ ਕਾਰਨ ਸ਼ਰਧਾ ਲਈ ਕੋਈ ਥਾਂ ਨਹੀਂ ਹੁੰਦੀ। ਤਰਕਸ਼ੀਲਤਾ ਤਰਕ ਕਰਦੀ ਹੈ ਭਾਵ ਹਰ ਵਿਚਾਰ ਦਾ ਵਿਗਿਆਨਿਕ ਵਿਸ਼ਲੇਸ਼ਣ ਕਰਨਾ ਇਸਦੀ ਪਹਿਲੀ ਸ਼ਰਤ ਹੈ। ਜੇ ਵਿਗਿਆਨਿਕ ਵਿਸ਼ਲੇਸ਼ਣ ਦੇ ਨਤੀਜੇ ਹਾਂ ਪੱਖੀ ਹਨ ਅਤੇ ਵਰਤੇ ਗਏ ਤੱਥ ਵਿਗਿਆਨਿਕ ਸ਼ਰਤਾਂ ਪੂਰੀਆਂ ਕਰਦੇ ਹਨ ਤਾਂ ਹੀ ਇਸਦੀ ਭਰੋਸੇਯੋਗਤਾ ਬਹਾਲ ਰਹਿ ਸਕਦੀ ਹੈ। ਤਰਕਸ਼ੀਲ ਵਿਦਵਾਨ ਜਾਂ ਵਿਗਿਆਨੀ ਦੇ ਵਿਖਿਆਨ ਆਖਰੀ ਸੱਚ ਨਹੀਂ ਮੰਨੇ ਜਾਂਦੇ ਅਤੇ ਇਹਨਾਂ ਵਿੱਚ ਸ਼ੁਧੀਕਰਨ ਲਈ ਸਦਾ ਰਾਹ ਬਣਿਆ ਰਹਿੰਦਾ ਹੈ। ਤਰਕਸ਼ੀਲਤਾ ਠੋਸ ਤੱਥਾਂ ਤੇ ਅਧਾਰਤ ਕਿਸੇ ਉਚਿਤ ਵਿਚਾਰ ਨੂੰ ਸਿਰਜਨ ਦਾ ਸੰਕਲਪ ਹੈ ਜਿਸ ਵਿਚ ਲਾਈਲੱਗਤਾ ਲਈ ਕੋਈ ਥਾਂ ਨਹੀਂ। ਮਨੁੱਖ ਦੀਆਂ ਦਿਮਾਗੀ ਬੁਣਤਾਂ ਰਸਾਇਣਕ ਪ੍ਰਕਿਰਿਆਵਾਂ ਰਾਹੀ ਲਗਾਤਾਰ ਵਿਚਾਰਾਂ ਦੀ ਸਿਰਜਣਾ ਕਰਦੀਆਂ ਹਨ ਅਤੇ ਸ਼ੋਧ ਦਾ ਸਿਲਸਲਾ ਵੀ ਇਹਨਾਂ ਵਿੱਚ ਲਗਾਤਾਰ ਚਲਦਾ ਰਹਿੰਦਾ ਹੈ। ਮਨੋਵਿਗਿਆਨੀਆਂ ਦਾ ਮਤ ਹੈ ਕਿ ਮਨੁੱਖੀ ਦਿਮਾਗ ਇਕ ਗਤੀਸ਼ੀਲ ਵਰਤਾਰਾ ਹੈ ਅਤੇ ਲਾਈਲਗਤਾ ਇਸਦੀ ਗਤੀਸ਼ੀਲਤਾ ਲਈ ਰੁਕਾਵਟ ਬਣਦੀ ਹੈ। ਮਨੁੱਖੀ ਦਿਮਾਗ ਦੀ ਖਾਸ਼ੀਅਤ ਹੈ ਕਿ ਇਹ ਠੋਸ ਵਿਚਾਰ ਨੂੰ ਹਮੇਸ਼ਾਂ ਥਾਂ ਦਿੰਦਾ ਹੈ ਅਤੇ ਕਮਜੋਰ ਨੂੰ ਬਾਹਰ ਦਾ ਰਾਸਤਾ ਦਿਖਾਉਂਦਾ ਹੈ ਪਰ ਇਹ ਤਾਂ ਹੀ ਸੰਭਵ ਹੈ ਜੇ ਮਨੁੱਖ ਹਾਂ ਪੱਖੀ ਬਹਿਸ਼ ਮੁਬਾਸਿਆਂ ਲਈ ਇਸਨੂੰ ਤਿਆਰ ਰੱਖੇ। ਕਿਸੇ ਧਰਮ ਦੇ ਪੈਰੋਕਾਰ ਲਾਈਲੱਗਤਾ ਕਾਰਨ ਨਵੇਂ ਵਿਚਾਰ ਨੂੰ ਜਾਂ ਤਾਂ ਸਮਝਣ ਤੋਂ ਅਸਮਰਥ ਹੁੰਦੇ ਹਨ ਜਾਂ ਉਹ ਨਵੇਂ ਵਿਚਾਰ ਤੋਂ ਘਬਰਾਉਂਦੇ ਹਨ ਕਿ ਇਹ ਕਿਤੇ ਉਹਨਾ ਦੇ ਧਰਮ ਗੁਰੂ ਦੇ ਵਿਖਿਆਣ ਨੂੰ ਨਾ ਉਲਟਾ ਦੇਵੇ।

ਵਿਗਿਆਨ ਵਧੇਰੇ ਟੈਕਨੀਕਲ ਹੈ ਜੋ ਤੱਥਾਂ ਦੀ ਪੜਤਾਲ ਰਾਹੀਂ ਸਿੱਟੇ ਕਢਦਿਆਂ ਅਗੇ ਵਧਦਾ ਹੈ। ਵਿਗਿਆਨਿਕ ਸਮਝ ਅਸਲੋਂ ਤਰਕਸ਼ੀਲਤਾ ਦੇ ਬਹੁਤ ਹੀ ਨੇੜਲਾ ਸੰਕਲਪ ਹੈ। ਵਿਗਿਆਨ ਦੀ ਪੜ੍ਹਾਈ ਕਰਵਾਉਣਾ ਹੋਰ ਗੱਲ ਹੈ ਪਰ ਵਿਗਿਆਨਿਕ ਸਮਝ ਬਣਾਉਣਾ ਹੋਰ। ਟੈਕਨੀਕਲ ਭਾਸ਼ਾ ਜਾਂ ਟੈਕਨੀਕਲ ਤੱਥਾਂ ਰਾਹੀਂ ਅਸੀਂ ਕਿਸੇ ਟੈਕਨੀਕਲ ਸਿੱਟੇ ਤੇ ਤਾਂ ਪੁੱਜ ਸਕਦੇ ਹਾਂ ਜੋ ਸਭ ਲਈ ਮੰਨਣਯੋਗ ਹੁੰਦਾ ਪ੍ਰੰਤੂ ਜਰੂਰੀ ਨਹੀਂ ਕਿ ਇਹ ਫਾਰਮੂਲੇ ਹਰ ਵਰਤਾਰੇ ਲਈ ਉਚਿਤ ਨਤੀਜੇ ਅਦਾ ਕਰਨ। ਸਮਾਜਿਕ ਕਦਰਾਂ ਕੀਮਤਾਂ ਦੀ ਉਸਾਰੀ ਕਈ ਵਾਰ ਸਮਾਜ ਦੀਆਂ ਲੋੜਾਂ 'ਚੋਂ ਉਪਜਦੀ ਹੈ ਤੇ ਉਹਨਾਂ ਲੋੜਾਂ ਨੂੰ ਸਵੀਕਾਰਦਿਆਂ ਅੱਗੇ ਵਧਣ ਦਾ ਵਰਤਾਰਾ ਤਰਕਸ਼ੀਲ ਪਹੁੰਚ ਹੈ। ਇਕ ਨਾਸ਼ਤਿਕ ਵਿਆਕਤੀ ਅਧਿਆਤਮਵਾਦ ਤੋਂ ਕੋਰਾ ਮੁਨਕਰ ਹੈ ਪਰ ਇਹ ਜਰੂਰੀ ਨਹੀਂ ਕਿ ਉਸਦੀ ਹਰ ਵਰਤਾਰੇ ਪ੍ਰਤੀ ਸਮਝ ਤਰਕਸੰਗਤ ਹੋਵੇ। ਤਰਕਸ਼ੀਲ ਸਮਝ ਸਮਾਜਿਕ ਤਾਣੇਬਾਣੇ ਨੂੰ ਤਹਿਸ਼ ਨਹਿਸ਼ ਕਰਨ ਦਾ ਸੰਕਲਪ ਨਹੀਂ। ਇਹ ਸਗੋਂ ਜੋੜਨ ਦਾ ਅਹਿਦ ਹੈ। ਇਹ ਵਿਚਾਰ ਦੀ ਗਤੀਸ਼ੀਲਤਾ ਲਈ ਉਸਾਰੂ ਪਹੁੰਚ ਦਾ ਸੰਕਲਪ ਹੈ ਨਾਂ ਕਿ ਟਕਰਾ ਦਾ। ਵਿਗਿਆਨਿਕ ਸਮਝ ਸਮਾਜ ਨੂੰ ਗਤੀਸ਼ੀਲ ਬਣਾਕੇ ਹੋਰ ਅੱਗੇ ਲਿਜਾਣ ਲਈ ਸਹਾਈ ਹੁੰਦੀ ਹੈ। ਵਿਗਿਆਨਿਕ ਸਮਝ ਸਮਾਜ ਵਿਚੋਂ ਖੜੋਤ ਨੂੰ ਲਗਾਤਾਰ ਤੋੜਦੀ ਹੈ ਅਤੇ ਸਮਾਜ ਨੂੰ ਇਕ ਕਦਮ ਹੋਰ ਅੱਗੇ ਲਿਜਾਣ ਲਈ ਸਹਾਈ ਹੁੰਦੀ ਹੈ।

ਅਸੀਂ ਭਾਰਤੀ ਬਹੁ-ਭਾਸ਼ੀ, ਬਹੁ-ਧਰਮੀ, ਬਹੁ-ਜਾਤੀ, ਬਹੁ-ਕੌਮੀ, ਬਹੁ-ਸਭਿਆਚਾਰਕ ਸਮਾਜ ਦੇ ਵਾਸੀ ਹਾਂ ਅਤੇ ਇਸਤਰਾਂ ਦੇ ਵਾਤਵਰਣ ਵਿੱਚ ਅਤੇ ਸਮਾਜ ਵਿੱਚ ਵਿਚਰਦਿਆਂ ਕੀ ਸਾਡੀ ਤਰਕਸੰਗਤ ਪਹੁੰਚ ਯੂਰਪ ਨਾਲ ਮੇਲ ਖਾ ਸਕਦੀ ਹੈ? ਕੀ ਚੀਨ ਨਾਲ ਮੇਲ ਖਾ ਸਕਦੀ ਹੈ ਜਿਥੇ ਇਕੋ ਧਰਮ ਦਾ ਕਿਸੇ ਸਮੇ ਦਬ ਦਬਾ ਰਿਹਾ ਹੈ, ਕੀ ਰੂਸ ਨਾਲ ਮੇਲ ਖਾ ਸਕਦੀ ਹੈ ਜਿਸਦੀ ਭੂ ਵਿਸ਼ਾਲਤਾ ਅਤੇ ਮੌਸਮੀ ਵਰਤਾਰੇ ਸਾਡੇ ਨਾਲ ਕਤਈ ਮੇਲ ਨਹੀਂ ਖਾ ਰਹੇ। ਸੋ ਹਰ ਸਮਾਜ ਵਿੱਚ ਤਰਕਸ਼ੀਲ ਪਹੁੰਚ ਲਾਗੂ ਕਰਨ ਲਈ ਵੱਖੋ ਵਖਰੇ ਢੰਗ ਤਰੀਕੇ ਅਪਣਾਕੇ ਹੀ ਲਾਗੂ ਕੀਤੀ ਜਾ ਸਕਦੀ ਹੈ। ਕੇਵਲ ਤੇ ਕੇਵਲ ਨਿੰਦਿਆ ਵਾਲੀ ਸਮਝ ਸਾਡੀ ਤਰਕਸ਼ੀਲ ਸਮਝ ਅਤੇ ਇਸਦੇ ਵਿਕਾਸ ਲਈ ਸਾਰਥਿਕ ਨਹੀਂ ਹੋਵੇਗੀ।

ਤਰਕਸ਼ੀਲ ਅਤੇ ਵਿਗਿਆਨਿਕ ਸਮਝ ਰੱਖਣਵਾਲਾ ਵਿਅਕਤੀ ਸ੍ਰਿਸ਼ਟੀ ਦੀ ਸਿਰਜਨਾ ਦੇ ਮਸ਼ਲੇ ਤੇ ਅਧਿਆਤਮਵਾਦੀ ਪਹੁੰਚ ਤੋਂ ਮੁਨਕਰ ਹੈ ਕਿਉਂਕਿ ਉਹ ਸਮਝਦਾ ਹੈ ਕਿ ਸ੍ਰਿਸ਼ਟੀ ਪਦਾਰਥਵਾਦੀ ਵਰਤਾਰਿਆ ਦੀ ਉਪਜ ਹੈ ਜੋ ਲਗਾਤਾਰ ਬਦਲਦੇ ਰਹਿੰਦੇ ਹਨ। ਇਸਦੀ ਸੌਖੀ ਵਿਆਖਿਆ ਅਸੀਂ ਮੌਸਮ ਵਿੱਚ ਆ ਰਹੇ ਬਦਲਾਅ ਦੇ ਰੂਪ ਵਿੱਚ ਵੇਖ ਸਕਦੇ ਹਾਂ। ਧਰਤੀ ਦਾ ਵਾਤਵਰਣ ਦਿਨੋ ਦਿਨ ਗਰਮ ਹੁੰਦਾ ਜਾ ਰਿਹਾ ਹੈ। ਰੇਡੀਆਈ ਕਿਰਨਾਂ ਜੀਵਨ ਦੀ ਹੋਂਦ ਲਈ ਚਣੌਤੀ ਬਣ ਰਹੀਆਂ ਹਨ। ਮਨੁੱਖੀ ਬੀਮਾਰੀਆਂ ਦੀਆਂ ਕਿਸਮਾਂ ਬਦਲੀਆਂ ਹਨ। ਵਿਗਿਆਨੀ ਪਦਾਰਥਵਾਦੀ ਤਬਦੀਲੀ ਦੀ ਉੱਚਿਤ ਵਿਆਖਿਆ ਦੇਣ ਦੇ ਸਮਰੱਥ ਹੈ। ਪਰ ਸੁਆਲ ਹੈ ਕਿ ਕੀ ਅਧਿਆਤਮਵਾਦੀ ਅਜਿਹਾ ਕਰ ਸਕਦਾ ਹੈ? ਉੱਤਰ ਹਮੇਸ਼ਾ ਨਾਂਹ ਵਿਚ ਮਿਲੇਗਾ। ਅਧਿਆਤਮਵਾਦੀ ਗਿਆਨ ਇੰਦਰੀਆਂ ਰਾਹੀਂ ਜੋ ਗਿਆਨ ਪ੍ਰਾਪਤ ਕਰਦਾ ਹੈ ਜਾਂ ਮਹਿਸੂਸ ਕਰਦਾ ਹੈ ਉਸੇ ਨੂੰ ਸਚਿਆਈ ਮੰਨਦਾ ਹੈ ਤੇ ਉਸ ਲਈ ਇਹੀ ਆਖਰੀ ਸੱਚ ਹੈ ਜੋ ਉਸਨੇ ਮਹਿਸੂਸ ਕੀਤਾ ਹੈ। ਪਰ ਗਿਆਨ ਇੰਦਰੀਆਂ ਰਾਹੀਂ ਕੀਤਾ ਅਨੁਭਵ ਅਲੱਗ ਅਲੱਗ ਮਨੁੱਖਾਂ ਲਈ ਇੱਕੋ ਵਰਤਾਰੇ ਨੂੰ ਮਹਿਸੂਸ ਕਰਨ ਲਈ ਅਲੱਗ ਅਲੱਗ ਸਿੱਟੇ ਕੱਢੇਗਾ। ਪਰ ਵਿਗਿਆਨ ਉਸ ਵਰਤਾਰੇ ਦੇ ਇਕੋ ਜਿਹੇ ਸਿੱਟੇ ਕੱਢੇਗਾ। ਅਧਿਆਤਮਵਾਦ ਲਈ ਤੱਥਾਂ ਦੀ ਕੋਈ ਅਹਿਮੀਅਤ ਨਹੀਂ ਜਦੋਂਕਿ ਵਿਗਿਆਨ ਅਤੇ ਵਿਗਿਆਨਕ ਸਮਝ ਲਈ ਇਹ ਮੂਲ ਅਧਾਰ ਹੈ। ਤਰਕਸ਼ੀਲਤਾ ਹਰ ਵਰਤਾਰੇ ਲਈ ਵਿਕਸਤ ਹੋਣ ਲਈ ਅਨੁਕੂਲਣ ਦਾ ਵਰਤਾਰਾ ਹੈ ਜਿਸਦਾ ਅਧਾਰ ਵਿਗਿਆਨਿਕ ਸਮਝ ਹੈ।

ਸੋ ਜਰੂਰੀ ਹੈ ਕਿ ਤਰਕਸ਼ੀਲ ਵਿਗਿਆਨਿਕ ਸਮਝ ਦੀ ਅਹਿਮੀਅਤ ਸਮਝਦਿਆਂ ਅਨੁਕੂਲਣ ਦੇ ਵਰਤਾਰੇ ਦਾ ਵੀ ਧਿਆਨ ਰੱਖੇ ਕਿ ਉਹ ਕਿਸ ਤਰਾਂ ਦੇ ਸਮਾਜਿਕ ਵਾਤਾਵਰਣ ਵਿੱਚ ਰਹਿੰਦਾ ਹੈ ਅਤੇ ਉਸਦੇ ਉਚਿਤ ਵਿਕਾਸ ਲਈ ਸਮਾਜ ਦੀਆਂ ਪਰਤਾਂ ਦੀ ਕੀ ਅਹਿਮੀਅਤ ਹੈ। ਉਹ ਸਮਾਜਿਕ ਵਰਤਾਰਿਆਂ ਦਾ ਤਰਕਸੰਗਤ ਅਧਿਅਨ ਕਰੇ ਅਤੇ ਤਰਕਸੰਗਤ ਸਿੱਟਿਆਂ ਤੇ ਪੁੱਜੇ ਤੇ ਲਾਗੂ ਕਰੇ। ਉਸਦਾ ਵਿਵਹਾਰ ਵੀ ਤਰਕਸੰਗਤ ਹੋਵੇ। ਬਹੁਤ ਸਾਰੀਆਂ ਪਰਤਾਂ ਭਾਵੇਂ ਵਿਗਿਆਨ ਦੀ ਤਕਨੀਕੀ ਭਾਸ਼ਾ ਤੇ ਪੂਰਾ ਨਹੀਂ ਉਤਰਦੀਆਂ ਪਰ ਉਹਨਾਂ ਦੀ ਸਮਾਜ ਵਿੱਚਲੀ ਹੋਂਦ ਦੀ ਤਰਕਸੰਗਤਾ ਨੂੰ ਧਿਆਨ ਵਿਚ ਰੱਖਕੇ ਹੀ ਅਸੀਂ ਤਰਕਸ਼ੀਲ ਪਹੁੰਚ ਦੇ ਵਿਕਾਸ ਲਈ ਉੱਚਿਤ ਵਾਤਾਵਰਣ ਸਿਰਜ ਸਕਦੇ ਹਾਂ। ਬੇਲੋੜੀਆਂ ਟਕਰਾਵੀਆਂ ਸਥਿਤੀਆਂ ਪੈਦਾ ਕਰਕੇ ਤਰਕਸ਼ੀਲਤਾ ਦੀ ਮਾਨਵਵਾਦੀ ਪਹੁੰਚ ਦੇ ਸੰਕਲਪ ਨੂੰ ਨੁਕਸਾਨ ਪਹੁੰਚਾਉਣ ਤੋਂ ਹਮੇਸ਼ਾ ਗਰੇਜ਼ ਹੀ ਕਰਨਾ ਚਾਹੀਦਾ ਹੈ। ਸੋ ਤਰਕਸ਼ੀਲਤਾ ਦੀ ਵਿਸ਼ਾਲਤਾ ਦੇ ਸੰਕਲਪ ਨੂੰ ਸਮਝਣਾ ਅਤਿ ਜਰੂਰੀ ਹੈ ਇਸਨੂੰ ਟੈਕਨੀਕਲ ਰੂਪ ਦੇਣ ਦੀ ਬਜਾਏ ਸਾਰਥਿਕ ਅਤੇ ਹਾਲਤਾਂ ਦੇ ਅਨੁਕੂਲਣ ਵਿਚ ਰਖਦਿਆਂ ਅੱਗੇ ਵਧਣ ਦੀ ਜਰੂਰਤ ਹੈ।


98147-32122

ਗਲਤੀ ਦੀ ਸੋਧ: ਸਤੰਬਰ-ਅਕਤੂਬਰ, 2014 'ਚ ਛਪੀ ਹਾਲ ਸਹਾਇਤਾ 'ਚ ਸ਼ਰਨਜੀਤ ਕੌਰ ਪੁੱਤਰ ਸ੍ਰੀ ਜਸਬੀਰ ਸਿੰਘ, ਆਰ.ਸੀ.ਐਫ.ਕਪੂਰਥਲਾ ਦੀ ਜਗ੍ਹਾ ਸ਼ਰਨਜੀਤ ਕੌਰ ਪੁੱਤਰੀ ਪੜ੍ਹਿਆ ਜਾਵੇ ਅਤੇ ਸਹਾਇਤਾ 1000 ਰੁਪੈ ਦੀ ਜਗ੍ਹਾ 2000 ਰੁਪੈ

ਸੁਆਲ: ਖੁਦਕਸ਼ੀ ਜਾਂ ਆਤਮ-ਹੱਤਿਆ ਕਿਉਂ?

ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ. ਬਲਵੰਤ ਸਿੱਧੂ



ਜੁਆਬ:- ਦੁਨੀਆਂ ਵਿੱਚ ਸ਼ਾਇਦ ਹੀ ਕੋਈ ਅਜੇਹਾ ਸ਼ਖਸ ਹੋਵੇਗਾ ਜਿਸਨੇ ਕਦੇ ਵੀ ਮਰਨ ਬਾਰੇ ਨਾ ਸੋਚਿਆ ਹੋਵੇ। ਆਪਣੇ ਆਪ ਨੂੰ ਆਪ ਹੀ ਖਤਮ ਕਰ ਲੈਣ ਜਾਂ ਮੁਕਾ ਲੈਣ ਦੀ ਕਿਰਿਆ ਨੂੰ ਖੁਦਕਸ਼ੀ ਆਖਿਆ ਜਾਂਦਾ ਹੈ। ਮੁਢ ਕਦੀਮ ਤੋਂ ਹੀ ਖੁਦਕਸ਼ੀ ਜਾਂ ਆਤਮ ਹੱਤਿਆ ਦੀ ਪ੍ਰਥਾ ਮਨੁੱਖੀ ਸਮਾਜ ਅੰਦਰ ਪ੍ਰਚੱਲਿਤ ਰਹੀ ਹੈ, ਚਾਹੇ ਘੱਟ ਜਾਂ ਵੱਧ ਇਹ ਦੁਨੀਆਂ ਦੇ ਹਰ ਮੁਲਕ, ਕੌਮ ਜਾਂ ਨਸਲ ਵਿੱਚ ਮੌਜੂਦ ਹੈ। ਪਰ ਹੁਣ ਖੁਦਕਸ਼ੀ ਜਾਂ ਆਤਮ-ਹਤਿਆ ਮੌਜੂਦਾ ਸਮੇ ਦਾ ਇੱਕ ਬਹੁਤ ਅਹਿਮ ਮਸਲਾ ਹੈ ਤੇ ਦੁਨੀਆ ਭਰ ਵਿੱਚ ਨੌਜਵਾਨਾਂ ਵਿੱਚ ਖੁਦਕਸ਼ੀ, ਮੌਤ ਦਾ ਤੀਜਾ ਸਭ ਤੋਂ ਵੱਡਾ ਕਾਰਣ ਹੈ। ਖੁਦਕਸ਼ੀ ਦੀ ਦਰ ਅਗੇ ਨਾਲੋਂ ਵੱਧ ਰਹੀ ਹੈ ਅਤੇ ਨੌਜਵਾਨਾਂ ਵਿੱਚ ਵੀ ਇਸ ਦਾ ਰੁਝਾਨ ਵੱਧ ਰਿਹਾ ਹੈ। ਖੁਦਕਸ਼ੀ ਇੱਕ ਵਿਅਕਤੀਗਤ ਅਤੇ ਨਿੱਜੀ ਕਾਰਜ ਹੈ ਅਤੇ ਬਹੁਤ ਸਾਰੇ ਕਾਰਣਾਂ ਕਰਕੇ ਹੁੰਦਾ ਹੈ, ਇਸ ਕਰਕੇ ਵੱਖ ਵੱਖ ਦੇਸ਼ਾਂ ਅਤੇ ਸਮਾਜੀ ਤਬਕਿਆਂ ਵਿੱਚ ਖੁਦਕਸ਼ੀ ਦੀ ਦਰ ਵੀ ਵੱਖ ਵੱਖ ਹੈ। ਖੁਦਕਸ਼ੀ ਦੀ ਦਰ ਪੂਰਬੀ ਯੋਰਪੀਅਨ ਦੇਸ਼ਾਂ ਵਿੱਚ ਮੁਕਾਬਲਤਨ ਜ਼ਿਆਦਾ ਹੈ ਜਿਵੇਂ ਕਿ ਬੇਲਾਰੂਸ, ਇਸਟੋਨੀਆ, ਲਿਥੁਏਨੀਆ ਅਤੇ ਰੂਸ ਆਦਿ ਅਤੇ ਮੁਕਾਬਲਤਨ ਘੱਟ ਦਰ ਵਾਲੇ ਦੇਸ਼ ਹਨ ਕੋਲੰਬੀਆ, ਪਰਾਗੁਏ, ਫਿਲੀਪੀਨਜ਼ ਅਤੇ ਥਾਇਲੈਂਡ ਆਦਿ। ਵਿਸ਼ਵ ਸਿਹਤ ਸੰਸਥਾ (W.H.O) ਦੇ ਅੰਕੜਿਆਂ ਅਨੁਸਾਰ ਦੁਨੀਆਂ ਭਰ ਵਿੱਚ ਤਕਰੀਬਨ 10 ਲੱਖ ਲੋਕ ਹਰ ਸਾਲ ਖੁਦਕਸ਼ੀ ਨਾਲ ਮਰਦੇ ਹਨ ਅਤੇ ਤਕਰੀਬਨ ਇਸ ਤੋਂ ਦਸ ਗੁਣਾ ਜ਼ਿਆਦਾ ਲੋਕ ਖੁਦਕਸ਼ੀ ਦੀ ਅਸਫਲ ਕੋਸ਼ਿਸ਼ ਕਰਦੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸਨ 2010 ਵਿੱਚ ਭਾਰਤ ਵਿੱਚ ਖੁਦਕਸ਼ੀ ਦੀ ਦਰ 100000 (ਇੱਕ ਲੱਖ) ਪਿਛੇ 11.4 ਸੀ। ਕਿਉਂਕਿ ਇਹ ਅੰਕੜੇ ਪੁਲੀਸ ਰਿਕਾਰਡ ਅਨੁਸਾਰ ਹੁੰਦੇ ਹਨ ਇਸ ਲਈ ਇਹ ਗੱਲ ਬਹੁੱਤ ਸਪੱਸ਼ਟ ਹੈ ਕਿ ਅਸਲੀਅਤ ਵਿੱਚ ਗਿਣਤੀ ਇਸ ਤੋਂ ਕਾਫੀ ਜ਼ਿਆਦਾ ਹੋਵੇਗੀ ਕਿਉਂਕਿ ਅਕਸਰ ਹੀ ਲੋਕ ਖੁਦਕਸ਼ੀ ਦਾ ਮਾਮਲਾ ਪੁਲੀਸ ਤੇ ਸਮਾਜ ਦੇ ਡਰ ਕਾਰਣ ਰਫਾ ਦਫਾ ਕਰ ਦਿੰਦੇ ਹਨ। ਭਾਰਤ ਵਿੱਚ ਖੁਦਕਸ਼ੀ ਕਰਨ ਦੀ ਕੋਸ਼ਿਸ਼ ਕਰਨਾ ਇੱਕ ਕਾਨੂੰਨਨ ਅਪਰਾਧ ਹੈ। ਭਾਰਤੀ ਦੰਡਾਵਲੀ ਧਾਰਾ 309 (IPC section 309) ਅਧੀਨ ਇਹ ਸਜ਼ਾ ਯਾਫਤਾ ਅਪਰਾਧ ਹੈ। ਇਸ ਕਰਕੇ ਬਹੁਤ ਸਾਰੇ ਕੇਸਾਂ ਵਿੱਚ ਖੁਦਕਸ਼ੀ ਨੂੰ ਕਿਸੇ ਹੋਰ ਕਾਰਣ ਹੋਈ ਮੌਤ ਜਿਵੇਂ ਕਿ ਬਿਮਾਰੀ ਕਾਰਣ, ਜਾਂ ਹਾਦਸੇ ਕਾਰਣ ਹੋਈ ਮੌਤ ਕਰਾਰ ਕੀਤਾ ਜਾਣਾ ਆਮ ਗੱਲ ਹੈ। ਪਰ ਇਹ ਗੱਲ ਬਹੁਤ ਸਪੱਸ਼ਟ ਹੈ ਕਿ ਇਹ ਮਨੁੱਖਤਾ ਲਈ ਇਕ ਬਹੁਤ ਅਹਿਮ ਮਸਲਾ ਹੈ। ਖੁਦਕਸ਼ੀ ਆਪਣੇ ਆਪ ਵਿੱਚ ਕੋਈ ਇੱਕ ਵਿਸ਼ੇਸ਼ ਬਿਮਾਰੀ ਨਹੀਂ। ਇਹ ਇੱਕ ਲੱਛਣ ਹੈ ਜੋ ਕਿ ਕਿਸੇ ਮਨੋਰੋਗ ਕਰਕੇ ਜਾਂ ਸਮਾਜੀ ਤੇ ਵਿਅਕਤੀਗਤ ਤਣਾਅ ਕਰਕੇ ਜਾਂ ਜ਼ਿੰਦਗੀ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਵਿੱਚ ਮਨੁੱਖੀ ਅਸਮਰੱਥਾ ਦਾ ਇੱਕ ਚਿੰਨ੍ਹ ਹੋ ਸਕਦਾ ਹੈ।

ਜੇ ਖੁਦਕਸ਼ੀ ਦੇ ਕਾਰਣਾਂ ਬਾਰੇ ਵਿਚਾਰ ਕੀਤਾ ਜਾਵੇ ਤਾਂ ਅਧਿਅਨ ਕਰਨ ਤੋਂ ਪਤਾ ਲਗਦਾ ਹੈ ਕਿ ਇਸ ਦੇ ਕਾਰਣ ਬਹੁਮੁਖੀ ਹਨ। ਮਨੋਰਗ ਇਸ ਦਾ ਇੱਕ ਪ੍ਰਮੁੱਖ ਕਾਰਣ ਹਨ। ਉਦਾਸੀ ਰੋਗ (Depression) ਇੱਕ ਅਹਿਮ ਕਾਰਣ ਹੈ। ਹੋਰ ਮਨੋਰਗ ਜਿਵੇਂ ਕਿ ਨਸ਼ਿਆਂ ਸੰਬੰਧੀ ਰੋਗ (Drug dependence), ਸ਼ਕਿਜ਼ੋਫਰੇਨਿਆ (Schizophrenia) ਅਤੇ ਬਚਪਨ ਵਿੱਚ ਸ਼ਰੀਰਿਕ ਅਤੇ ਮਾਨਸਿਕ ਜਾਂ ਸੈਕਸ ਸੰਬੰਧੀ ਤਸ਼ੱਦਦ ਆਦਿ ਵੀ ਖੁਦਕਸ਼ੀ ਦਾ ਅਹਿਮ ਕਾਰਣ ਹੋ ਸਕਦੇ ਹਨ। ਦੁਨੀਆ ਦੇ ਸਭ ਤੋਂ ਪ੍ਰਸਿੱਧ, ਫਰਾਂਸ ਦੇ ਸਮਾਜ ਸ਼ਾਸਤਰ ਵਿਗਿਆਨੀ (Sociologist) ਐਮਿਲ ਡਰਖੀਮ (Emile Durkheim) ਨੇ ਇਸ ਵਿਸ਼ੇ ਬਾਰੇ ਬਹੁਤ ਵਿਸਥਾਰ ਨਾਲ ਬਿਆਨ ਕੀਤਾ ਹੈ। ਉਸ ਨੇ ਆਪਣੀ ਪ੍ਰਸਿੱਧ ਕਿਤਾਬ Suicide(1897) ਵਿੱਚ ਇਸ ਦੇ ਸਮਾਜਿਕ ਪਹਿਲੂਆਂ ਬਾਰੇ ਚਾਨਣਾ ਪਾਇਆ ਹੈ। ਉਸ ਨੇ ਸਮਾਜਿਕ ਅਲਹਿਦਗੀ, ਨਿਰਾਰਥਿਕ ਜ਼ਿੰਦਗੀ (ਬੇ-ਮਾਇਨਾ ਜ਼ਿੰਦਗੀ) ਅਤੇ ਬਲਿਦਾਨ ਦੀ ਭਾਵਨਾ ਆਦਿ ਕਾਰਣਾਂ ਦਾ ਵਰਣਨ ਕੀਤਾ ਹੈ।

ਪਰਸਿੱਧ ਮਨੋਵਿਗਿਆਨੀ ਸਿਗਮੰਡ ਫਰਾਇਡ (Sigmund Freud) ਮੁਤਾਬਿਕ ਮਨੁੱਖ ਦੀ ਗੁਸੈਲੀ, ਹਿੰਸਾਤਮਕ ਅਤੇ ਵਿਨਾਸ਼ਕਾਰੀ ਰੁਚੀ ਜਮਾਂਦਰੂ ਪ੍ਰਵ੍ਰਿਤੀ ਹੈ। ਇਹ ਆਮ ਤੌਰ ਤੇ ਲੜਾਈ ਝਗੜੇ ਤੇ ਵਧੀਕੀ ਕਰਨ ਦੀ ਆਦਤ ਦੇ ਰੂਪ ਵਿੱਚ ਵੇਖੀ

ਜਾ ਸਕਦੀ ਹੈ। ਆਪਣੇ ਆਪ ਵੱਲ ਮੋੜੀ ਹੋਈ ਇਹੀ ਪ੍ਰਵ੍ਰਿਤੀ ਖੁਦਕਸ਼ੀ ਦੇ ਰੂਪ ਵਿੱਚ ਜਾਹਰ ਹੋ ਸਕਦੀ ਹੈ। ਸਮਾਜਿਕ ਖੋਜ ਸਿੱਧ ਕਰਦੀ ਹੈ ਕਿ ਖੁਦਕਸ਼ੀ ਕਾਰਣ ਮੌਤਾਂ ਦੀ ਦਰ ਮਰਦਾਂ/ਪੁਰਸ਼ਾਂ ਵਿੱਚ ਔਰਤਾਂ ਦੇ ਮੁਕਾਬਲੇ ਕਾਫੀ ਜ਼ਿਆਦਾ ਹੈ ਬੇਸ਼ਕ ਮਰਦਾਂ ਦੇ ਮੁਕਾਬਲੇ ਜ਼ਿਆਦਾ ਔਰਤਾਂ ਖੁਦਕਸ਼ੀ ਦੀ ਕੋਸ਼ਿਸ਼ ਕਰਦੀਆਂ ਹਨ। ਅਣਵਿਆਹੇ ਲੋਕਾਂ ਵਿੱਚ ਵਿਆਹੇ ਹੋਏ ਲੋਕਾਂ ਦੇ ਮੁਕਾਬਲੇ ਖੁਦਕਸ਼ੀ ਦੀ ਦਰ ਜ਼ਿਆਦਾ ਹੈ। ਇਸੇ ਤਰਾਂ ਬੇਔਲਾਦ ਲੋਕਾਂ ਵਿੱਚ ਵੀ ਇਸ ਦੀ ਦਰ ਔਲਾਦ ਵਾਲੇ ਲੋਕਾਂ ਨਾਲੋਂ ਵੱਧ ਹੈ। ਉਮਰ ਦੇ ਦੋ ਪੜਾਵਾਂ ਵਿੱਚ ਖੁਦਕਸ਼ੀ ਦੀ ਦਰ ਆਮ ਨਾਲੋਂ ਜ਼ਿਆਦਾ ਦੇਖੀ ਜਾਂਦੀ ਹੈ। ਜਿਥੇ ਨੌਜਵਾਨਾਂ ਵਿੱਚ ਇਹ ਦਰ ਜ਼ਿਆਦਾ ਹੈ ਉਥੇ ਢਲਦੀ ਉਮਰ ਵਿੱਚ (60 ਸਾਲ ਤੋਂ ਬਾਅਦ) ਇੱਕ ਵਾਰ ਇਸ ਦੀ ਦਰ ਫੇਰ ਆਮ ਨਾਲੋਂ ਜ਼ਿਆਦਾ ਦੇਖੀ ਜਾਂਦੀ ਹੈ। ਬੇਰੁਜ਼ਗਾਰੀ ਅਤੇ ਕਿਸੇ ਕਿਸਮ ਦੀ ਤੰਗੀ ਆਦਿ ਵੀ ਇਸ ਦੇ ਖਦਸ਼ੇ ਨੂੰ ਹੋਰ ਵਧਾਉਂਦੀ ਹੈ। ਤਣਾਉ ਭਰਪੂਰ ਕਿੱਤੇ ਕਰਨ ਵਾਲਿਆਂ ਵਿੱਚ ਵੀ ਇਸ ਦੀ ਦਰ ਆਮ ਲੋਕਾਂ ਨਾਲੋ ਵੱਧ ਹੈ। ਕਈ ਵਾਰ ਨਾ ਚਾਹੁੰਦੇ ਹੋਏ ਵੀ ਸਿਰਫ ਦੂਜਿਆਂ ਨੂੰ ਡਰਾਵੇ ਲਈ ਦਿਖਾਵੇ ਵਾਲੇ ਖੁਦਕਸ਼ੀ ਦੇ ਕਦਮ ਵੀ ਹਾਦਸੇ ਦੇ ਰੂਪ ਵਿੱਚ ਅਣਚਾਹੀ ਖੁਦਕਸ਼ੀ ਦਾ ਰੂਪ ਲੈ ਸਕਦੇ ਹਨ। ਇੱਕ ਹੋਰ ਹੈਰਾਨੀ ਜਨਕ ਤੱਥ ਇਹ ਹੈ ਕਿ ਕਿਸੇ ਵੀ ਦੇਸ਼ ਵਿੱਚ ਅਮਨ ਸ਼ਾਂਤੀ ਦੇ ਸਮੇ ਵਿੱਚ ਖੁਦਕਸ਼ੀ ਦੀ ਦਰ ਜੰਗ ਦੇ ਸਮੇ ਨਾਲੋਂ ਜ਼ਿਆਦਾ ਹੁੰਦੀ ਹੈ।

ਖੁਦਕਸ਼ੀ ਦਾ ਸੰਬੰਧ ਜ਼ਿੰਦਗੀ ਦੇ ਨਾਕਾਰਤਮਕ ਜਾਂ ਤਣਾਉ ਭਰਪੂਰ ਵਰਤਾਰਿਆਂ ਨਾਲ ਵੀ ਸੰਬੰਧਿਤ ਹੈ। ਜਿਵੇਂ ਕਿ ਕਿਸੇ ਪਿਆਰੇ ਸਾਥੀ ਦੀ ਮੌਤ ਹੋਣਾ, ਨੌਕਰੀ ਦਾ ਖੁਸਣਾ, ਨਾ ਚਾਹੁੰਦਿਆਂ ਵੀ ਤਲਾਕ ਹੋਣਾ, ਪਰਿਵਾਰਿਕ ਝਗੜੇ ਜਾਂ ਹੋਰ ਜ਼ਿੰਦਗੀ ਦੇ ਜ਼ਿਆਦਾ ਤਣਾਉ ਵਾਲੀਆਂ ਘਟਨਾਵਾਂ ਜਾਂ ਵਰਤਾਰੇ। ਇਹ ਵਰਤਾਰੇ ਪ੍ਰਭਾਵਿਤ ਸੰਵੇਦਨਸ਼ੀਲ ਵਿਅਕਤੀ ਨੂੰ ਕਈ ਵਾਰ ਅਜੇਹਾ ਕਰਨ ਲਈ ਉਕਸਾ ਸਕਦੇ ਹਨ। ਭਾਰਤ ਵਿੱਚ ਔਰਤਾਂ ਵਿੱਚ ਖੁਦਕਸ਼ੀ ਦਾ ਸਭ ਤੋਂ ਵੱਡਾ ਕਾਰਣ ਵਿਆਹੁਤਾ ਜ਼ਿੰਦਗੀ ਦੇ ਝਗੜੇ ਹਨ। ਖੁਦਕਸ਼ੀ ਲਈ ਉਕਸਾਉਣ ਵਾਲੇ ਹੋਰ ਆਮ ਕਾਰਣ ਹਨ; ਗੰਭੀਰ ਸ਼ਰੀਰਿਕ ਰੋਗ, ਨਸ਼ਿਆਂ ਵਿੱਚ ਗ੍ਰਸਤ ਹੋਣਾ, ਪੈਸਿਆਂ ਦੀ ਤੰਗੀ, ਕਰਜ਼, ਦਿਵਾਲਾ ਨਿਕਲਨਾ, ਮੁਕੱਦਮੇ ਬਾਜ਼ੀ, ਸ਼ਰੀਕਾਂ ਨਾਲ ਝਗੜੇ ਅਤੇ ਸਮਾਜੀ ਬਦਨਾਮੀ ਹੋਣਾ, ਬੇਸਹਾਰਾ ਹੋਣਾ, ਇਮਤਿਹਾਨ ਵਿੱਚ ਫੇਲ ਹੋਣਾ, ਪਿਆਰ ਦਾ ਅਸਫਲ ਹੋਣਾ ਤੇ ਬਲਾਤਕਾਰ ਹੋਣਾ, ਆਦਿ।

ਪੁਰਾਤਨ ਭਾਰਤੀ ਲਿਟਰੇਚਰ ਵਿੱਚ ਵੀ ਖੁਦਕਸ਼ੀ ਦੇ ਬਹੁਤ ਸਾਰੇ ਬਿਰਤਾਂਤ ਵਰਣਨ ਕੀਤੇ ਗਏ ਹਨ। ਬਹੁਤ ਥਾਂ ਤੇ ਆਪਣੀ ਇੱਜ਼ਤ ਬਚਾਉਣ ਲਈ ਜਾਂ ਬੇਜ਼ਤੀ ਤੋਂ ਬਚਣ ਲਈ ਕੀਤੀ ਗਈ ਆਤਮ ਹਤਿਆ ਦੀ ਮਹਿਮਾ ਕੀਤੀ ਗਈ ਹੈ। ਮਹਾਭਾਰਤ ਅਤੇ ਰਮਾਇਣ ਦੋਵਾਂ ਵਿੱਚ ਵੀ ਇਸ ਦੇ ਬਹੁਤ ਸਾਰੇ ਦ੍ਰਿਸ਼ਟਾਂਤ ਹਨ। ਧਾਰਮਿਕ ਅਤੇ ਫਰਜ਼ ਦੇ ਕਾਰਣਾਂ ਤੋਂ ਬਿਨਾਂ ਬਾਕੀ ਕਿਸਮ ਦੀ ਖੁਦਕਸ਼ੀ ਨੂੰ ਜ਼ਿਆਦਾਤਰ ਧਾਰਮਿਕ ਗ੍ਰੰਥ ਪਾਪ ਗਿਣਦੇ ਹਨ ਅਤੇ ਵਰਜਿਤ ਕਰਦੇ ਹਨ। ਸਤੀ, ਜਿਥੇ ਔਰਤ ਆਪਣੇ ਪਤੀ ਦੀ ਮੌਤ ਬਾਅਦ ਵਿਧਵਾ ਦੀ ਜਿੰਦਗੀ ਜੀਣ ਦੀ ਬਜਾਏ ਉਸਦਾ ਚਿਤਾ ਵਿੱਚ ਜਲ ਜਾਂਦੀ ਸੀ ਅਤੇ ਜੌਹਰ, ਜਿਸ ਵਿੱਚ ਰਾਜਪੂਤ ਔਰਤਾਂ ਮੁਸਲਮਾਨ ਧਾੜਵੀਆਂ ਦੇ ਹੱਥੋਂ ਬੇਜ਼ਤੀ ਕਰਵਾਉਣ ਦੀ ਬਜਾਏ ਆਤਮ ਹੱਤਿਆ ਕਰ ਲੈਂਦੀਆਂ ਸਨ ਕੁਝ ਸਮੇ ਪਹਿਲਾਂ ਤੀਕ ਪ੍ਰਚੱਲਿਤ ਸਨ ਅਤੇ ਸਮਾਜ ਵਿੱਚ ਅਜੇਹੀਆਂ ਔਰਤਾਂ ਨੂੰ ਸਨਮਾਨ ਦੀ ਨਿਗਾਹ ਨਾਲ ਦੇਖਿਆ ਜਾਂਦਾ ਸੀ।

ਵੱਖ ਵੱਖ ਥਾਵਾਂ ਜਾਂ ਮੁਲਕਾਂ ਵਿੱਚ ਖੁਦਕਸ਼ੀ ਕਰਨ ਦੇ ਢੰਗ ਕਾਫੀ ਵੱਖ ਵੱਖ ਹਨ। ਇਹ ਫਰਕ ਉਥੋਂ ਦੀ ਆਰਥਿਕ ਹਾਲਤ, ਹਥਿਆਰਾਂ ਦੀ ਉਪਲੱਭਤਾ, ਹਥਿਆਰਾਂ ਬਾਰੇ ਕਾਨੂੰਨ, ਆਦਿ ਦੇ ਫਰਕ ਕਾਰਣ ਹੁੰਦੇ ਹਨ। ਜਿਥੇ ਪੱਛਮੀ ਵਿਕਸਿਤ ਮੁਲਕਾਂ ਵਿੱਚ ਜ਼ਿਆਦਾਤਰ ਗੋਲੀ ਦਾਗਣ ਵਾਲੇ ਹਥਿਆਰ (ਆਪਣੇ ਆਪ ਨੂੰ ਗੋਲੀ ਮਾਰ ਲੈਣੀ), ਕਾਰ ਦੇ ਧੂੰਏ ਨਾਲ ਆਪਣੇ ਆਪ ਨੂੰ ਖਤਮ ਕਰਨਾ, ਜ਼ਹਿਰ ਜਾਂ ਜ਼ਹਿਰੀਲੀ ਮਾਤਰਾ ਵਿੱਚ ਦੁਆਈ ਲੈਣੀ ਆਦਿ ਪ੍ਰਮੁਖ ਖੁਦਕਸ਼ੀ ਦੇ ਢੰਗ ਹਨ, ਉਥੇ ਪਿਛੜੇ ਮੁਲਕਾਂ ਵਿੱਚ ਜ਼ਿਆਦਾਤਰ, ਕੀਟ ਨਾਸ਼ਕ ਦੁਆਈ ਪੀਣੀ, ਫਾਹਾ ਲੈ ਲੈਣਾ, ਆਪਣੇ ਆਪ ਨੂੰ ਅੱਗ ਲਾ ਲੈਣਾ ਜਾਂ ਡੂੰਘੇ ਪਾਣੀ ਵਿੱਚ ਡੁਬਣਾ ਆਦਿ ਪ੍ਰਮੁੱਖ ਤਰੀਕੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿੱਚ ਸਾਲ 2009 ਦੌਰਾਨ, ਕੀਟ ਨਾਸ਼ਕ/ਜ਼ਹਿਰ ਨਾਲ 33.6%, ਫਾਹਾ ਲੈਣ ਨਾਲ 31.5%, ਆਪਣੇ ਆਪ ਨੂੰ ਅੱਗ ਲਾ ਲੈਣ ਨਾਲ 9.2%, ਅਤੇ ਪਾਣੀ ਵਿੱਚ ਡੁਬਣ ਨਾਲ 6.1% ਖੁਦਕਸ਼ੀ ਦੇ ਕੇਸ ਸਾਹਮਣੇ ਆਏ। ਅਧਿਅਨ ਤੋਂ ਪਤਾ ਲਗਦਾ ਹੈ

ਕਿ ਪੇਂਡੂ ਇਲਾਕਿਆਂ ਅਤੇ ਖੇਤੀ ਪ੍ਰਧਾਨ ਖੇਤਰਾਂ ਵਿੱਚ ਕੀਟ ਨਾਸ਼ਕ ਦੁਆਈਆਂ ਹੀ ਖੁਦਕਸ਼ੀ ਦਾ ਸਭ ਤੋਂ ਵੱਡਾ ਸਾਧਨ ਹਨ। ਇਸ ਮੰਤਵ ਲਈ, ਪੰਜਾਬ ਤੇ ਹਰਿਆਣਾ ਵਿੱਚ ਕਣਕ ਦੇ ਢੋਲਾਂ ਵਿੱਚ ਪਾਉਣ ਵਾਲੀ ਦੁਆਈ ਦੀ ਵਰਤੋਂ ਕਾਫੀ ਪਾਈ ਗਈ ਹੈ।

ਕਈ ਵਾਰ ਕਿਸੇ ਵਿਸ਼ੇਸ਼ ਮੰਤਵ ਲਈ ਸਮੂਹਕ ਵਿਰੋਧ ਦੌਰਾਨ ਦੂਜਿਆਂ ਦੀ ਦੇਖਾ ਦੇਖੀ ਆਪਣੇ ਆਪ ਨੂੰ ਅੱਗ ਲਾ ਕੇ ਖੁਦਕਸ਼ੀ ਕਰਨਾ ਵੀ ਇੱਕ ਗੰਭੀਰ ਵਰਤਾਰਾ ਹੈ। ਇਸ ਦੀਆਂ ਪ੍ਰਸਿੱਧ ਉਦਾਹਰਣਾਂ ਹਨ-ਭਾਰਤ ਵਿੱਚ ਮੰਡਲ ਕਮਿਸ਼ਨ ਵੇਲੇ ਵਿਦਿਆਰਥੀਆਂ ਦੀਆਂ ਵਿਦਰੋਹ ਰੈਲੀਆਂ, ਤਿੱਬਤ ਵਿੱਚ ਚੀਨ ਵਿਰੋਧੀ ਬੋਧੀ ਰੈਲੀਆਂ, ਜਾਂ ਬੋਧੀਆਂ ਵਲੋਂ ਵੀਤਨਾਮ ਤੇ ਸ਼੍ਰੀ ਲੰਕਾ ਵਿੱਚ ਸਰਕਾਰ ਵਿਰੁੱਧ ਰੋਹ ਆਦਿ। ਕਦੇ ਕਦੇ ਕਈ ਧਾਰਮਿਕ ਗਰੁਪਾਂ ਵਿੱਚ ਵੀ ਉਨ੍ਹਾਂ ਦੇ ਅਖੌਤੀ ਪੈਗੰਬਰਾਂ ਵੱਲੋ ਕਈ ਕਾਰਣਾਂ ਕਰਕੇ ਫਤਵੇ ਕਾਰਣ ਸਮੂਹਕ ਖੁਦਕਸ਼ੀ ਦੇ ਕੇਸ ਸਾਹਮਣੇ ਆਏ ਹਨ।

(ਚਲਦਾ---ਬਾਕੀ ਅਗਲੇ ਅੰਕ ਵਿੱਚ)

ਪ੍ਰੋਫੈਸਰ ਤੇ ਮੁਖੀ, ਸਾਇਕੈਟਰੀ / ਨਸ਼ਾ ਛੁਡਾਊ ਵਿਭਾਗ,
ਰਜਿੰਦਰਾ ਹਸਪਤਾਲ,ਪਟਿਆਲਾ।

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:)

ਛਿਮਾਹੀ ਇਕੱਤਰਤਾ

16 ਨਵੰਬਰ 2014 (ਦਿਨ ਐਤਵਾਰ)

ਸਵੇਰੇ 10 ਵਜੇ

ਮਾਈ ਹਰਕ੍ਰਿਸ਼ਨ ਕੌਰ ਟਰੱਸਟ

ਨੇੜੇ ਪੁਰਾਣੀ ਕਚਿਹਰੀ ਚੌਂਕ,
ਕੈਲਾਸ਼ ਸਿਨੇਮਾ ਰੋਡ,
ਸਿਵਲ ਲਾਈਨਜ਼, ਲੁਧਿਆਣਾ

ਮੈਗਜ਼ੀਨ ਸਹਾਇਤਾ

ਸੁਰਿੰਦਰ ਪੱਦੀ ਜਗੀਰ, ਜਥੇਬੰਦਕ ਮੁਖੀ, ਫਗਵਾੜਾ
ਬੇਟੀ ਸ਼ੀਤਲ ਕੁਮਾਰੀ ਦੀ ਸ਼ਾਦੀ 'ਤੇ 1100

ਜੁਗਨੀ ਕੀ?

ਸੰਨ 1906 ਵਿੱਚ ਅੰਗਰੇਜੀ ਸਰਕਾਰ ਵੱਲੋਂ ਭਾਰਤ ਵਿੱਚ ਆਪਣੇ ਰਾਜ ਦੇ "ਗੋਲਡਨ ਜੁਬਲੀ ਜਸ਼ਨ" ਮਨਾਉਣੇ ਸਨ। ਲੋਕਾਂ ਵਿੱਚ ਪ੍ਰਚਾਰ ਕਰਨ ਵਾਸਤੇ ਰੱਥ-ਬੱਘੀਆਂ ਤੇ ਮਸ਼ਾਲ ਬਾਲਕੇ ਰੱਖੀ ਗਈ। ਨਾਲ ਪਹਿਰੇਦਾਰ, ਪ੍ਰਚਾਰਕ, ਸਰਕਾਰੀ ਅਫਸਰ, ਭਾਰਤੀ ਟਾਊਟ ਆਦਿ ਟੁਰੇ ਫਿਰਦੇ ਸਨ। ਰਾਤ ਦਿਨ ਅੱਗੇ ਤੋਂ ਅੱਗੇ ਚਲਦੇ ਜਾਂਦੇ। ਜਿਥੇ ਰੁਕਣਾ ਹੁੰਦਾ, ਉੱਥੇ ਅੰਗਰੇਜੀ ਰਾਜ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਜਾਂਦੇ। ਕਵੀ ਕਵਿਤਾਵਾਂ ਗਾਉਂਦੇ, ਇਨਾਮ ਹਾਸਲ ਕਰਦੇ। ਇਹ ਮਸ਼ਾਲ (ਗੋਲਡਨ ਜੁਬਲੀ ਫ਼ਲੇਮ) ਸਾਰੇ ਦੇਸ਼ ਵਿੱਚ ਘੁਮਾਈ ਗਈ।


ਪੰਜਾਬ ਦੇ ਦੋ ਗਵੱਈਏ ਵੀ ਇਸ ਕਾਫਲੇ ਦੇ ਨਾਲ ਨਾਲ ਚੱਲਦੇ ਰਹਿੰਦੇ। ਇਹਨਾਂ ਦੇ ਨਾਮ ਸਨ-ਬਿਸਨਾ ਤੇ ਮੱਦੂ। ਜਿੱਥੇ ਸਰਕਾਰੀ ਅਖਾੜਾ ਲੱਗਦਾ, ਉਸ ਤੋਂ ਕੁੱਝ ਫਾਸਲੇ ਤੇ ਇਹ ਦੋਵੇਂ ਗਵਈਏ ਵੀ ਆਪਣਾ ਅਖਾੜਾ ਜਮਾ ਲੈਂਦੇ। ਅਨਪੜ੍ਹ ਹੋਣ ਕਰਕੇ ਜੁਬਲੀ ਫ਼ਲੇਮ ਦੀ ਥਾਂ ਇਹਨਾਂ ਨੇ ਉਸਦਾ ਨਾਮ ਰੱਖ ਲਿਆ "ਜੁਗਨੀ"। ਸਰਕਾਰ ਦੇ ਵਿਰੋਧ ਵਿੱਚ ਇਹਨਾਂ ਨੇ ਆਪਣੀਆਂ ਕਵਿਤਾਵਾਂ ਜੋੜਕੇ ਗਾਉਣੀਆਂ, ਜਿਹਨਾਂ ਵਿੱਚ ਸ਼ਹਿਰਾਂ ਤੇ ਕਸਬਿਆਂ ਦੇ ਨਾਮ ਲੈ ਕੇ ਗੋਰਿਆਂ ਦੀ ਚੰਗੀ ਬੇਇਜਤੀ ਕਰਨੀ। ਜਿਵੇਂ "ਜੁਗਨੀ ਜਾ ਵੜੀ ਲੁਧਿਆਣੇ, ਭੁੱਖੇ ਮਰਦੇ ਨਿਆਣੇ ਸਿਆਣੇ।" "ਜੁਗਨੀ ਜਾ ਵੜੀ ਜਲੰਧਰ-ਲੋਕੀਂ ਡਰਦੇ ਲੁਕ ਗਏ ਅੰਦਰ" ਆਦਿ-ਆਦਿ। ਕਾਫੀ ਦੇਰ ਮਗਰੋਂ ਇਹਨਾਂ ਦੋਵਾਂ ਦੇਸੀ ਕਵੀਆਂ ਨੂੰ ਅੰਗਰੇਜਾਂ ਨੇ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਜੇਲ੍ਹ ਵਿੱਚੋਂ ਰਿਹਾਅ ਹੋਣ ਤੋਂ ਬਾਅਦ ਪੁਲਿਸ ਵਾਲੇ ਪ੍ਰੇਸ਼ਾਨ ਕਰਦੇ ਰਹੇ। ਪ੍ਰੇਸ਼ਾਨੀਆਂ ਅਤੇ ਗਰੀਬੀ ਵਿੱਚ ਇਹ ਦੋਵੇਂ ਅਜ਼ਾਦੀ ਘੁਲਾਟੀਏ ਗੁੰਮਨਾਮੀ ਦੀ ਹਾਲਤ ਵਿੱਚ ਹੀ ਮਰ ਗਏ। ਇਹਨਾਂ ਬਾਰੇ ਕੋਈ ਵਿਸਥਾਰ ਸਹਿਤ ਜਾਣਕਾਰੀ ਨਹੀਂ ਮਿਲਦੀ। ਪਰ ਇਹਨਾਂ ਦੀ ਰਚੀ 'ਜੁਗਨੀ' ਵੱਖ-ਵੱਖ ਰੂਪਾਂ ਵਿੱਚ ਪੰਜਾਬ ਭਰ ਵਿੱਚ ਮਸ਼ਹੂਰ ਹੈ।

ਪੇਸ਼ : ਜਸਵੰਤ ਜੀਰਖ

(ਸ੍ਰੋਤ: ਪ੍ਰੋ. ਇੰਦਰ ਸਿੰਘ ਘੱਗਾ ਦੀ ਰਚਨਾ 'ਸੰਸਾਰ ਦਾ ਚੋਣਵਾਂ ਸਾਖੀ' ਸਹਿਤ)

ਰਾਮਪੁਰਾਫੂਲ ਵਿਖੇ 23 ਨਵੰਬਰ ਨੂੰ 10 ਵਜੇ ਸ੍ਰੀ ਸੇਵਾ ਸੰਮਤੀ ਨੇੜੇ ਗੀਤਾ ਭਵਨ, ਰਾਮਪੁਰਾ ਵਿਖੇ ਵਿਗਿਆਨਕ ਵਿਧੀ 'ਤੇ ਸੈਮੀਨਾਰ ਹੈ। ਮੁੱਖ ਬੁਲਾਰਾ: ਰਾਜਪਾਲ ਸਿੰਘ ਸੂਚਨਾ: ਵੱਲੋਂ ਜਗਦੇਵ ਸਿੰਘ ਜਥੇਬੰਦਕ ਮੁਖੀ

ਬ੍ਰਹਿਮੰਡ ਯਾਤਰਾ




ਯੂਰੇਨਸ-ਸੱਤਵਾਂ ਘਰ

ਡਾ. ਅਵਤਾਰ ਸਿੰਘ ਢੀਂਡਸਾ



ਸਾਥੀਓ, ਗੈਸਾਂ ਦੇ ਬਣੇ ਹੋਏ ਅਤੇ ਪਾਣੀ ਤੋਂ ਵੀ ਹਲਕੇ ਸ਼ਨੀ ਗ੍ਰਹਿ ਦੀ ਰੌਚਕ ਯਾਤਰਾ ਤੋਂ ਬਾਅਦ ਆਓ ਅੱਗੇ ਵਧਦੇ ਹਾਂ ...ਔਹ ਨੀਲ਼ੀ ਭਾਹ ਮਾਰਦੇ ਤਾਰੇ ਵੱਲ। ਸਾਥੀਓ ਇਹ ਨੀਲੀ ਭਾਹ ਮਾਰਦੇ ਤਾਰੇ ਨੂੰ ਸ਼ਨੀ ਤੋਂ ਤਾਂ



ਸਿਰਫ਼ ਅੱਖਾਂ ਨਾਲ ਵੀ ਵੇਖਿਆ ਜਾ ਸਕਦਾ ਹੈ ਪਰ ਧਰਤੀ ਤੋਂ ਇਸਨੂੰ ਦੂਰਬੀਨ ਤੋਂ ਬਿਨਾਂ ਨਹੀਂ ਵੇਖਿਆ ਜਾ ਸਕਦਾ। ਪਰ ਸ਼ਨੀ ਨੂੰ ਛੱਡਣਾ ਇੰਨਾ ਅਸਾਨ ਨਹੀਂ... ਤੁਹਾਡੀ ਕਿਉਂ (?) ਵਾਲੀ ਜਗਿਆਸਾ ਦੀ ਮੈਨੂੰ ਬਹੁਤ ਚਿੰਤਾ ਰਹਿੰਦੀ ਹੈ । ਲਓ ਨੋਟ ਕਰੋ... ਸ਼ਨੀ ਗ੍ਰਹਿ ਦੀ ਗ੍ਰਹਿ-ਖਿੱਚ ਤੋਂ ਬਚਕੇ ਜਾਣ ਲਈ ਸਾਡੇ ਰਾਕਟ ਨੂੰ ਇੱਕ ਸਕਿੰਟ ਵਿੱਚ 37 ਕਿ:ਮੀ: ਤਹਿ ਕਰਨੇ ਪੈਣਗੇ ਜਦੋਂ ਕਿ ਪ੍ਰਿਥਵੀ ਦੀ ਖਿੱਚ ਤੋਂ ਬਚਣ ਲਈ ਇੱਕ ਸਕਿੰਟ ਵਿੱਚ 11.2 ਕਿ:ਮੀ: ਤਹਿ ਕਰਨੇ ਪਏ ਸਨ। ਯੂਰੇਨਸ ਦੀ ਸ਼ਨੀ ਤੋਂ ਦੂਰੀ ਲੱਗਭੱਗ 144 ਕਰੋੜ ਕਿ:ਮੀ: ਹੈ ਅਤੇ ਜੇਕਰ ਅਸੀਂ ਇੱਕ ਅਜਿਹੀ ਰਾਕਟ-ਗੱਡੀ ਵਿਚ ਬੈਠ ਜਾਈਏ ਜਿਹੜੀ 1 ਸੈਕਿੰਡ ਵਿਚ 12 ਕਿ:ਮੀ: ਦੀ ਦੂਰੀ ਤਹਿ ਕਰਦੀ ਹੋਵੇ ਤਾਂ ਵੀ ਸਾਨੂੰ ਸ਼ਨੀ ਤੋਂ ਚੱਲ ਕੇ ਯੂਰੇਨਸ ਤੱਕ ਪਹੁੰਚਣ ਲਈ 2.5 ਸਾਲ ਲੱਗ ਜਾਣਗੇ!!!

ਸਾਥੀਓ ਇਹ ਤੁਸੀਂ ਜਾਣਦੇ ਹੀ ਹੋ ਕਿ ਸੂਰਜ ਤੋਂ ਪ੍ਰਿਥਵੀ ਦੀ ਦੂਰੀ ਨੂੰ '1 ਸੂਰਜੀ ਇਕਾਈ' ਮੰਨਿਆ ਗਿਆ ਹੈ ਅਤੇ ਇੰਝ ਬੁੱਧ ਦੀ ਸੂਰਜ ਤੋਂ ਦੂਰੀ ਹੈ 0.39 ਸੂਰਜੀ ਇਕਾਈਆਂ... ਸ਼ੁੱਕਰ ਗ੍ਰਹਿ ਦੀ ਦੂਰੀ 0.72, ਧਰਤੀ ਦੀ ਇੱਕ ਸੂਰਜੀ ਇਕਾਈ... ਮੰਗਲ 1.52... ਸ਼ਨੀ 9.5... ਯੂਰੇਨਸ ਦੀ ਦੂਰੀ 19.18 ਸੂਰਜੀ ਇਕਾਈਆਂ। ਯੂਰੇਨਸ ਇੱਕ ਦਮ ਠੰਢੀ-ਯੱਖ ਗੈਸ ਅਤੇ ਬਰਫ਼ ਦੇ ਕਣਾਂ ਦਾ ਬਣਿਆ ਹੋਇਆ। ਜਿੰਨੇ ਸਮੇਂ ਤੱਕ ਅਸੀਂ ਇਹ ਰਸਤਾ ਤਹਿ ਕਰਾਂਗੇ ਉਸ ਦੌਰਾਨ ਪਹਿਲਾਂ ਯੂਰੇਨਸ ਦੀ ਖੋਜ ਬਾਰੇ ਇਕ ਵਿਗਿਆਨਕ ਕਥਾ ਸੁਣ ਲਓ।

ਜਰਮਨ ਦੇਸ਼ ਦਾ ਵਿਲੀਅਮ ਹਰਸ਼ੈੱਲ ਨਾਮ ਦਾ ਇੱਕ ਸੰਗੀਤਕਾਰ ਇੰਗਲੈਂਡ ਵਿੱਚ ਰਹਿੰਦਾ ਸੀ। ਸੰਗੀਤ ਦੇ ਨਾਲ-ਨਾਲ ਉਸ ਨੂੰ "ਤਾਰਾ-ਵਿਗਿਆਨ" ਵਿੱਚ ਬਹੁਤ ਸ਼ੌਂਕ ਸੀ। ਉਸ ਦੀ ਭੈਣ ਕੈਰੋਲਿਨ (Caroline) ਵੀ ਅੱਛੀ 'ਗਾਇਕ' ਸੀ। ਪ੍ਰੰਤੂ ਆਪਣੇ ਵੀਰ 'ਹਰਸ਼ੈੱਲ' ਨਾਲ ਅਕਸਰ ਘਰ ਦੀ ਛੱਤ ਉੱਪਰ ਤਾਰਿਆਂ ਨੂੰ ਘੋਖਦੀ। ਮਾਰਚ 13 ਸੰਨ 1781 ਦੀ ਠੰਢੀ ਰਾਤ ਨੂੰ ਉਹ ਆਪਣੀ ਦੂਰਬੀਨ ਨਾਲ 'ਮਿਥੁਨ ਰਾਸ਼ੀ' (Gemini) ਦੇ ਤਾਰੇ ਘੋਖ ਰਿਹਾ ਸੀ। ਉਸਨੂੰ ਇਸ ਰਾਸ਼ੀ ਦੇ ਤਾਰਿਆਂ ਵਿੱਚ ਚੌਥੇ ਸਥਾਨ ਉੱਪਰ ਇੱਕ ਵਿਸ਼ੇਸ਼ "ਤਾਰਾ" ਨਜ਼ਰ ਆਇਆ। ਪਰੇਸ਼ਾਨੀ ਇਸ ਗੱਲ ਦੀ ਸੀ ਕਿ ਇਹ ਬਾਕੀ ਤਾਰਿਆਂ ਵਾਂਗ, ਨਜ਼ਰ ਨਹੀਂ ਆਉਂਦਾ ਸੀ। ਉਸਨੇ ਆਪਣੀ ਭੈਣ ਨੂੰ ਵੀ ਇਹ ਤਾਰਾ ਵਿਖਾਇਆ। ਪਰ ਇਹ ਤਾਰਾ ਸਿਰਫ਼ ਦੂਰਬੀਨ 'ਚੋਂ ਹੀ ਨਜ਼ਰ ਅਉਂਦਾ ਸੀ। ਇਹ ਦੂਜੇ ਤਾਰਿਆਂ ਵਾਂਗ ਸਿਰਫ਼ ਇੱਕ



"ਪੁਆਇੰਟ" ਵਾਂਗ ਨਹੀਂ ਦਿਖਦਾ, ਸਗੋਂ ਇਹ ਤਾਂ ਇੱਕ ਛੋਟੀ ਜਿਹੀ ਪਲੇਟ ਵਾਂਗ ਗੋਲ ਨਜ਼ਰ ਆਉਂਦਾ ਸੀ। ਭੈਣ ਨੇ ਚੌਂਕ ਕਿ ਪੁਛਿਆ ਕਿਤੇ ਇਹ ਕੋਈ "ਬੋਦੀ ਵਾਲਾ ਤਾਰਾ" ਤਾਂ ਨਹੀਂ?


ਹਰਸ਼ੈੱਲ ਨੇ ਸੋਚਿਆ ਕਿ ਨਿਯਮਾਂ ਅਨੁਸਾਰ ਗਣਨਾ ਕਰਨੀ ਪਵੇਗੀ ਪਰ ਉਹਨਾਂ ਨੂੰ ਇਕ ਅਜੀਬ ਕਿਸਮ ਦੀ ਖੁਸੀ ਜਿਹੀ ਵੀ ਅਨੁਭਵ ਹੋ ਰਹੀ ਸੀ ਕਿ ਦੂਰਬੀਨ ਤੋਂ ਬਿਨ੍ਹਾਂ ਹੀ ਅੱਖਾਂ ਨਾਲ ਨਜ਼ਰ ਆਉਂਦੇ "ਸ਼ਨੀ" ਗ੍ਰਹਿ ਤੋਂ ਪਾਰ ਸ਼ਇਦ ਇੱਕ ਹੋਰ ਨਵਾਂ ਗ੍ਰਹਿ ਮਿਲ ਗਿਆ। ਜਿਸਨੂੰ ਸਿਰਫ਼ ਦੂਰਬੀਨ ਨਾਲ ਹੀ ਵੇਖਿਆ ਜਾ ਸਕਦਾ ਸੀ।

ਸਾਥੀਓ, ਤਾਰਿਆਂ ਵਿਚੋਂ ਕਿਹੜਾ ਗ੍ਰਹਿ ਹੈ ਅਤੇ ਕਿਹੜਾ ਤਾਰਾ... ਇਹ ਪਤਾ ਲਗਉਣ ਲਈ ਵੀ ਕੁੱਝ ਨਿਯਮ ਹਨ ਜਿਵੇਂ ਇਹ ਨਿਸ਼ਚਤ ਕਰਨਾ ਹੁੰਦਾ ਹੈ ਕਿ ਕੀ ਇਹ ਨਵਾਂ ਗ੍ਰਹਿ ਬਾਕੀ ਗ੍ਰਹਿਆਂ ਵਾਂਗ ਤਾਰਿਆਂ ਦੀ ਪਿੱਠ ਭੂਮੀ ਵਿੱਚ ਆਪਣੀ ਸਥਿਤੀ ਵੀ ਬਦਲਦਾ ਹੈ ਜਾਂ ਨਹੀਂ? ਇੰਝ ਕਈ ਦਿਨਾਂ ਬਾਅਦ ਜਦੋਂ "ਪਲੇਟਨੁਮਾ ਤਾਰੇ" ਨੇ ਬਾਕੀ ਤਾਰਿਆਂ ਦੀ ਪਿੱਠ-ਭੂਮੀ ਵਿੱਚ ਆਪਣੀ ਥਾਂ ਬਦਲੀ ਤਾਂ ਹਰਸੈੱਲ ਨੇ ਇਸ ਨੂੰ ਨਵਾਂ ਗ੍ਰਹਿ ਕਿਹਾ ਅਤੇ ਸਮਕਾਲੀ ਤਾਰਾ-ਵਿਗਿਆਨੀਆਂ ਨੇ ਵੀ ਇਸ ਨੂੰ ਨਵਾਂ ਗ੍ਰਹਿ ਮੰਨ ਲਿਆ। ਦੂਜਾ ਨਿਯਮ ਇਹ ਹੈ ਕਿ ਜੇਕਰ ਇਸ ਦਾ ਪੱਥ ਜਿਆਦਾ 'ਅੰਡਾਕਾਰ' ਹੋਇਆ ਤਾਂ "ਬੋਦੀ ਵਾਲਾ ਤਾਰਾ" ਜੇਕਰ 'ਘੱਟ ਅੰਡਾਕਾਰ' ਤਾਂ ਨਵਾਂ ਗ੍ਰਹਿ।



ਇਹ ਜਿਹੜਾ ਨਵਾਂ ਗ੍ਰਹਿ "ਵਿਲੀਅਮ ਹਰਸੈੱਲ" ਨੇ 13 ਮਾਰਚ ਸੰਨ 1781 ਨੂੰ ਲੱਭਾ ਸੀ... ਇਹੀ ਹੈ ਬਰਫੀਲੀ ਗੈਸ ਦਾ ਬਹੁਤ ਵੱਡਾ ਗੋਲਾ ਯੂਰੇਨਸ। ਅਸਲ ਵਿੱਚ ਯੂਰੇਨਸ ਨੂੰ ਵੇਖਿਆ ਤਾਂ ਪਹਿਲਾਂ ਵੀ ਗਿਆ ਸੀ। ਪਰ ਇਸ ਨੂੰ ਇੱਕ ਤਾਰਾ ਹੀ ਮੰਨਿਆ ਗਿਆ। ਅਸਲ ਵਿੱਚ ਜੇਕਰ "ਯੂਰੇਨਸ" ਦੇ ਇਤਿਹਾਸ ਨੂੰ ਵੇਖੀਏ ਤਾਂ ਅੰਗਰੇਜ ਤਾਰਾ-ਵਿਗਿਆਨੀ "ਜੌਹਨ ਫਲੈਗਸਟੀਡ" ਨੇ ਇਸਨੂੰ ਬ੍ਰਿਖ (Taurus) ਰਾਸ਼ੀ ਵਿੱਚ 1690 ਈ: ਵਿੱਚ ਹੀ ਵੇਖ ਲਿਆ ਸੀ। ਪ੍ਰੰਤੂ 91 ਸਾਲਾਂ ਬਾਅਦ 1781 ਈ: ਵਿੱਚ ਹਰਸੈੱਲ ਨੇ ਇਸ ਦੀ ਪਹਿਚਾਣ ਇੱਕ ਗ੍ਰਹਿ ਵੱਜੋਂ ਕਰਵਾਈ ਅਤੇ ਖੋਜ ਉਸ ਦੇ ਨਾਮ ਹੀ ਹੋ ਗਈ।

ਹਰਸੈੱਲ ਨੂੰ ਆਪਣੇ ਸੰਗੀਤ ਦੇ ਕਿੱਤੇ ਦੇ ਨਾਲ ਦੂਰਬੀਨ ਬਣਾਉਣ ਅਤੇ ਇਸ ਵਿੱਚੋਂ ਤਾਰੇ ਵੇਖਣ ਦੀ ਸ਼ੌਂਕ ਸੀ। ਤੁਸੀਂ ਹੈਰਾਨ ਹੋਵੋਗੇ ਕਿ ਉਸਨੇ ਆਪਣੇ ਲਈ 6.5 ਸੈ.ਮੀ. ਦੀ ਪਰਵਰਤਿਤ ਦੂਰਬੀਨ ਬਣਾਉਣ ਤੋਂ ਪਹਿਲਾਂ ਉਹ 200 ਵਾਰ ਦੂਰਬੀਨ ਬਣਾਉਣ 'ਚ ਫੇਲ੍ਹ ਹੋਇਆ ਉਦੋਂ ਤੱਕ ਛੋਟੀਆਂ ਵੱਡੀਆਂ ਕੁੱਲ 400 ਦੂਰਬੀਨਾਂ ਬਣਾ ਚੁੱਕਾ ਸੀ। ਉਸਨੇ ਆਪਣੇ ਘਰ ਨੂੰ ਹੀ ਇੱਕ "ਢਲਾਈ ਦਾ ਕੰਮ ਕਰਨ ਵਾਲਾ ਕਾਰਖਾਨਾ" ਬਣਾ ਲਿਆ ਸੀ। ਸ਼ੌਂਕ ਹੋਵੇ ਤਾਂ ਇਹੋ ਜਿਹਾ। ਜਿਸਨੇ ਦੁਨੀਆਂ ਨੂੰ ਕੁਝ ਲੱਭ ਕੇ ਦਿੱਤਾ।



ਦੁਨੀਆਂ ਦੇ ਸੱਤ ਅਜੂਬਿਆਂ ਬਾਰੇ ਤਾਂ ਤੁਸੀਂ ਸੁਣਿਆ ਹੀ ਹੋਇਆ ਹੈ। ਉਸ ਸਮੇਂ ਦੇ ਸੱਤ ਅਜੂਬਿਆਂ ਤੋਂ ਬਾਅਦ "ਹਰਸੈੱਲ" ਦੁਆਰਾ ਬਣਾਈ ਗਈ 40 ਫੁੱਟ ਭਾਵ 12.2 ਮੀਟਰ ਪਰਵਰਤਕ ਵਾਲੀ ਦੂਰਬੀਨ ਨੂੰ ਦੁਨੀਆਂ ਦਾ "ਅੱਠਵਾ-ਅਜੂਬਾ" ਵੀ ਮੰਨਿਆ ਗਿਆ।


ਹਰਸੈੱਲ ਨੇ ਇਸ ਦਾ ਨਾਮ ਆਪਣੇ ਦੇਸ ਦੇ ਰਾਜੇ "ਜਾਰਜ" ਦੇ ਨਾਮ ਉੱਪਰ "ਜਾਰਜੀਅਨ ਤਾਰਾ" ਰੱਖਿਆ ਸੀ। ਪ੍ਰੰਤੂ ਹਰਸੈੱਲ ਦੇ ਸਤਿਕਾਰ ਵਜੋਂ ਕੁਝ ਦੇਰ ਇਸ ਨੂੰ "ਹਰਸੈੱਲ ਗ੍ਰਹਿ" ਹੀ ਕਿਹਾ ਗਿਆ। ਸਾਥੀਓ, ਜੋਤਿਸ਼ ਸ਼ਾਸਤਰ ਵਿਚ ਇਸਨੂੰ ਅੱਜ ਵੀ ਹਰਸ਼ੈੱਲ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਸਭ ਤੋਂ ਪਹਿਲਾਂ

ਜਰਮਨ ਤਾਰਾ ਵਿਗਿਆਨੀ "ਜੋਹਨਨ ਬੋਡੇ" ਨੇ ਇਸਦਾ ਨਾਮ "ਯੂਰੇਨਸ" ਰੱਖਿਆ ਸੀ। ਪ੍ਰੰਤੂ 1850 ਵਿੱਚ ਅਗਲੇ ਗ੍ਰਹਿ "ਨੈਪਚੂਨ" ਬਾਰੇ ਛਪੇ ਇੱਕ "ਪੈਂਫਲਿਟ" ਵਿੱਚ ਅੰਗਰੇਜ ਤਾਰਾ ਵਿਗਿਆਨੀ "ਜੋਹਨ ਕਾਊਚ ਐਡਮਜ" ਨੇ ਇਸ ਨੂੰ "ਯੂਰੇਨਸ" ਹੀ ਲਿਖਿਆ। ਬਸ ਉਸ ਤੋਂ ਬਾਅਦ ਇਸ ਨੂੰ "ਯੂਰੇਨਸ" ਹੀ ਕਿਹਾ ਜਾਣ ਲੱਗ ਪਿਆ।

ਜਿਸ ਸਮੇਂ ਯੂਰੇਨਸ ਨੂੰ ਲੱਭਿਆ ਗਿਆ ਹਰਸੈੱਲ ਦੇ ਨਾਲ ਉਸਦੀ ਭੈਣ ਕੈਰੋਲੀਨਾ ਵੀ ਤਾਂ ਸੀ, ਪਰ ਇਹ ਖੋਜ ਉਸ ਦੇ ਨਾਂ ਕਿਉਂ ਨਹੀਂ ਹੋਈ ? ਦੋਸਤੋ, ਇਹ ਸੱਚਮੁੱਚ ਇਸਤਰੀਆਂ ਦੇ ਅਧਿਕਾਰਾਂ ਦੀ ਗੱਲ ਐ। ਪਰ ਕੈਰੋਲੀਨਾ ਦਾ ਨਾਮ ਇਸ ਦੀ ਖੋਜ ਨਾਲ ਨਹੀਂ ਜੋੜਿਆ ਗਿਆ। ਇਸ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਵਿਗਿਆਨ ਦੇ ਖੇਤਰ ਵਿੱਚ ਉਸ ਸਮੇਂ ਔਰਤਾਂ ਦੀ ਹਿੱਸੇਦਾਰੀ ਨਾਂਹ ਦੇ ਬਰਾਬਰ ਸੀ। ਇੱਕ ਕਾਰਨ ਇਹ ਵੀ ਸੀ ਕਿ ਦੂਜੇ ਤਾਰਾ ਵਿਗਿਆਨੀਆਂ ਨਾਲ ਵਿਚਾਰ ਵਟਾਂਦਰਾ ਹਮੇਸ਼ਾਂ ਹਰਸੈੱਲ ਹੀ ਕਰਦਾ ਸੀ। ਪਰ ਇੱਥੇ ਮੈਂ ਕੈਰੋਲੀਨਾ ਦੀ ਬਹਾਦਰੀ ਵੀ ਦੱਸ ਦੇਵਾਂ... ਉਸਨੇ ਵੀ ਗਾਉਣਾ ਛੱਡ ਦਿੱਤਾ ਅਤੇ ਆਪਣੇ ਭਰਾ ਵਾਂਗ ਆਪ ਦੂਰਬੀਨ ਲੈ ਕੇ 10 ਸਾਲਾਂ ਵਿੱਚ 8 "ਬੋਦੀ ਵਾਲੇ ਤਾਰੇ" ਲੱਭ ਦਿੱਤੇ !!!

ਅਸਲ ਵਿੱਚ ਜਦੋਂ ਯੂਰੇਨਸ ਦੀ ਖੋਜ ਹੋਈ, ਉਦੋਂ ਹਿਸਾਬ ਵਿੱਚ "ਕੈਲਕੁਲਸ" ਦੀ ਖੋਜ ਹੋ ਚੁੱਕੀ ਸੀ। ਇਸ ਨਾਲ ਗ੍ਰਹਿਆਂ ਦੀਆਂ ਕੁਝ ਕੁ ਗਿਣਤੀਆਂ-ਮਿਣਤੀਆਂ ਤੋਂ ਇਸ ਦੀ ਗਤੀ ਦੀ ਗਣਨਾ ਕੀਤੀ ਜਾ ਸਕਦੀ ਸੀ। ਪਰ ਯੂਰੇਨਸ ਵਰਗੇ ਬਹੁਤ ਹੀ ਹੌਲੀ ਚਾਲ ਨਾਲ ਘੁੰਮਦੇ ਗ੍ਰਹਿ ਦੀ ਗਤੀ ਬਾਰੇ ਗਣਨਾ ਕਰਨਾ ਔਖਾ ਸੀ। ਪ੍ਰੰਤੂ ਜਰਮਨ ਤਾਰਾ-ਵਿਗਿਆਨੀ "ਜੌਹਨਨ ਬੌਡੇ" ਨੇ 1784 ਵਿੱਚ ਯੂਰੇਨਸ ਦੇ ਗ੍ਰਹਿ-ਪੱਥ ਦੀ ਗਣਨਾ ਕਰ ਦਿੱਤੀ ਸੀ। ਇਹ ਬੜੀ ਕਮਾਲ ਹੈ ਕਿ "ਕੈਲਕੁਲਸ" ਦੀ ਮਦਦ ਨਾਲ ਧਰਤੀ ਉੱਪਰ ਬੈਠਿਆਂ ਹੀ... ਯੂਰੇਨਸ ਦਾ "ਗ੍ਰਹਿ-ਪੱਥ" ਪਤਾ ਲਗਾ ਲਿਆ ਗਿਆ ਸੀ।

ਲਓ ਦੋਸਤੋ ਅਸੀਂ ਹੁਣ ਯੂਰੇਨਸ ਦੇ ਬਹੁਤ ਨਜ਼ਦੀਕ ਪਹੁੰਚਣ ਵਾਲੇ ਹਾਂ। ਯੂਰੇਨਸ ਸਾਡੀ ਪ੍ਰਿਥਵੀ ਤੋਂ ਪੁੰਜ ਵਿੱਚ 15 ਗੁਣਾਂ ਵੱਡਾ ਹੈ। ਇਸਦੇ ਵਾਤਾਵਰਣ ਵਿਚ ਮੁੱਖ ਰੂਪ 'ਚ ਹਾਈਡ੍ਰੋਜਨ, ਹੀਲੀਅਮ, ਅਮੋਨੀਆ ਹਨ। ਕੁਝ ਅੰਸ਼ ਮੀਥੇਨ ਅਤੇ ਪਾਣੀ ਦੇ ਠੰਢੇ ਰਵਿਆਂ ਤੋਂ ਬਣਿਆ ਹੋਇਆ ਹੈ ਅਤੇ ਸੂਰਜੀ ਮੱਧ ਰੇਖਾ ਨਾਲ ਇਸ ਦੇ ਗ੍ਰਹਿਪੱਥ ਦਾ ਝੁਕਾਅ ਸਿਰਫ਼ 1.77 ਦਰਜੇ ਹੈ। ਧਰਤੀ ਦਾ ਆਪਣੇ ਗ੍ਰਹਿ ਪੱਥ ਨਾਲ ਝੁਕਾਅ 23.5 ਦਰਜੇ ਹੈ ਪਰ ਯੂਰੇਨਸ ਦਾ ਝੁਕਾਅ ਹੈ -98 ਦਰਜੇ। ਇਸ ਨੂੰ ਸਮਝਣਾ ਥੋੜਾ ਜਿਹਾ




ਔਖਾ ਹੈ। ਲਓ ਸਮਝੋ .. ਇੱਕ ਪੈੱਨ ਨੂੰ ਆਪਣੇ ਹੱਥ ਵਿੱਚ ਇਸ ਤਰ੍ਹਾਂ ਪਕੜੋ ਕਿ ਇਸਦਾ ਕੈਪ ਵਾਲਾ ਸਿੱਧਾ ਖੜਾ ਹਿੱਸਾ ਤੁਹਾਡੀ ਬਾਂਹ ਨਾਲ 90 ਦਾ ਕੋਣ ਬਣਾਵੇ। ਹੁਣ ਪੈਨ ਨੂੰ ਹੱਥ 'ਚ ਫੜਿਆਂ ਹੀ ਕੈਪ ਵਾਲੇ ਹਿੱਸੇ ਨੂੰ ਆਪਣੇ ਵੱਲ ਘੁਮਾਓ। ਹੁਣ ਤੁਸੀਂ ਸੂਰਜ ਹੋ ਅਤੇ ਪੈਨ ਯੂਰੇਨਸ ਦਾ ਧੁਰਾ। ਚਲੋ ਪੈਨ ਨੂੰ ਹੌਲੀ-ਹੌਲੀ ਆਪਣੀ ਬਾਂਹ ਨਾਲ ਲਾ ਲਓ। ਬਾਂਹ ਨਾਲ ਲਗਣ ਸਮੇਂ ਧੁਰੀ ਨੇ ਤਹਿ ਕੀਤਾ 90 ਦਰਜੇ ਦਾ ਕੋਣ ਅਤੇ "ਯੂਰੇਨਸ" ਦਾ ਉੱਤਰੀ ਧਰੁਵ (ਕੈਪ) ਹੋ ਗਿਆ ਸੂਰਜ ਦੇ ਸਾਹਮਣੇ। ਪਰ ਇਸਨੂੰ 8 ਦਰਜੇ ਬਾਂਹ ਤੋਂ ਹੋਰ ਥੱਲੇ ਲੈ ਕੇ ਆਉ... ਤਾਂ ਬਣ ਗਿਆ 98 ਦਰਜੇ ਦਾ ਕੋਣ। ਪਹਿਲੀ ਸਥਿਤੀ ਵਿੱਚ ਇਹ ਧੁਰਾ ਪੱਛਮ ਤੋਂ ਪੂਰਬ ਘੁੰਮਦਾ ਸੀ ਅਤੇ 98 ਦਰਜੇ ਦੇ ਝੁਕਾਅ ਤੋਂ ਬਾਅਦ ਇਹ ਘੁੰਮ ਤਾਂ ਪੱਛਮ ਤੋਂ ਪੂਰਬ ਹੀ ਰਿਹਾ ਹੈ। ਪਰ ਧਰਤੀ ਤੋਂ ਵੇਖਦਿਆ ਹੁਣ ਇਸ ਦੀ ਦੈਨਿਕ ਗਤੀ ਪੂਰਬ ਤੋਂ ਪੱਛਮ ਹੋ ਜਾਵੇਗੀ। ਇੰਝ ਯੂਰੇਨਸ ਦੀ ਚਾਲ ਹੋਰ ਵੀ

ਅਜੀਬੋ-ਗਰੀਬ ਹੈ। ਇਹ ਤਾਂ ਆਪਣੇ ਗ੍ਰਹਿ-ਪੱਥ ਉੱਪਰ ਲਗਭਗ ਪਹੀਏ ਵਾਂਗ ਰੁੜ੍ਹ ਹੀ ਰਿਹਾ ਹੈ।ਇਸਦਾ ਤਾਪਮਾਨ -216 ਦਰਜੇ ਸੈਲਸੀਅਸ ਹੈ। ਇਹ ਯੱਖ ਠੰਢੀਆਂ ਗੈਸ ਦਾ ਗੋਲਾ ਹੈ। ਨਾ ਹੀ ਇਸ ਉਪਰ ਤੁਰਿਆ ਫਿਰਿਆ ਜਾ ਸਕਦਾ ਹੈ ਅਤੇ ਨਾ ਹੀ ਇੰਨੀ ਠੰਢ ਵਿਚ ਕੋਈ ਵਿਅਕਤੀ ਇਥੇ ਜਿਉਂਦਾ ਰਹਿ ਸਕਦਾ ਹੈ। ਇੰਞ ਏਲੀਅਨਜ਼ ਵਾਲੀ ਥਿਊਰੀ ਵੀ ਝੂਠੀ ਹੀ ਹੈ। ਇਸਦੀ ਗਰੂਤਾ ਖਿੱਚ 8.87 ਮੀ: ਪ੍ਰਤੀ ਸੈਕਿੰਡ ਪ੍ਰਤੀ ਸੈਕਿੰਡ ਹੈ ਅਤੇ ਆਪਣੀ ਪ੍ਰਿਥਵੀ ਦੇ 9.8 ਮੀਟਰ ਪ੍ਰਤੀ ਸੈਕਿੰਡ ਪ੍ਰਤੀ ਸੈਕਿੰਡ ਦੇ ਲੱਗਭੱਗ ਬਰਾਬਰ ਜਿਹੀ ਹੈ।

ਦੋਸਤੋ , ਤੁਹਾਨੂੰ ਸ਼ਨੀ ਗ੍ਰਹਿ ਦੇ ਆਕਰਸ਼ਕ ਛੱਲੇ ਤਾਂ ਹਾਲੀਂ ਭੁੱਲੇ ਨਹੀਂ ਹੋਣਗੇ।ਪਰ ਔਹ ਵੇਖੋ ਧਿਆਨ ਨਾਲ ਯੂਰੇਨਸ ਦੇ ਇਰਦ-ਗਿਰਦ ਵੀ ਛੱਲੇ ਹਨ... 1,2,3..ਕੁੱਲ 13 ਛੱਲੇ ਹਨ। ਇਹ ਕਾਲੇ ਕਿਣਕੇਦਾਰ ਪਦਾਰਥ ਦੇ ਬਣੇ ਹੋਏ ਹਨ ਅਤੇ ਇਹ ਛੱਲੇ ਬਹੁਤ ਹੀ ਮੱਧਮ ਅਤੇ ਵਿਆਸ ਵਿੱਚ 10 ਮੀਟਰ ਤੱਕ ਚੌੜੇ ਹਨ। ਸਭ ਤੋਂ ਚਮਕਦਾਰ ਛੱਲੇ ਦਾ ਨਾਂ "ਐਪਸੀਲੋਨ" ਹੈ। ਤੁਹਾਡੇ ਵਿਚੋਂ ਹੁਣ ਕੋਈ ਇਹ ਜਰੂਰ ਪੁਛੇਗਾ ਕਿ ਅਜਿਹੇ ਛੱਲੇ ਹੋਂਦ ਵਿੱਚ ਕਿਵੇਂ ਆਏ ਹੋਣਗੇ? ਦੋਸਤੋ, ਇਹਨਾਂ ਛੱਲਿਆਂ ਦੇ ਘੇਰਿਆਂ ਵਿਚਕਾਰ ਖਾਲੀ ਥਾਂ ਅਤੇ ਇਹਨਾਂ ਦੀ ਅਪਾਰ-ਦਰਸਤਾ ਤੋਂ ਅੰਦਾਜਾ ਲਗਾਇਆ ਗਿਆ ਹੈ ਕਿ ਇਹ ਉਮਰ ਵਿੱਚ ਅਜੇ ਜਵਾਨ ਹੀ ਹਨ। ਮਤਲਬ ਇਹ ਹੋਇਆ ਕਿ ਇਹ ਛੱਲੇ ਯੂਰੇਨਸ ਦੇ ਨਾਲ ਨਹੀਂ ਬਣੇ। ਸਗੋਂ ਬਾਅਦ ਵਿੱਚ ਹੋਂਦ ਵਿੱਚ ਆਏ? ਛੱਲਿਆਂ ਵਿੱਚ ਜਿੰਨਾ ਵੀ ਪੁੰਜ ਹੈ, ਉਹ ਕਦੇ ਇੱਕ ਚੰਨ ਹੋਵੇਗਾ ਜਿਸ ਨੂੰ ਕਿਸੇ ਜਬਰਦਸਤ ਧੱਕੇ ਜਾਂ "ਜਵਾਰ-ਤਰੰਗੀ ਬਲ" ਨੇ ਖਿੰਡਾਅ ਦਿੱਤਾ ਹੋਵੇਗਾ।

ਦੋਸਤੋ, ਸਾਡੀ ਧਰਤੀ ਦਾ ਇੱਕ ਚੰਦ, ਪਰ ਯੂਰੇਨਸ ਦੇ ਚੰਨਾਂ ਦੀ ਗਿਣਤੀ ਕਰੋ... ਯੂਰੇਨਸ ਦੇ ਹੁਣ ਤੱਕ ਲੱਭੇ ਗਏ ਚੰਨਾਂ ਦੀ ਗਿਣਤੀ 27 ਹੈ... 27 ਚੰਨ ਮਾਮੇ... ਹਰ ਇੱਕ ਦੀ ਆਪਣੀ ਤਿੱਥ, ਆਪਣੀ ਸੰਗਰਾਂਦ, ਆਪਣੀ ਪੂਰਨਮਾਸੀ..., ਵਾਹ, ਯੂਰੇਨਸ ਦੇ ਅਕਾਸ਼ ਵਿੱਚ ਖੂਬ ਦੀਪਮਾਲਾ ਹੁੰਦੀ ਹੋਵੇਗੀ। ਪਰ ਤੁਹਾਡਾ ਅਗਲਾ ਪ੍ਰਸ਼ਨ ਸਇਦ ਇਹ ਹੋਵੇ ਕਿ ਇੰਨੇ ਚੰਨਾਂ ਦੇ ਨਾਮ ਤਾਂ ਔਖੇ ਹੀ ਰੱਖੇ ਗਏ ਹੋਣਗੇ ? ਦੋਸਤੋ,ਇਹਨਾਂ ਚੰਨਾਂ ਦੇ ਨਾਮ ਸੈਕਸਪੀਅਰ ਅਤੇ ਅਲੈਗਜੈਂਡਰ ਪੋਪ ਦੀਆਂ ਲਿਖਤਾਂ ਵਿਚਲੇ ਪਾਤਰਾਂ ਦੇ ਨਾਵਾਂ ਉੱਪਰ ਰੱਖੇ ਗਏ ਹਨ ਜਿਵੇਂ ਮਿਰਾਂਡਾ, ਏਰੀਅਲ, ਅੰਬਰੀਲ, ਟਾਈਟੇਨੀਆਂ, ਓਬਰੌਨ ਆਦਿ।

ਦੋਸਤੋ ਗੱਲਾਂ- ਗੱਲਾਂ ਵਿਚ ਕਿਧਰੇ ਇਸਦੇ ਦਿਨ ਰਾਤ ਬਾਰੇ ਨਾ ਭੁੱਲ ਜਾਈਏ ।ਅੰਦਾਜ਼ਾ ਲਗਾਓ ਕਿ ਯੂਰੇਨਸ ਦੀ ਦੈਨਿਕ ਗਤੀ ਕਿੰਨੀ ਕੁ ਹੋਵੇਗੀ? ਇਸ ਦੀ ਦੈਨਿਕ ਗਤੀ 17 ਘੰਟੇ ਅਤੇ 24 ਮਿੰਟ ਦੇ ਕਰੀਬ ਹੈ ਭਾਵ 8 ਘੰਟੇ 12 ਮਿੰਟ ਦਾ ਦਿਨ ਅਤੇ ਇੰਨੀ ਹੀ ਲੰਬੀ ਰਾਤ... !!! ਦੋਸਤੋ, ਰੁਕੋ ਜਲਦੀ ਨਾਲ ਕੀਤਾ ਗਿਆ ਹਿਸਾਬ ਕਿਤਾਬ ਕਈ ਵਾਰੀ ਗਲਤ ਵੀ ਹੋ ਜਾਂਦਾ ਹੈ । ਲਓ ਧਿਆਨ ਦਿਓ... ਕਿਉਂਕਿ ਯੂਰੇਨਸ ਆਪਣੇ ਗ੍ਰਹਿ ਪਥ ਉਪਰ ਰੁੜ੍ਹ ਰਿਹਾ ਹੈ ਸਿੱਟੇ ਵਜੋਂ ਇਸਦੇ ਉੱਤਰੀ ਧਰੁਵ ਉਪਰ 42 ਸਾਲਾ ਦਿਨ ਰਹਿੰਦਾ ਹੈ ਦੱਖਣੀ ਧਰੁਵ ਉਪਰ ਇੰਨੀ ਹੀ ਲੰਬੀ ਰਾਤ ਰਹਿੰਦੀ ਹੈ। ਪਰ ਜਿਹੜੀ ਗਿਣਤੀ ਮਿਣਤੀ ਅਸੀਂ ਉਪਰ ਕੀਤੀ ਸੀ ਉਹ ਗ੍ਰਹਿ ਦੀ ਮੱਧ ਰੇਖਾ ਉਪਰ ਦੀ ਲਾਗੂ ਹੁੰਦੀ ਹੈ ਜਿਹੜੀ ਕਿ ਯੂਰੇਨਸ ਦੇ ਸੰਬੰਧ ਵਿਚ ਸਹੀ ਨਹੀਂ ਹੈ। ਇਸਦਾ ਇੱਕ ਸਾਲ ਪ੍ਰਿਥਵੀ ਦੇ 84 ਸਾਲਾਂ ਦੇ ਬਰਾਬਰ ਹੈ। ਮਤਲਬ ਇਹ ਹੋਇਆ ਕਿ ਪ੍ਰਿਥਵੀ ਉਪਰ 84 ਸਾਲਾਂ ਦੇ ਬੁੱਢੇ ਦੀ ਉਮਰ ਯੂਰੇਨਸ ਉਪਰ ਸਿਰਫ਼ 1 ਸਾਲ ਹੀ ਹੋਣੀ ਸੀ। ਇਸ ਆਪਣੇ ਗ੍ਰਹਿ ਪੰਧ ਉਪਰ 1 ਸੈਕਿੰਡ ਵਿੱਚ 68 ਕਿਲੋਮੀਟਰ ਦਾ ਰਸਤਾ ਤੈਅ ਕਰ ਲੈਂਦਾ ਹੈ। ਪਰ ਸਾਡੇ ਜੋਤਿਸ਼ੀਆਂ ਦੀਆਂ ਬਿਨਾਂ ਦੂਰਬੀਨ ਦੇ ਅੱਖਾਂ ਇੰਨੀ ਤੇਜ਼ ਗਤੀ ਨਾਲ ਭੱਜੇ ਜਾਂਦੇ ਯੂਰੇਨਸ ਦਾ ਅਸਰ ਉਸਦੇ ਸਾਹਮਣੇ ਬੈਠੇ ਵਿਅਕਤੀ ਉਪਰ ਕਿਵੇਂ ਮਾਪ ਲੈਂਦੀਆਂ ਹਨ ..ਸਮਝ ਤੋਂ ਬਾਹਰ ਦੀ ਗੱਲ ਹੈ। ਇਸ ਦਾ ਚੁੰਬਕੀ ਖੇਤਰ ਧਰਤੀ ਦੇ ਚੁੰਬਕੀ ਖੇਤਰ ਦਾ ਦਸਵਾਂ ਹਿੱਸਾ ਹੈ। ਯੂਰੇਨਸ ਦਾ ਅਸਰ ਪ੍ਰਿਥਵੀ ਉਪਰ ਜਾਂ ਇਸ ਉਪਰ ਰਹਿੰਦੇ ਲੋਕਾਂ ਉਪਰ ਕਿੰਨਾ ਕੁ ਹੁੰਦਾ ਹੋਵੇਗਾ .. ਅੰਦਾਜ਼ਾ ਤੁਸੀਂ ਆਪ ਹੀ ਲਾ ਲੈਣਾ। ਯੂਰੇਨਸ ਇੱਕ ਰਾਸ਼ੀ ਵਿੱਚ 7 ਸਾਲ ਰਹਿੰਦਾ ਹੈ। ਜੋਤਿਸ਼ ਅਨੁਸਾਰ ਜਾਂ ਤਾਂ ਮਨੁੱਖ ਦੇ 7 ਸਾਲ ਬਹੁਤ ਹੀ 'ਅੱਛੇ' ਰਹਿਣਗੇ ਜਾਂ ਫਿਰ ਬਹੁਤ ਹੀ 'ਮਾੜੇ'... ਇਹ ਅਨੁਮਾਨ ਤੁਸੀਂ ਆਪ ਹੀ ਲਾ ਲੈਣਾ ਕਿ ਕਿੰਨਾ ਸੱਚ ਹੈ ਅਤੇ ਕਿੰਨਾ ਝੂਠ? ਪਰ ਸੰਨ 1781 ਤੋਂ ਪਹਿਲਾਂ ਇਸਦੇ ਪ੍ਰਭਾਵ ਬਾਰੇ ਜੋਤਿਸ਼ ਚੁੱਪ ਸੀ। ਸਾਥੀਓ, ਯੂਰੇਨਸ ਅੱਜ ਕੱਲ



'ਮੀਨ' ਰਾਸ਼ੀ ਵਿਚ ਹੈ।

ਦੋਸਤੋ, ਯੁਰੇਨਸ ਦੀ ਖੋਜ ਤੋਂ ਬਾਅਦ ਸੰਨ 1788 ਵਿੱਚ ਪਤਾ ਲੱਗਾ ਕਿ ਯੂਰੇਨਸ ਤਾਂ ਨਿਸ਼ਚਤ ਕੀਤੇ ਗਏ ਗ੍ਰਹਿ ਪੱਥ ਉਪਰ ਨਹੀਂ ਚੱਲ ਰਿਹਾ? ਕਈ ਤਾਰਾ-ਵਿਗਿਆਨੀਆਂ ਨੇ ਨਿਊਟਨ ਅਤੇ ਕੈਪਲਰ ਦੇ ਨਿਯਮਾਂ ਅਨੁਸਾਰ ਗ੍ਰਹਿ ਪੱਥ ਦੀ ਦੁਬਾਰਾ ਗਣਨਾ ਕੀਤੀ। ਪਰ ਯੂਰੇਨਸ ਉਸ ਪੱਥ ਉੱਪਰ ਨਹੀਂ ਸੀ ਚਲ ਰਿਹਾ। ਵਿਗਿਆਨੀ ਪਰੇਸ਼ਾਨ ਸਨ। ਕਈਆਂ ਨੇ ਤਾਂ ਨਿਊਟਨ ਅਤੇ ਕੈਪਲਰ ਦੇ ਨਿਯਮਾਂ ਉੱਪਰ ਹੀ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ।

ਇਹ ਨਿਯਮ ਗਲਤ ਨਹੀਂ ਸਨ। ਇਸੇ ਤਰ੍ਹਾਂ ਕੁਝ ਵਿਗਿਆਨੀਆਂ ਨੇ ਸੋਚਿਆ ਕਿ ਅਸਲ ਵਿੱਚ ਯੂਰੇਨਸ ਨੂੰ ਉਸਦੇ ਗ੍ਰਹਿ-ਪੱਥ ਤੋਂ ਭਟਕਾਉਣ ਵਾਲਾ ਉਸ ਤੋਂ ਦੂਰ... ਕੋਈ ਹੋਰ ਕਾਰਨ ਵੀ ਹੋ ਸਕਦਾ ਹੈ। ਇਹ ਕੀ ਕਾਰਨ ਸਨ . ਅਸੀਂ ਆਪਣੀ ਯਾਤਰਾ ਦੇ ਅਗਲੇ ਪੜਾਅ ਵਿਚ ਵਿਚਾਰਾਂਗੇ... ਯਾਤਰਾ ਜਾਰੀ ਹੈ . ਬਸ ਨਾਲ ਚੱਲਣ ਦੀ ਹਿੰਮਤ ਅਤੇ ਹੌਸਲਾ ਰੱਖਣਾ (ਚਲਦਾ)

94634-89789

ਮੇਲਾ ਗ਼ਦਰੀ ਬਾਬਿਆਂ ਦਾ
ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
1 ਨਵੰਬਰ 2014

ਤਰਕਸ਼ੀਲ ਭਵਨ ਵਿਖੇ ਹਾਲ ਦੀ ਉਸਾਰੀ ਲਈ ਆਰਥਿਕ ਸਹਾਇਤਾ ਸਬੰਧੀ ਅਪੀਲ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਵੱਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਉਸਾਰੇ ਜਾ ਰਹੇ ਹਾਲ ਉੱਪਰ ਲਗਭਗ 35 ਲੱਖ ਰੁਪਏ ਖਰਚਾ ਹੋਵੇਗਾ । ਇਹ ਹਾਲ 300 ਕੁਰਸੀਆਂ ਦਾ ਹੋਵੇਗਾ । ਇਸ ਦੇ ਹੇਠਾਂ ਪਾਰਕਿੰਗ, ਨਾਲ ਹੀ ਲਾਇਬਰੇਰੀ ਅਤੇ ਹੋਰ ਲੋੜੀਂਦੇ ਕਮਰੇ ਹੋਣਗੇ । ਸਾਰੇ ਜ਼ੋਨਾਂ, ਇਕਾਈਆਂ, ਭਰਾਤਰੀ ਜਥੇਬੰਦੀਆਂ, ਦੇਸ਼ ਵਿਦੇਸ਼ ਵਿੱਚ ਬੈਠੇ ਪਾਠਕਾਂ, ਸਹਿਯੋਗੀਆਂ ਅਤੇ ਤਰਕਸ਼ੀਲ ਲਹਿਰ ਦੇ ਸ਼ੁਭ-ਚਿੰਤਕਾਂ ਨੂੰ ਇਸ ਕਾਰਜ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ । ਪ੍ਰਾਪਤ ਸਹਾਇਤਾ ਮੈਗਜ਼ੀਨ ਵਿੱਚ ਲੜੀਵਾਰ ਛਾਪੀ ਜਾ ਰਹੀ ਹੈ । ਸਹਾਇਤਾ ਚੈੱਕ, ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ ਜੋ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਨਾਮ ਹੋਵੇ ਜਾਂ ਮੁੱਖ ਦਫ਼ਤਰ ਵਿੱਚ ਨਕਦ ਜਮ੍ਹਾਂ ਕਰਵਾਈ ਜਾ ਸਕਦੀ ਹੈ। ਸੁਸਾਇਟੀ ਦੇ ਖਾਤਾ ਨੰਬਰ 0044000100282234, ਪੰਜਾਬ ਨੈਸ਼ਨਲ ਬੈਂਕ ਵਿੱਚ ਤੁਸੀਂ ਸਿੱਧੇ ਵੀ ਸਹਾਇਤਾ ਜਮ੍ਹਾਂ ਕਰਵਾ ਸਕਦੇ ਹੋ ਪਰ ਜਮ੍ਹਾਂ ਕਰਵਾਉਣ ਉਪਰੰਤ ਮੁੱਖ ਦਫ਼ਤਰ ਨੂੰ ਫੋਨ 'ਤੇ ਜ਼ਰੂਰ ਸੂਚਿਤ ਕਰ ਦਿੱਤਾ ਜਾਵੇ । ਵੱਲੋਂ : ਸੂਬਾ ਕਮੇਟੀ

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:), ਏਸ਼ੀਅਨ ਰੈਸਨੇਲਿਸਟ ਸੁਸਾਇਟੀ, ਗ੍ਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਸੱਚਦੇਵ ਵਿਰਦੀ ਦੇ ਪਿਤਾ ਸਤਿਕਾਰਤ ਸੀ.ਆਰ. ਵਿਰਦੀ, ਕੋਟ ਗਰੇਵਾਲ (ਜਲੰਧਰ), ਜ਼ੋਨ ਕਮੇਟੀ ਜਲੰਧਰ ਦੇ ਮੈਂਬਰ ਅਜੀਤ ਰਾਜ, ਜਲੰਧਰ ਇਕਾਈ ਦੇ ਸਰਗਰਮ ਮੈਂਬਰ ਸਾਥੀ ਸੁਰਿੰਦਰ (ਸਰੀਰ ਪ੍ਰਦਾਨੀ) ਅਤੇ ਤਰਕਸ਼ੀਲ ਸੁਸਾਇਟੀ ਦੇ ਹਮਦਰਦ ਹਰਭਗਵਾਨ ਗੁਰਨੇ ਦੇ ਪਿਤਾ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੀ ਹੈ।

ਮੈਂ ਤਰਕਸ਼ੀਲ ਕਿਵੇਂ ਬਣਿਆ



ਕੁਲਵਿੰਦਰ ਨਗਾਰੀ

ਜਦੋਂ ਮੈਂ ਆਪਣੇ ਤਰਕਸ਼ੀਲ ਬਣਨ ਦੇ ਕਾਰਨਾਂ ਦੀ ਤੰਦ ਫੜਨ ਦੀ ਕੋਸਿਸ ਕਰਦਾ ਹਾਂ ਤਾਂ ਇਹ ਮੈਨੂੰ ਬਚਪਨ ਵਿੱਚ ਮਿਲੇ ਖਾਸ ਤਰਾਂ ਦੇ ਮਾਹੌਲ ਨਾਲ਼ ਜੁੜੀ ਨਜਰ ਆਉਂਦੀ ਹੈ। ਗੱਲ ਕੁੱਝ ਇਸ ਤਰਾਂ ਹੈ ਕਿ ਮੇਰਾ ਜਨਮ ਤਾਂ ਇਸਲਾਮਿਕ ਪਰਿਵਾਰ ਵਿੱਚ ਹੋਇਆ ਸੀ ਪਰ ਸਾਡਾ ਪਿੰਡ ਵਿੱਚ ਇਕੱਲਾ ਘਰ ਹੋਣ ਕਾਰਨ ਮੈਨੂੰ ਜਿਹਨਾਂ ਦੋਸਤਾਂ ਨਾਲ਼ ਖੇਡਣ ਦਾ ਮੌਕਾ ਮਿਲਿਆ ਉਹ ਜਿਆਦਾਤਰ ਸਿੱਖ ਧਰਮ ਨਾਲ਼ ਸਬੰਧਤ ਸਨ। ਖੇਡਣ ਦਾ ਇਹ ਅਮਲ ਦੋਸਤੀਆਂ ਵਿੱਚ ਵਟ ਗਿਆ।

ਜਦੋਂ ਸ਼ਾਮ ਨੂੰ ਖੇਡਦੇ ਸਮੇਂ ਗੁਰਦੁਆਰੇ ਵਿੱਚ ਅਰਦਾਸ ਹੋਣੀ ਸੁਰੂ ਹੁੰਦੀ ਤਾਂ ਉਹ ਸਾਰੇ ਖੇਡ ਵਿਚਾਲ਼ੇ ਛੱਡ ਕੇ ਗੁਰੂਦੁਆਰੇ ਚਲੇ ਜਾਂਦੇ। ਮੈਂ ਵੀ ਉਹਨਾਂ ਨਾਲ਼ ਚਲਿਆ ਜਾਂਦਾ। ਪਹਿਲਾਂ-ਪਹਿਲ ਮੇਰਾ ਜਾਣਾ ਸਾਇਦ ਉੱਥੇ ਵੰਡੇ ਜਾਂਦੇ ਪ੍ਰਸ਼ਾਦ ਕਰਕੇ ਹੋਵੇ, ਪਰ ਜਿਵੇਂ ਸਿਗਮੰਡ ਫਰਾਇਡ ਗਰੁੱਪ-ਸਾਇਕੋਲੌਜੀ ਬਾਰੇ ਦੱਸਦਾ ਹੈ ਕਿ "ਕੋਈ ਵਿਅਕਤੀ ਕਿਸੇ ਗਰੁੱਪ ਦਾ ਹਿੱਸਾ ਬਣਨ ਤੋਂ ਬਾਅਦ ਆਪਣੀ ਨਿੱਜੀ ਮਾਨਸਿਕਤਾ ਨੂੰ ਤਿਆਗ ਕੇ ਗਰੁੱਪ ਦੇ ਵਿਚਾਰਾਂ ਨੂੰ ਗ੍ਰਹਿਣ ਕਰਨ ਲਗਦਾ ਹੈ"। ਇਸ ਮਨੋ-ਵਿਗਿਆਨਿਕ ਸੱਚਾਈ ਨੇ ਮੇਰੇ ਉੱਤੇ ਵੀ ਅਸਰ ਕਰਨਾ ਸੁਰੂ ਕੀਤਾ ਅਤੇ ਮੇਰੇ ਮਨ ਉੱਤੇ ਸਿੱਖ ਵਿਚਾਰਧਾਰਾ ਦਾ ਰੰਗ ਚੜ੍ਹਨਾ ਸੁਰੂ ਹੋ ਗਿਆ। ਸਾਡੇ ਆਲ਼ੇ-ਦੁਆਲ਼ੇ ਦੇ ਪਿੰਡਾਂ ਵਿੱਚ ਸੰਤਾਂ ਦੇ ਸਮਾਗਮ ਹੁੰਦੇ ਰਹਿੰਦੇ ਸਨ। ਅਸੀਂ ਦੋਸਤਾਂ ਨੇ ਇਕੱਠੇ ਹੋਕੇ ਸਤਿਸੰਗ ਸੁਣਨ ਜਾਣਾ, ਜਿਨ੍ਹਾਂ ਵਿੱਚ ਸੁਣੀਆਂ ਗੱਲਾਂ ਨੇ ਸੰਮੋਹਨ ਦਾ ਕੰਮ ਕੀਤਾ। ਮੈਂ ਅੰਮ੍ਰਿਤ ਛਕਣ ਦਾ ਮਨ ਬਣਾ ਲਿਆ।

ਜਦੋਂ ਅੰਮ੍ਰਿਤ ਛਕਣ ਵਾਲੀ ਗੱਲ ਮੇਰੇ ਘਰਦਿਆਂ ਅਤੇ ਰਿਸਤੇਦਾਰਾਂ ਨੂੰ ਪਤਾ ਲੱਗੀ ਤਾਂ ਘਰ ਵਿੱਚ ਵਿਰੋਧ ਖੜਾ ਹੋ ਗਿਆ। ਰਿਸਤੇਦਾਰਾਂ ਨੇ ਤਾਂ ਜਿਵੇਂ ਫੈਸਲਾ ਹੀ ਸੁਣਾ ਦਿੱਤਾ ਕਿ ਜੇਕਰ ਮੁੰਡੇ ਨੇ ਅਮ੍ਰਿਤ ਛਕ ਲਿਆ ਤਾਂ ਅਸੀਂ ਤੁਹਾਡੇ ਘਰ ਨਹੀਂ ਵੜਨਾ। ਮੈਂ ਪੁੱਛਿਆ ਕਿ ਇਸ ਵਿੱਚ ਬੁਰਾਈ ਕੀ ਹੈ? ਉਹਨਾਂ ਦੱਸਿਆ ਕਿ ਇਹ ਸਾਡੇ ਧਰਮ ਦੇ ਖਿਲਾਫ ਹੈ। ਮੈਂ ਬਹੁਤ ਹੈਰਾਨ ਹੋਇਆ ਕਿ ਧਰਮ ਤਾਂ ਕਹਿੰਦੇ ਹਨ ਕਿ ਰੱਬ ਇੱਕ ਹੈ, ਫਿਰ ਇੱਕ ਰੱਬ ਵੱਲੋਂ ਲੋਕਾਂ ਨੂੰ ਧਰਮਾਂ ਦੇ ਨਾਂ ਉੱਤੇ ਅਲੱਗ-ਅਲੱਗ ਫ਼ੁਰਮਾਨ ਕਿਉਂ? ਧਰਮਾਂ ਦੇ ਵਿਚਾਰ ਟਕਰਾਂਵੇ ਕਿਉਂ ਹਨ? ਜਦੋਂ ਸਾਰੇ ਹੀ ਧਰਮ ਰੱਬ ਤੱਕ ਪਹੁਚਾਣ ਦਾ ਕੰਮ ਕਰਦੇ ਹਨ ਤਾਂ ਲੋਕ ਇੱਕ ਦੂਜੇ ਦੇ ਧਰਮ ਨੂੰ ਅਪਨਾਣ ਦਾ ਵਿਰੋਧ ਕਿਉਂ ਕਰਦੇ ਹਨ? ਇਹੋ ਜਿਹੇ ਬਹੁਤ ਸਾਰੇ ਸਵਾਲ ਮੇਰੇ ਮਨ ਵਿੱਚ ਉਠਣੇ ਸੁਰੂ ਹੋ ਗਏ।

ਇਨ੍ਹਾਂ ਸਵਾਲਾਂ ਦੇ ਜਵਾਬ ਜਾਨਣ ਵਾਸਤੇ ਅਰੰਭ ਕੀਤੀ ਖੋਜ-ਪੜਤਾਲ਼ ਦੌਰਾਨ ਮੈਨੂੰ ਧਰਮ ਨਾਲ਼ ਸਬੰਧਤ ਜੋ ਵੀ ਕਿਤਾਬ ਮਿਲਦੀ ਮੈਂ ਮੁੱਲ ਲੈਕੇ ਜਰੂਰ ਪੜ੍ਹਦਾ। ਧਰਮ ਨਾਲ ਸਬੰਧਿਤ ਕਿਤਾਬਾਂ ਦੇ ਅਧਿਐਨ ਦੌਰਾਨ ਮੈਨੂੰ ਬਹੁਤ ਹੀ ਹੈਰਾਨੀ-ਜਨਕ ਤੱਥ ਮਿਲੇ। ਜਿਨ੍ਹਾਂ ਨੂੰ ਪੜਕੇ ਪਤਾ ਲੱਗਿਆ ਕਿ ਆਖਿਰ ਧਰਮਾਂ ਵਿੱਚ ਇੰਨਾਂ ਵਿਰੋਧ ਕਿਉਂ ਹੈ? ਪੜਕੇ ਮੈਨੂੰ ਧਰਮਾਂ ਦੀ ਅਸਲੀਅਤ ਪਤਾ ਚੱਲ ਗਈ। ਜਦੋਂ ਵੀ ਮੈਂ ਕਿਸੇ ਸਹਿਰ ਜਾਂਦਾ ਤਾਂ ਕਿਸੇ ਬੁੱਕ-ਸਟਾਲ ਤੋਂ ਪੜ੍ਹਨ ਵਾਸਤੇ ਕੁੱਝ ਕਿਤਾਬਾਂ ਜਰੂਰ ਲੈਕੇ ਆਉਂਦਾ। ਇੱਕ ਦਿਨ ਮੈਨੂੰ ਇੱਕ ਬੁੱਕ ਸਟਾਲ ਤੋਂ ਤਰਕਸ਼ੀਲ ਸੁਸਾਇਟੀ ਦੀ ਇਕ ਕਿਤਾਬ "ਬਾਬਾ **ਭਰਮ ਤੋੜ**" ਮਿਲੀ। ਕਿਤਾਬ ਪੜ੍ਹਨ ਤੋਂ ਬਾਅਦ ਤਰਕਸ਼ੀਲ਼ ਸੁਸਾਇਟੀ ਦਾ ਸਾਹਿਤ ਪੜਨ ਦੀ ਤਮੰਨਾ ਜਾਗੀ। ਮੈਂ ਤਰਕਸ਼ੀਲ ਸਾਹਿਤ ਜਿਵੇਂ-ਜਿਵੇਂ ਪੜ੍ਹਦਾ ਗਿਆ ਮੇਰੀ ਸੋਚ ਹੋਰ ਨਿੱਖਰਦੀ ਚਲੀ ਗਈ। ਤਰਕਸ਼ੀਲ ਸਾਹਿਤ ਪੜਨ ਨਾਲ਼ ਮੇਰੇ ਮਨ ਵਿਚਲਾ ਧਰਮ ਅਤੇ ਰੱਬ ਵਾਲ਼ਾ ਮਾਮਲਾ ਵੀ ਸਾਫ ਹੋ ਗਿਆ। ਤਰਕਸ਼ੀਲ ਸੁਸਾਇਟੀ ਦੇ ਸਾਹਿਤ ਨੇ ਮੇਰੀ ਸੋਚ ਇੰਨੀ ਉੱਚੀ ਕਰ ਦਿੱਤੀ ਕਿ ਮੈਨੂੰ ਮੇਰੀ ਧਰਮ ਵਾਲ਼ੀ ਸਟੇਜ ਮੇਰਾ ਬਚਪਨਾ ਜਾਪਣ ਲੱਗ ਪਈ। ਹੁਣ ਮੈਨੂੰ ਧਰਮ ਦਾ ਅਸਲੀ ਚੇਹਰਾ ਸਾਫ ਨਜ਼ਰ ਆਣ ਲੱਗ ਪਿਆ ਸੀ।

ਧਾਰਮਿਕ ਸਾਹਿਤ ਪੜ੍ਹ ਕੇ ਪਤਾ ਚੱਲਿਆ ਕਿ ਹਰੇਕ ਸਮਾਜ ਧਰਮਾਂ ਤੋਂ ਅੱਗੇ ਛੋਟੇ-ਛੋਟੇ ਫਿਰਕਿਆਂ ਅਤੇ ਅਨੇਕਾਂ ਧੜੇ ਜਾਂ ਸੰਪਰਦਾਵਾਂ ਵਿੱਚ ਵੰਡਿਆ ਹੋਇਆ ਹੈ । ਹਰੇਕ ਸੰਪਰਦਾ ਦੀਆਂ ਅਲੱਗ ਪੂਜਾ ਵਿਧੀਆਂ ਅਤੇ ਅਲੱਗ-ਅਲੱਗ ਪੂਜਾ ਅਸਥਾਨ ਹਨ। ਧਰਮ ਦੇ ਸੰਕਲਪ ਖਿੱਤੇ ਨਾਲ਼ ਸਬੰਧਤ ਹੋਣ ਕਰਕੇ ਖੇਤਰੀ ਹੁੰਦੇ ਹਨ। ਪਰ ਵਿਗਿਆਨ ਦੇ ਸਿਧਾਂਤ ਵਿਸ਼ਵ-ਵਿਆਪੀ ਹੋਣ ਕਰਕੇ ਸਮੇਂ ਅਤੇ ਸਥਾਨ ਦੇ ਨਾਲ ਬਦਲਦੇ ਨਹੀਂ, ਬਲਕਿ ਇਹ ਹਰੇਕ ਉੱਤੇ ਇੱਕਸਾਰ ਲਾਗੂ ਹੁੰਦੇ ਹਨ। ਇਸ ਕਾਰਨ ਇਸ ਵਿੱਚ ਕੋਈ ਖੇਤਰੀ ਵਿਗਿਆਨ ਅਤੇ ਰਾਸ਼ਟਰੀ ਵਿਗਿਆਨ ਦੀ ਧੜੇਬੰਦੀ ਨਹੀਂ ਹੁੰਦੀ। ਵਿਗਿਆਨ ਦੇ ਅਦਾਨ-ਪ੍ਰਦਾਨ ਵਿੱਚ ਸੰਕੀਰਣਤਾ ਦੀਆਂ ਕੰਧਾਂ ਨੇ ਅੰਤ ਨੂੰ ਢਹਿਣਾ ਹੀ ਹੈ। ਇਸ ਕਰਕੇ ਸਰਬੱਤ ਦੇ ਭਲੇ ਦਾ ਅਸਲ ਟੀਚਾ ਵਿਗਿਆਨਿਕ ਸੋਚ ਅਪਣਾ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਅੱਜ ਮੈਂ ਧਰਮ ਦੇ ਬਦਲੇ ਵਿਗਿਆਨਿਕ-ਸੋਚ ਨੂੰ ਅਪਣਾਅ ਕੇ ਬਹੁਤ ਖੁਸ਼ ਹਾਂ ਕਿਉਂਕੇ ਧਰਮਾਂ ਵਿੱਚ ਇੱਕ ਦੂਜੇ ਨੂੰ ਪਿਛਾੜਨ ਦੀ ਹੋੜ ਮਚੀ ਹੋਈ ਹੈ ਪਰ ਤਰਕਸ਼ੀਲਤਾ ਪਿੱਛੇ ਰਹਿ ਗਿਆਂ ਨੂੰ ਨਾਲ਼ ਰਲ਼ਾਣ ਦਾ ਅਮਲ ਹੈ। ਇਸ ਤਰਾਂ ਦੇ ਸੱਚੇ-ਸੁੱਚੇ ਲੋਕਹਿੱਤਾਂ ਨੂੰ ਪਰਣਾਏ ਅਦਾਰੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜ਼ਿ) ਦਾ ਮੈਂਬਰ ਬਣਨ ਉਤੇ ਮੈਂ ਮਾਣ ਮਹਿਸੂਸ ਕਰਦਾਂ ਹਾਂ।

98880-51855.

ਪ੍ਰਣਾਮ ਸ਼ਹੀਦਾਂ ਨੂੰ

24 ਮਈ, 1896 ਨੂੰ ਮਾਤਾ ਸਾਹਿਬ ਕੌਰ ਤੇ ਪਿਤਾ ਮੰਗਲ ਸਿੰਘ ਦੇ ਘਰ ਜਨਮੇਂ ਕਰਤਾਰ ਸਿੰਘ ਸਰਾਭਾ ਦੀ ਉਮਰ ਵੀਹਾਂ ਸਾਲਾਂ ਦੀ ਵੀ ਨਹੀਂ ਹੋਈ ਸੀ ਕਿ ਉਹ ਦੇਸ਼ ਲਈ ਕੁਰਬਾਨ ਹੋ ਗਿਆ। ਸ਼ਹੀਦ ਸਰਾਭਾ ਦੀ ਤਸਵੀਰ ਸ਼ਹੀਦ ਭਗਤ ਸਿੰਘ ਆਪਣੇ ਕੋਲ ਰੱਖਦੇ ਸਨ ਤੇ ਕਿਹਾ ਕਰਦੇ ਸਨ ਕਿ 'ਇਹ ਮੇਰਾ ਗੁਰੂ, ਮੇਰਾ ਸਾਥੀ ਤੇ ਮੇਰਾ ਭਰਾ ਹੈ।'

ਆਮ ਤੌਰ ਤੇ ਕਰਤਾਰ ਸਿੰਘ ਸਰਾਭਾ ਕਿਹਾ ਕਰਦੇ ਸਨ ਕਿ ਬਹਾਦਰੀ ਤੇ ਹਿੰਮਤ ਨਾਲ ਮਰ ਜਾਣ ਤੇ ਮੈਨੂੰ ਬਾਗੀ ਦਾ ਖਿਤਾਬ ਦੇਣਾ। ਕੋਈ ਯਾਦ ਕਰੇ ਤਾਂ ਬਾਗੀ ਕਰਤਾਰ ਸਿੰਘ ਕਹਿ ਕੇ ਯਾਦ ਕਰੇ। ਮੁਕੱਦਮਾ ਚੱਲਿਆ ਤਾਂ ਉਸ ਵੇਲੇ ਕਰਤਾਰ ਸਿੰਘ ਦੀ ਉਮਰ ਕੇਵਲ ਸਾਢੇ 18 ਸਾਲ ਦੀ ਸੀ। ਜੱਜ ਨੇ ਆਪ ਬਾਰੇ ਇਹ ਲਿਖਿਆ ਕਿ, 'ਇਹ ਉਨ੍ਹਾਂ ਅਪਰਾਧੀਆਂ ਵਿੱਚੋਂ ਸਭ ਤੋਂ ਖ਼ਤਰਨਾਕ ਅਪਰਾਧੀਆਂ ਵਿੱਚੋਂ ਇੱਕ ਹੈ, ਅਮਰੀਕਾ ਦੇ ਸਫ਼ਰ ਦੌਰਾਨ ਤੇ ਫਿਰ ਭਾਰਤ ਵਿੱਚ ਇਸ ਸਾਜਿਸ਼ ਦਾ ਅਜਿਹਾ ਕੋਈ ਹਿੱਸਾ ਨਹੀਂ, ਜਿਸ ਵਿੱਚ ਉਸ ਨੇ ਉੱਘਾ ਹਿੱਸਾ ਨਾ ਲਿਆ ਹੋਵੇ।'

ਗਦਰੀ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ ਲਿਖਦੇ ਹਨ ਕਿ, 'ਉਹ ਇੱਕ ਮਿਸਾਲੀ ਦੇਸ਼ ਭਗਤ ਹੀ ਨਹੀਂ ਸੀ ਬਲਕਿ ਉਸਦੇ ਮਨ ਵਿੱਚੋਂ ਭੈਅ ਅਤੇ ਮੌਤ ਦਾ ਡਰ ਵੀ ਦੂਰ ਹੋ ਚੁੱਕਾ ਸੀ। ਬੇਮਿਸਾਲ ਤਿਆਗੀ ਅਤੇ ਕ੍ਰਾਂਤੀਕਾਰੀ ਜਰਨੈਲ ਹੁੰਦਾ ਹੋਇਆ, ਉਹ ਦੋਸਤਾਂ ਦਾ ਦੋਸਤ ਸੀ। ਉਹ ਖ਼ਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਫੌਜੀ ਪਲਟਨਾਂ ਵਿੱਚ ਨਿਧੜਕ ਹੋ ਕੇ ਜਾਂਦਾ ਸੀ ਤੇ ਬਗੈਰ ਕਿਸੇ ਡਰ ਦੇ ਫੌਜੀਆਂ ਨੂੰ ਪ੍ਰੇਰਦਾ ਸੀ। ਉਸ ਦੀ ਇਸ ਨਿਡਰਤਾ ਦਾ ਫੌਜੀਆਂ ਤੇ ਏਨਾ ਅਸਰ ਹੁੰਦਾ ਕਿ ਉਹ ਆਜ਼ਾਦੀ ਦੀ ਜੰਗ ਵਿੱਚ ਸ਼ਾਮਲ ਹੋਣ ਲਈ ਇੱਕ ਦਮ ਤਿਆਰ ਹੋ ਜਾਂਦੇ। ਉਸ ਵਿੱਚ ਪੂਰਨ ਇਨਸਾਨੀ ਸਿਫ਼ਤਾਂ ਸਨ। ਮੈਂ ਖਿਆਲ ਕਰਦਾ ਹਾਂ ਕਿ ਦੁਨੀਆਂ ਦੇ ਇਤਿਹਾਸ ਵਿੱਚ ਏਨੀ ਛੋਟੀ, ਉਮਰ ਵਿੱਚ ਸ਼ਾਇਦ ਹੀ ਕੋਈ ਜਰਨੈਲ ਮਿਲੇ ਜੋ ਕੋਈ ਕਰਤਾਰ ਸਿੰਘ ਦਾ ਸਾਨੀ ਹੋਵੇ। ਸੱਚ ਤਾਂ ਇਹ ਹੈ ਕਿ ਜੋ ਉਹ ਸੀ, ਉਸ ਦੀ ਜ਼ਿੰਦਗੀ ਦਾ ਚਿਤਰ ਖਿੱਚਣਾ ਮੇਰੀ ਕਲਮ ਦੀ ਤਾਕਤ ਤੋਂ ਬਾਹਰ ਹੈ।'



ਸ਼ਹੀਦ ਕਰਤਾਰ ਸਿੰਘ ਸਰਾਭਾ
(ਸ਼ਹਾਦਤ: 16 ਨਵੰਬਰ, 1915)

ਬੰਦਾ ਮਜ਼ਹਬ ਨੂੰ

ਤੇਰਾ ਭਰਮ ਭੁਲੇਖਾ ਅੱਜ ਖੋਲ੍ਹਣ ਲੱਗਾਂ,
ਤੇਰਾ ਕੱਚਾ ਚਿੱਠਾ ਅੱਜ ਫੋਲ੍ਹਣ ਲੱਗਾਂ।

ਤੇਰੀ ਜਾਤ ਤੇ ਲੱਗੀਆਂ ਸਨ ਉੱਚੀਆਂ ਆਸਾਂ,
ਕਿ ਤੂੰ ਆਣ ਬੁਝਾਸੈਂ ਸਭ ਜੀਵਨ ਪਿਆਸਾਂ।

ਮਿਟ ਜਾਸੀ ਸਾਰਾ ਅਗਿਆਨ ਹਨੇਰਾ,
ਹੋ ਜਾਸੀ ਰੌਸ਼ਨ ਸੰਸਾਰ ਦਾ ਚਿਹਰਾ,

ਤੂੰ ਭਾਈ-ਭਾਈ ਭੰਡੀਆਂ ਪਾਈਆਂ,
ਤੂੰ ਬੰਦੇ-ਬੰਦੇ ਵਿੱਚ ਵੰਡੀਆਂ ਪਾਈਆਂ।

ਇਹ ਹਿੰਦੂ, ਮੁਸਲਿਮ ਓਹ ਸਿੱਖ ਈਸਾਈ,
ਕਰ ਦਿੱਤੀ ਡੱਕਰੇ, ਮਖ਼ਲੂਕ ਖੁਦਾਈ।

ਤੂੰ ਰੌਸ਼ਨ ਦੀਵਾ ਕੋਈ ਜਗਣ ਨਾ ਦਿੱਤਾ,
ਕੋਈ ਚਾਨਣ ਰੂਹਾਂ ਨੂੰ ਲੱਗਣ ਨਾ ਦਿੱਤਾ।

ਹਰ ਵਹਿਮ ਤੇ ਲਾਈ ਇੱਕ ਮੁਹਰ ਖੁਦਾਈ,
ਹਰ ਭਰਮ ਨੂੰ ਦੱਸਿਆ, ਇੱਕ 'ਹੁਕਮ ਇਲਾਹੀ'

ਤੇਰੇ ਅੱਖ ਦੀ ਤਿਊੜੀ ਕਈ ਸੂਲੀ ਚਾੜ੍ਹੇ,
ਤੇਰੇ ਭੜਕੇ ਰਹੁ ਨੇ ਕਈ ਜਿਉਂਦੇ ਸਾੜੇ।

ਲੱਖ ਜ਼ੋਰ ਲਗਾ ਲੈ, ਲੱਖ ਕਰ ਲੈ ਹੀਲੇ,
ਹੁਣ ਖਿੰਡਣ ਵਾਲੇ ਤੇਰੇ ਪਿੰਜਰ ਦੇ ਤੀਲੇ।

ਤੇਰੇ ਲੰਮੇ ਸੰਗਲਾਂ ਦੀਆਂ ਪੀਢੀਆਂ ਕੜੀਆਂ,
ਚੰਨਾ! ਅੱਜ ਵੀ ਝੜੀਆਂ ਤੇ ਕੱਲ੍ਹ ਵੀ ਝੜੀਆਂ।

ਦਰਸ਼ਨ ਸਿੰਘ ਅਵਾਰਾ
ਜਨਮ ਦਿਨ: 30 ਦਸੰਬਰ, 1906

'ਦੁਨੀਆਂ ਦੇ ਉਨ੍ਹਾਂ ਹਿੱਸਿਆਂ ਵਿੱਚ ਜਿੱਥੇ ਸਿੱਖਿਆ ਅਤੇ ਵਿਗਿਆਨ ਦਾ ਬੋਲਬਾਲਾ ਹੈ, ਕਰਾਮਾਤਾਂ ਹੋਣੋਂ ਬੰਦ ਹੋ ਗਈਆਂ, ਪਰ ਜਿਨ੍ਹਾਂ ਹਿੱਸਿਆਂ ਵਿੱਚ ਜਾਂਗਲੀਪੁਣਾ ਅਤੇ ਅਗਿਆਨਤਾ ਕਾਇਮ ਹੈ, ਉੱਥੇ ਅਜੇ ਵੀ ਕਰਾਮਾਤਾਂ ਦਾ ਬੋਲ ਬਾਲਾ ਹੈ।'

ਈਥਨ ਐਲਨ
(ਅਮਰੀਕਨ ਇਨਕਲਾਬੀ)

ਯਾਦ ਸਦੀਵੀ...



ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ ਮਨੁੱਖ ਦਾ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰਕੇ ਸਿਰ ਨਿਵਾਂ ਦਿੰਦੀ ਹੈ, ਉਹ ਮੌਤ ਨੂੰ ਪ੍ਰਵਾਨ ਕਰਦੀ ਹੈ। ਕਿਉਂਕਿ ਆਜ਼ਾਦੀ ਜੀਵਨ ਤੇ ਗੁਲਾਮੀ ਮੌਤ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸ ਨੂੰ ਪ੍ਰਾਪਤ ਕਰਕੇ ਹੀ ਰਹਾਂਗੇ।ਅਸੀਂ ਇਨਕਲਾਬ ਦੇ ਦਰ ਆਪਣੀਆਂ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤਤਪਰ ਹੋ ਗਏ ਹਾਂ। ਇਸ ਮਹਾਨ ਆਦਰਸ਼ ਦੀ ਭੇਟ ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ।

(1925 'ਚ ਨੌਜਵਾਨ ਭਾਰਤ ਸਭਾ ਦੀ ਕਾਨਫਰੰਸ ਮੌਕੇ ਕੀਤੀ ਤਕਰੀਰ 'ਚੋਂ)

ਮੈਂ ਇੱਕ ਭਾਰਤੀ ਪੁੱਤਰ ਦੇ ਤੌਰ ਤੇ ਅਤੇ ਇੱਕ ਪਿੰਡ ਦੇ ਜ਼ਮੀਨ ਵਾਹਕ ਦੇ ਤੌਰ ਤੇ ਬ੍ਰਿਟਿਸ਼ ਰਾਜ ਨੂੰ ਇਉਂ ਦੇਖਦਾ ਹਾਂ ਜਿਹੜਾ ਜ਼ਾਲਮਾਨਾ ਹੈ ਅਤੇ ਭਾਰਤੀ ਲੋਕਾਂ ਦੀ ਜ਼ਿੰਦਗੀ ਲਈ ਹਾਨੀਕਾਰਕ ਹੈ। ਵੱਡੇ ਜਿਮੀਂਦਾਰ ਅਤੇ ਭਾਰਤ ਦੇ ਮਾਲਕ ਅਸਲ ਵਿੱਚ ਜਿਹੜੇ ਮੇਰੇ ਦੇਸ਼ ਦੇ ਜਰੂਰੀ ਉਦਯੋਗਾਂ ਦੇ ਮਾਲਕ ਹਨ ਅਤੇ ਉਨ੍ਹਾਂ ਦਾ ਉਦਯੋਗ ਦੇ ਕਬਜ਼ਾ ਹੈ, ਇਹ ਆਪਣੀ ਲਾਲਸਾ ਅਤੇ ਲਾਲਚ ਲਈ ਮੇਰੇ ਦੇਸ਼ ਦੀ ਉਪਜ ਲੈ ਜਾਂਦੇ ਹਨ ਅਤੇ ਕਾਮਿਆਂ ਨੂੰ ਜਿਉਣ ਦੇ ਹੱਕ ਤੋਂ ਵਾਂਝਾ ਕਰ ਦਿੰਦੇ ਹਨ ਤੇ ਉਨ੍ਹਾਂ ਦੀ ਜਮੀਨ ਜਾਇਦਾਦ ਦਾ ਆਨੰਦ ਮਾਣਦੇ ਹਨ। ਇਹ ਮੇਰੇ ਤੇ ਮੇਰੇ ਦੇਸ਼ਵਾਸੀਆਂ ਲਈ ਨਫ਼ਰਤ ਯੋਗ ਹੈ।

ਇਹੀ ਭਾਰਤੀ ਹਾਕਮ ਭਾਰਤੀ ਲੋਕਾਂ ਦੀ ਮਿਹਨਤ ਦੀ ਲੁੱਟ ਖਸੁੱਟ ਦੇ ਨਤੀਜੇ ਵਜੋਂ ਆਪਾਸ਼ਾਹੀ ਠਾਠ ਦੀ ਜ਼ਿੰਦਗੀ ਜਿਉਂਦੇ ਹਨ। ਮੁਲਕ ਦੀ ਕਿਸੇ ਵੀ ਤਰੀਕੇ ਨਾਲ ਵੀ ਸਹਾਇਤਾ ਨਹੀਂ ਕਰਦੇ। ਉਦਾਹਰਨ ਵਜੋਂ ਸਕੂਲ ਬਣਾਉਣ ਜਾਂ ਮੇਰੇ ਲੋਕਾਂ ਵਿੱਚ ਵਿੱਦਿਆ ਦਾ ਪਸਾਰ ਕਰਨ ਵਿੱਚ।

ਸ਼ਹੀਦ ਊਧਮ ਸਿੰਘ

ਜਨਮ ਦਿਨ: 26 ਦਸੰਬਰ, 1899

ਮਹਾਨ ਇਨਕਲਾਬੀ ਜਰਨੈਲ

ਚਾਹੀਏ ਤਾਂ ਚੜ੍ਹ ਸੱਤ ਅਸਮਾਨੀ,
ਚੰਦ ਨੂੰ ਫੜ੍ਹ ਖੀਸੇ ਪਾਈਏ।
ਸੱਤ ਸਮੁੰਦਰੀਂ ਮਾਰ ਕੇ ਟੁੱਭੀ,
ਕਛੂਏ ਧੂਹ ਪਤਾਲੋਂ ਲਿਆਈਏ।
ਜੇਤੂ ਹੇਕਾਂ ਹਾਸਿਆਂ ਤੇ,
ਅਸਵਾਰ ਹੋਏ ਮੁੜ ਆਈਏ।
ਇਸ ਜੱਗ ਤੇ ਬੰਦੇ ਖ਼ਾਤਰ,
ਨਹੀਂ ਕੋਈ ਵੀ ਕੰਮ ਔਖੇਰਾ।
ਬੱਸ ਚਾਹੀਦਾ, ਸਿਖਰਾਂ ਉੱਤੇ,
ਪੈੜਾਂ ਕਰਨ ਦਾ ਜੇਰਾ।



❑❑ **ਮਾਓ ਜੇ ਤੁੰਗ**

ਜਨਮ ਦਿਨ 26 ਦਸੰਬਰ, 1893

ਨਸ਼ਤਰਾਂ

ਹੱਕ ਮੰਗਣ ਤੇ ਮਿਲੇ ਲਾਠੀ ਗੋਲੀ,
ਵੇਖੋ ਰਾਜ ਸੇਵਾ ਕਰਦਾ।

***

ਮੰਗਲਯਾਨ ਦੀ ਸਫ਼ਲਤਾ ਸਾਡੀ,
ਨਰਾਤਿਆਂ ਦੇ ਵਰਤ ਨਾ ਛੱਡੇ।

***

ਰਾਜ ਸੱਤਾ ਦਾ ਸੁਖ ਅਸੀਂ ਭੋਗਦੇ,
ਲੈ ਧਰਮ ਦਾ ਓਟ ਆਸਰਾ।

***

ਰੋਜ਼ੀ ਰੋਟੀ ਨੂੰ ਤਰਸਦੇ ਲੋਕੀਂ,
ਭਾਸ਼ਣਾਂ 'ਚ ਡਿਜ਼ੀਟਲ ਇੰਡੀਆ।

***

ਕਾਲਾ ਧਨ ਵਾਪਸ ਨਹੀਂ ਆਉਣਾ,
ਅੱਛੇ ਦਿਨ ਸ਼ੁਰੂ ਹੋ ਗਏ।

❑❑ **95010-06626**

ਜਿਹੜੇ ਲੋਕ ਇਹ ਨਹੀਂ ਚਾਹੁੰਦੇ ਕਿ ਕੋਈ ਉਨ੍ਹਾਂ ਦੇ ਵਿਸ਼ਵਾਸਾਂ ਤੇ ਹੱਸੇ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਹਾਸੋਹੀਣੇ ਵਿਸ਼ਵਾਸ ਹੀ ਨਾ ਰੱਖਣ। **...ਅਗਿਆਤ।**

ਤਰਕਸ਼ੀਲਤਾ ਤੋਂ ਵਿਵੇਕਸ਼ੀਲਤਾ ਵੱਲ



ਡਾ. ਸ਼ਿਆਮ ਸੁੰਦਰ ਦੀਪਤੀ

ਮਨੁੱਖੀ ਦਿਮਾਗ ਦੀ ਹੋਰ ਜੀਵਾਂ ਤੋਂ ਵਿਲੱਖਣਤਾ ਇਸ ਪੱਖੋਂ ਹੈ ਕਿ ਇਸਦੇ ਵਿੱਚ ਸਵਾਲ ਕਰਨ ਦੀ ਵਿਸ਼ੇਸ਼ਤਾ ਹੈ। ਬਾਕੀ ਸਾਰੇ ਜੀਵ ਕਿਸੇ ਰਸਾਇਣ ਜਾਂ ਇੰਜਾਇਮ ਦੀ ਹਰਕਤ ਦੇ ਕਾਰਨ ਆਪਣੀ ਕਿਸੇ ਕ੍ਰਿਆ ਲਈ ਕਾਰਜਸ਼ੀਲ ਹੁੰਦੇ ਹਨ, ਜਿਵੇਂ ਕਿਸੇ ਸ਼ਿਕਾਰ ਦੇ ਸਾਹਮਣੇ ਕੀ ਕਰਨਾ ਹੈ ਜਾਂ ਕਿਸ ਤਰ੍ਹਾਂ ਵਿਵਹਾਰ ਕਰਨਾ ਹੈ।

ਮਨੁੱਖੀ ਦਿਮਾਗ ਸਾਹਮਣੇ ਦੀ ਸਥਿਤੀ ਨੂੰ ਦੇਖਦੇ-ਭਾਂਪਦੇ ਹੋਏ ਫੈਸਲਾ ਲੈਂਦਾ ਹੈ। ਉਸ ਵਿੱਚ ਕੋਈ ਖਾਸ ਤਰੀਕੇ ਅੰਕਿਤ ਨਹੀਂ ਹਨ। ਉਹ ਆਪਣੀ ਸੂਝ-ਬੂਝ ਨਾਲ ਨਵੇਂ ਤਰੀਕੇ ਵੀ ਲੱਭ ਲੈਂਦਾ ਹੈ।

ਮਨੁੱਖੀ ਦਿਮਾਗ ਸਥਿਤੀ ਨੂੰ ਭਾਂਪਦਾ ਹੈ। ਇਹ ਕੀ ਹੋ ਗਿਆ? ਇਸ ਤਰ੍ਹਾਂ ਕਿਵੇਂ ਹੋ ਗਿਆ? ਤੇ ਨਾਲ ਹੀ ਸਥਿਤੀ ਟਲ ਜਾਣ ਤੋਂ ਮਗਰੋਂ ਵੀ ਉਹ ਸੋਚਦਾ ਹੈ ਕਿ ਇਸ ਸਥਿਤੀ ਜਾਂ ਅਜਿਹੀ ਕਿਸੇ ਹੋਰ ਸਥਿਤੀ ਤੋਂ ਭਵਿੱਖ ਵਿੱਚ ਕਿਵੇਂ ਨਜਿਠਿਆ ਜਾਵੇ।

ਇਸ ਤਰ੍ਹਾਂ ਮਨੁੱਖ ਦੀਆਂ ਇੰਨ੍ਹਾਂ ਵਿਸ਼ੇਸ਼ਤਾਵਾਂ ਦਾ ਨਿਚੋੜ ਹੈ -

- ਮਨੁੱਖ ਵਿੱਚ ਸੂਝ-ਬੂਝ, ਸੋਚਣ ਦੀ ਸ਼ਕਤੀ ਹੈ।

- ਮਨੁੱਖ ਵਿੱਚ ਭਵਿੱਖ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਦੀ ਵੀ ਸਮਰੱਥਾ ਹੈ।

♦ ♦ ♦

ਤਰਕਸ਼ੀਲਤਾ ਹੈ - ਤਰਕ ਕਰ ਸਕਣ ਦੀ ਕਾਬਲੀਅਤ। ਇਹ ਕਾਬਲੀਅਤ ਮਨੁੱਖੀ ਦਿਮਾਗ ਦਾ ਗੁਣ ਹੈ। ਇਹ ਹਰ ਮਨੁੱਖ ਵਿੱਚ ਮੌਜੂਦ ਹੁੰਦੀ ਹੈ।

ਇਹ ਕਾਬਲੀਅਤ ਬਚਪਨ ਤੋਂ ਹੀ ਉਜਾਗਰ ਹੋ ਜਾਂਦੀ ਹੈ। ਜਦੋਂ ਬੱਚਾ ਹਰ ਵੇਲੇ ਇਹ ਸਵਾਲ ਕਰਦਾ ਹੈ - ਇਹ ਕੀ ਹੈ, ਉਹ ਕੀ ਹੈ। ਇਹ ਸਵਾਲ ਕਰਨਾ ਤਰਕ ਕਰਨ ਦੀ ਸ਼ੁਰੂਆਤ ਹੈ। ਮਾਂ-ਪਿਓ ਇਸ ਗੱਲ ਤੇ ਖੁਸ਼ ਵੀ ਹੁੰਦੇ ਹਨ ਤੇ ਕਈ ਵਾਰੀ ਖਿੱਝ ਵੀ ਜਾਂਦੇ ਹਨ। ਸਾਰਾ ਦਿਨ ਪੁੱਛ-ਪੁੱਛ ਕੇ ਦਿਮਾਗ ਖਾ ਜਾਂਦਾ ਹੈ।

ਇਸਤੋਂ ਬਾਅਦ, ਜ਼ਿੰਦਗੀ ਦੇ ਦੂਸਰੇ ਪੜਾਅ ਤੇ, ਜਦੋਂ ਬੱਚਾ ਕਿਸ਼ੋਰ ਅਵਸਥਾ ਵਿੱਚ ਦਾਖਲ ਹੁੰਦਾ ਹੈ ਤੇ ਤੇਰ੍ਹਾਂ-ਚੌਦਾਂ ਸਾਲ ਦਾ ਹੁੰਦਾ ਹੈ ਤਾਂ ਉਦੋਂ ਇੱਕ ਹੋਰ ਤਰਕਸ਼ੀਲਤਾ ਦਾ ਗੁਣ ਪੈਦਾ ਹੁੰਦਾ ਹੈ, ਜਦੋਂ ਉਹ ਹਰ ਵਰਤਾਰੇ ਨੂੰ ਕਿਉਂ ਦੇ ਪੱਖ ਤੋਂ ਜਾਨਣ ਦਾ ਇੱਛੁਕ ਹੁੰਦਾ ਹੈ। ਇਹ ਕਿਉਂ ਹੋਇਆ? ਅੱਜ ਹੀ ਕਿਉਂ ਹੋਇਆ? ਮੇਰੇ ਨਾਲ ਹੀ ਕਿਉਂ ਹੋਇਆ? ਉਹ ਫਿਰ ਇਸ ਤਰ੍ਹਾਂ ਦੇ ਸਵਾਲਾਂ ਨਾਲ ਮਾਂ-ਪਿਉ ਅਤੇ ਅਧਿਆਪਕਾਂ ਦੇ ਰੂ-ਬ-ਰੂ ਹੁੰਦਾ ਹੈ।

ਮਾਨਵ ਵਿਗਿਆਨ ਅਤੇ ਮਨੋਵਿਗਿਆਨੀ ਇਹ ਕਹਿੰਦੇ ਹਨ ਕਿ ਇਸ ਅਵਸਥਾ ਨੂੰ, ਇਸ ਤਰਕਸ਼ੀਲ ਗੁਣ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ। ਅਧਿਆਪਕਾਂ ਨੂੰ ਵਿਸੇਸ਼ ਤੌਰ ਤੇ ਬੱਚਿਆਂ ਨੂੰ ਸਵਾਲ ਕਰਨ ਲਈ ਉਕਸਾਉਣਾ ਚਾਹੀਦਾ ਹੈ, ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਕਿ ਇਹ ਗੁਣ ਪੂਰੀ ਤਰ੍ਹਾਂ ਵਿਕਸਿਤ ਹੋਵੇ ਤੇ ਬੱਚਾ ਖੋਜੀ ਪ੍ਰਵਿਰਤੀ ਵਾਲਾ, ਵਿਗਿਆਨਕ ਸੋਚ ਵਾਲਾ ਬਣੇ।

ਪਰ ਹੁੰਦਾ ਉਲਟ ਹੈ ਕਿ ਮਾਂ-ਪਿਓ ਅਤੇ ਅਧਿਆਪਕ ਬੱਚੇ ਨੂੰ ਚੁੱਪ ਰਹਿਣ ਲਈ ਆਖਦੇ ਹਨ। ਉਸ ਦੇ ਸਵਾਲਾਂ ਨੂੰ ਫਾਲਤੂ ਦੀ ਦਿਮਾਗੀ ਖੁਲ੍ਹ ਕਹਿੰਦੇ ਹਨ।

ਹੁਣ ਸਵਾਲ ਹੈ - ਇਸ ਗੁਣ ਨੂੰ ਵਿਵੇਕਸ਼ੀਲਤਾ ਵੱਲ ਲੈ ਜਾਣ ਦਾ। ਤਰਕ ਨੂੰ ਵਿਵੇਕ ਦੇ ਪੱਧਰ ਤੱਕ ਵਿਕਸਿਤ ਕਰਨ ਦਾ।

♦ ♦ ♦

ਮਨੁੱਖ ਕੁਦਰਤ ਦੇ ਨਾਲ-ਨਾਲ ਸਮਾਜਿਕ ਪ੍ਰਾਣੀ ਵੀ ਹੈ। ਉਹ ਹਰ ਰੋਜ ਸਮਾਜਿਕ ਵਰਤਾਰਿਆਂ ਨਾਲ ਦੋ-ਚਾਰ ਹੁੰਦਾ ਹੈ ਤੇ ਉਸ ਵੇਲੇ ਵੀ ਉਸਦੀ ਸੋਚ, ਉਸਦੀ ਸੂਝ-ਬੂਝ ਉਸੇ ਤਰ੍ਹਾਂ ਦੀ ਪ੍ਰਤੀਕ੍ਰਿਆ ਦੀ ਗੱਲ ਕਰਦੀ ਹੈ।

ਹੁਣ ਜਦੋਂ ਅਸੀਂ ਧਰਮ ਦੀ ਗੱਲ ਕਰਦੇ ਹਾਂ। ਧਰਮ ਨਾਲ ਜੁੜੇ ਰੱਬ ਅਤੇ ਹੋਰ ਕਰਮਕਾਂਡਾਂ ਦੀ ਗੱਲ ਕਰਦੇ ਹਾਂ ਤਾਂ ਸਭ ਦੇ ਮਨ ਵਿੱਚ ਸਵਾਲ ਉਠਦੇ ਹਨ; ਇਸ ਰਾਹੂ-ਕੇਤੂ ਕੀ ਹਨ?

ਇਹ ਗਣੇਸ਼ ਜਾਂ ਸ਼ਿਵਲਿੰਗ ਨੂੰ ਦੁੱਧ ਕਿਉਂ ਪਿਲਾਉਂਦੇ ਹਨ?

ਇਹ ਸਵਰਗ-ਨਰਕ ਹੈ ਵੀ ਕੁਝਕਿ ਨਹੀਂ...

ਅਜਿਹੇ ਅਨੇਕਾਂ ਸਵਾਲਾਂ ਦੇ ਰੂ-ਬ-ਰੂ ਵਿਅਕਤੀ ਹੁੰਦਾ ਹੈ। ਉਹ ਸਵਾਲ ਪੁੱਛਦਾ ਹੈ, ਜਵਾਬ ਚਾਹੁੰਦਾ ਹੈ। ਪਰ ਜਵਾਬ ਮਿਲਦੇ ਨਹੀਂ ਜਾਂ ਬਹੁਤੇ ਤਸੱਲੀਬਖਸ਼ ਜਵਾਬ ਨਹੀਂ ਮਿਲਦੇ। ਜਾਂ ਫਿਰ ਚੁੱਪਚਾਪ ਇੰਨਾਂ ਵਰਤਾਰਿਆਂ-ਕਰਮਕਾਂਡਾਂ ਨੂੰ ਮੰਨਣ ਦੀ ਸਲਾਹ ਦਿੱਤੀ ਜਾਂਦੀ ਹੈ।

ਵਿਵੇਕਸ਼ੀਲਤਾ ਦੀ ਗੱਲ ਤਾਂ ਦੂਰ, ਵਿਅਕਤੀ ਨੂੰ ਪੂਰੀ ਤਰ੍ਹਾਂ ਤਰਕਸ਼ੀਲ ਵੀ ਨਹੀਂ ਹੋਣ ਦਿੱਤਾ ਜਾਂਦਾ।

♦ ♦ ♦

ਵਿਵੇਕਸ਼ੀਲਤਾ ਦੀ ਸਥਿਤੀ ਤੱਕ ਪਹੁੰਚਣ ਲਈ, ਤਰਕਸ਼ੀਲਤਾ ਪਹਿਲੀ ਪੌੜੀ ਹੈ।

ਤਰਕਸ਼ੀਲਤਾ ਨੂੰ ਅਸੀਂ ਆਮ ਤੌਰ ਤੇ ਚਰਚਾ, ਬਹਿਸ, ਵਿਚਾਰ ਵਟਾਂਦਰੇ ਦੇ ਪੱਖ ਤੋਂ ਦੇਖਦੇ-ਸਮਝਦੇ ਹਾਂ। ਚਰਚਾ ਲਈ ਆਪਣਾ ਪੱਖ ਰਖਣਾ, ਆਪਣੀ ਦਲੀਲ ਰਖਣਾ ਜਾਂ ਆਪਣਾ ਤਰਕ ਪੇਸ਼ ਕਰਨਾ, ਉਸ ਚਰਚਾ ਦਾ ਇੱਕ ਹਿੱਸਾ ਹੁੰਦੇ ਹਨ।

ਅਸੀਂ ਅਕਸਰ ਆਪਣਾ ਪੱਖ ਮਜਬੂਤ ਕਰਨ ਲਈ, ਆਪਣੇ ਪਹਿਲੂ ਨੂੰ ਠੋਸ ਢੰਗ ਨਾਲ ਪੇਸ਼ ਕਰਨ ਲਈ ਹਰ ਤਰ੍ਹਾਂ ਦੀ ਦਲੀਲ ਦਿੰਦੇ ਹਾਂ। ਸਾਨੂੰ ਪਤਾ ਵੀ ਹੁੰਦਾ ਹੈ ਕਿ ਇਹ ਦਲੀਲ ਠੀਕ ਨਹੀਂ ਹੈ, ਸਾਡਾ ਤਰਕ ਵਾਜਬ ਨਹੀਂ ਹੈ।

ਪਰ ਇਥੇ ਸਵਾਲ ਆਪਣੇ ਪੱਖ ਨੂੰ ਹਰ ਹਾਲਤ ਵਿੱਚ ਸਹੀ ਠਹਿਰਾਉਣਾ ਅਤੇ ਆਪਣੀ ਗੱਲ ਨੂੰ ਮਨਵਾਉਣਾ ਹੁੰਦਾ ਹੈ।

ਕਈ ਵਾਰੀ ਅਸੀਂ ਅਜਿਹੀ ਸਥਿਤੀ ਵਿੱਚ ਹੁੰਦੇ ਹਾਂ ਕਿ ਅਸੀਂ ਉਸ ਵਿੱਚੋਂ ਨਿਕਲਣਾ ਚਾਹੁੰਦੇ, ਉਨ੍ਹਾਂ ਵਿੱਚੋਂ ਬਚ ਕੇ ਬਾਹਰ ਆਉਣਾ ਚਾਹੁੰਦੇ ਹਾਂ। ਸਾਡੇ ਲਈ ਇਹ ਅਹਿਮ ਹੈ ਤੇ ਅਸੀਂ ਹਰ ਢੰਗ ਅਪਣਾਉਂਦੇ ਹਨ। ਇਹ ਬਚਾਅ ਸਾਨੂੰ ਹਰ ਤਰ੍ਹਾਂ ਦੀ ਦਲੀਲ ਸੁਝਾਉਂਦਾ ਹੈ।

ਕਹਿਣ ਤੋਂ ਭਾਵ ਹੈ ਕਿ ਤਰਕਸ਼ੀਲਤਾ ਸਾਨੂੰ ਹਰ ਉਸ ਵਰਤਾਰੇ ਤੋਂ ਬਚਣ ਲਈ ਇੱਕ ਸੁਝਾਅ, ਇੱਕ ਜਵਾਬ ਦਿੰਦੀ ਹੈ। ਉਹ ਤਰਕ ਭਾਵੇਂ ਗਲਤ ਹੋਵੇ, ਕੋਈ ਬਹਾਨਾ ਜਾਪੇ ਜਾਂ ਬਚਕਾਨਾ, ਪਰ ਇਸ ਦੇ ਉਲਟ ਵਿਵੇਕਸ਼ੀਲਤਾ ਦਾ ਸਿਖਰ, ਆਪਣੇ ਆਪ ਤੋਂ, ਆਪਣੀ ਜ਼ਿੱਦ ਤੋਂ ਉੱਪਰ ਉੱਠ ਕੇ ਸਮੁੱਚਤਾ ਬਾਰੇ ਸੋਚਦਾ ਹੈ।

♦ ♦ ♦

ਆਪਾਂ ਮਨੁੱਖ ਦੇ ਨਾਲ-ਨਾਲ, ਹੋਰ ਜੀਵਾਂ ਦੇ ਫੈਸਲੇ ਲੈਣ ਬਾਰੇ ਵੀ ਗੱਲ ਕੀਤੀ ਸੀ। ਹਰ ਜੀਵ (ਮਨੁੱਖ ਸਮੇਤ) ਆਪਣੇ ਆਪ ਨੂੰ ਬਚਾ ਕੇ ਰੱਖਣਾ ਚਾਹੁੰਦਾ ਹੈ। ਇਹ ਜ਼ਿੰਦਗੀ ਦਾ ਇਕ ਕੇਂਦਰੀ ਨੁਕਤਾ ਹੈ। ਜੀਉਣਾ ਹਰ ਜੀਵ ਚਾਹੁੰਦਾ ਹੈ। ਇਹ ਇੱਕ ਬਹੁਤ ਹੀ ਤਾਕਤਵਰ ਪ੍ਰਵਿਰਤੀ ਹੈ।

ਮਨੁੱਖ ਸਮਾਜਿਕ ਹਾਲਤ ਵਿੱਚ ਵੀ ਆਪਣੇ ਆਪ ਨੂੰ ਬਚਾਅ ਕੇ ਰੱਖਣਾ ਚਾਹੁੰਦਾ ਹੈ। ਉਹ ਉਸ ਵੇਲੇ ਦਲੀਲ ਦਿੰਦਾ ਹੈ, ਦਲੀਲ ਘੜਦਾ ਹੈ। ਉਸ ਸਥਿਤੀ ਨੂੰ ਟਾਲਦਾ ਹੈ ਜਾਂ ਸਾਂਭਦਾ ਹੈ।

ਤੁਸੀਂ ਇਸ ਗੱਲ ਨੂੰ ਸਮਝੋ -

ਗਿਰਗਟ ਰੰਗ ਬਦਲਦਾ ਹੈ। ਘਾਹ ਵਿੱਚ ਪਹੁੰਚ ਕੇ ਹਰਾ ਹੋ ਜਾਂਦਾ ਹੈ ਤੇ ਫੁੱਲਾਂ ਦੀ ਕਿਆਰੀ ਵਿੱਚ ਪੀਲੇ ਰੰਗ ਦਾ। ਦਰਅਸਲ ਇਹ ਉਸ ਦੇ ਬਚਾਅ ਦਾ ਸ਼ਰੀਰਕ ਤਰੀਕਾ ਹੈ।

ਜੇਕਰ ਗਿਰਗਿਟ ਬੋਲਦਾ ਹੁੰਦਾ ਤਾਂ ਉਹ ਕਹਿੰਦਾ ਕਿ ਇਹ ਢੰਗ ਮੈਂ ਆਲੇ-ਦੁਆਲੇ ਤੋਂ ਬਚਣ ਲਈ ਅਪਣਾਇਆ ਜਾਂ ਕੁਦਰਤ ਨੇ ਮੈਨੂੰ ਇਹ ਸਮਰਥਾ ਬਖਸ਼ੀ ਹੈ।

ਜਦੋਂ ਅਸੀਂ ਮਨੁੱਖ ਦੇ ਤੌਰ ਤੇ ਇਹ ਕਹਿੰਦੇ ਹਾਂ ਕਿ ਦੇਖ ਕਿਵੇਂ ਗਿਰਗਿਟ ਵਾਂਗ ਰੰਗ ਬਦਲਦਾ ਹੈ। ਉਦੋਂ ਜਿਵੇਂ ਅਸੀਂ ਗਿਰਗਿਟ ਨੂੰ ਬੜੀ ਨਫਰਤ ਨਾਲ ਦੇਖਦੇ ਹਾਂ ਤੇ ਵਿਅਕਤੀ ਤੇ ਤਾਅਨਾ ਕਸਦੇ ਹਾਂ। ਅਸੀਂ ਮਨੁੱਖ ਤੋਂ ਇਹ ਆਸ ਨਹੀਂ ਕਰਦੇ। ਸਾਡਾ ਉਦੋਂ ਇਹ ਮਤਲਬ ਹੁੰਦਾ ਹੈ ਕਿ ਰੰਗ ਬਦਲਣਾ ਮਨੁੱਖ ਦਾ ਕੁਦਰਤੀ ਗੁਣ ਨਹੀਂ ਹੈ।

ਮਨੁੱਖ ਵੀ ਇਸ ਸਥਿਤੀ ਨੂੰ ਸੰਭਾਲਣ ਲਈ ਕਹਿੰਦਾ ਹੈ - ਮੈਂ ਹੋਰ ਕੀ ਕਰਦਾ, ਮੇਰਾ ਇਸਤੋਂ ਸਿਵਾ ਕੋਈ ਚਾਰਾ ਨਹੀਂ ਸੀ।

♦ ♦ ♦

ਤਰਕ ਹਰ ਇੱਕ ਮਨੁੱਖ ਕੋਲ ਹੈ।

ਚੰਗਾ ਤਰਕ, ਬਚਾਅ ਵੱਲ ਤਰਕ, ਇਕ ਵਿਅਕਤੀ ਦੇ ਹੱਕ ਵਿੱਚ ਭੁਗਤਨ ਵਾਲਾ ਤਰਕ।

ਕਾਨੂੰਨ ਸਾਡੇ ਕੋਲ ਇੱਕ ਵੱਡੀ ਉਦਾਹਰਨ ਹੈ, ਜਿਥੇ ਬਹੁਤੀ ਵਾਰੀ ਕਾਨੂੰਨ ਗਲਤ ਆਦਮੀ ਦੇ ਹੱਕ ਵਿੱਚ ਭੁਗਤਦਾ ਹੈ। ਕਾਰਨ ਚਾਹੇ ਕਾਨੂੰਨ ਦੀ ਬਣਤਰ ਵਿੱਚ ਹੈ ਜਾਂ ਦਲੀਲਾਂ ਵਿੱਚ। ਸਵਾਲ ਹੈ ਕਿ ਤਰਕ ਹਰ ਵੇਲੇ ਸਹੀ ਨਹੀਂ ਹੁੰਦਾ। ਅਸੀਂ ਬਹੁਤੀ ਵਾਰੀ, ਕਾਨੂੰਨ ਦੇ ਘੇਰੇ ਵਿੱਚੋਂ ਦੋਸ਼ੀਆਂ ਨੂੰ ਬਰੀ ਹੁੰਦੇ ਅਤੇ ਨਿਰਦੋਸ਼ਾਂ ਨੂੰ ਸਜ਼ਾ ਭੁਗਤਦੇ ਦੇਖਦੇ ਹਾਂ।

ਆਪਾਂ ਇੱਕ ਆਮ ਅਵਸਥਾ ਵਿਚ ਮਜ਼ਦੂਰ ਦੀ ਗੱਲ ਕੀਤੀ ਹੈ। ਮਜ਼ਦੂਰ ਅੱਧੀ ਦਿਹਾੜੀ ਕਰਕੇ ਬੀਮਾਰ ਹੋ ਜਾਂਦਾ ਹੈ ਤੇ ਮਾਲਿਕ ਉਸਨੂੰ ਅੱਧੀ ਦਿਹਾੜੀ ਦੇ ਕੇ ਤੋਰ ਦਿੰਦਾ ਹੈ। ਉਸਦਾ ਇਸ ਅੱਧੀ ਦਿਹਾੜੀ ਨਾਲ ਸਰਦਾ ਨਹੀਂ। ਪਰ ਮਾਲਿਕ ਕਾਨੂੰਨੀ ਤੌਰ ਤੇ ਸਹੀ ਹੈ।

ਵਿਵੇਕ-ਮਨੁੱਖ ਨੂੰ ਇਸਤੋਂ ਵੀ ਅੱਗੇ ਸੋਚਣ ਲਈ, ਮਨੁੱਖਤਾ ਦੇ ਹਕ ਵਿੱਚ ਖੜ੍ਹਨ ਲਈ ਪ੍ਰੇਰਦਾ ਹੈ।

♦ ♦ ♦

ਦੂਸਰੇ ਪਾਸੇ, ਮਨੁੱਖ ਸਮਾਜ ਅਤੇ ਮਾਨਸਿਕਤਾ ਦੇ ਪੱਖ ਤੋਂ ਜਦੋਂ ਵਿਚਾਰ ਕਰਦਾ ਹੈ, ਜਵਾਬ ਦਿੰਦਾ ਹੈ, ਕੰਮ ਕਰਦਾ ਹੈ ਤਾਂ ਉਹ ਆਪਣੀ ਸਮਾਜਿਕ ਅਤੇ ਮਾਨਸਿਕ ਹਾਲਤ ਦਾ ਜਾਇਜਾ ਲੈ ਕੇ, ਉਸਨੂੰ ਟੁੱਟਣ ਤੋਂ ਰੋਕਣ ਦੀ ਹਰ ਕੋਸ਼ਿਸ਼ ਕਰਦਾ ਹੈ। ਇਸ ਲਈ ਝੂਠੀ ਦਲੀਲ, ਹਲਕੇ-ਫੁਲਕੇ ਤਰਕ ਦਿੰਦਾ ਹੈ ਤੇ ਉਸ ਹਾਲਤ ਨੂੰ ਸਾਂਭਦਾ ਹੈ ਤੇ ਬਚ ਜਾਣ ਦੀ ਸੂਰਤ ਵਿੱਚ ਸੁੱਖ ਦਾ ਸਾਂਹ ਲੈਂਦਾ ਹੈ। ਭਾਵੇਂ ਉਹ ਬਾਅਦ ਵਿੱਚ ਉਸ ਆਪਣੇ ਵਿਵਹਾਰ ਤੇ ਪਛਤਾਵੇ ਵੀ।

ਬਹੁਤੀ ਵਾਰੀ ਤਰਕ ਦੀ ਸਥਿਤੀ ਵਿੱਚ ਹੁੰਦਾ ਕੀ ਹੈ?

ਸਮੱਸਿਆ ਦੇ ਹਲ ਲਈ ਜਾਂ ਸਥਿਤੀ ਨੂੰ ਸਾਂਭਣ ਲਈ, ਵਿਅਕਤੀ ਬਣੇ-ਬਣਾਏ ਫਰੇਮ ਵਰਤਦਾ ਹੈ।

- ਉਸ ਸਥਿਤੀ ਵਿੱਚ ਮੇਰੇ ਦੋਸਤ ਨੇ ਕੀ ਕੀਤਾ ਸੀ।

- ਇਸ ਹਾਲਤ ਵਿੱਚੋਂ ਨਿਕਲਣ ਲਈ ਫਿਲਮ ਵਿੱਚ ਦੇਖਿਆ ਸੀ।

- ਸਮੱਸਿਆ ਦੇ ਹੱਲ ਲਈ, ਗੁਰੂ ਜੀ ਕੀ ਕਹਿੰਦੇ ਹੁੰਦੇ ਸੀ।

ਲੋਕ ਅਜਿਹੀ ਕਾਰਜ ਵਿਧੀ ਨੂੰ ਦਿਮਾਗ ਨਾਲ ਕੰਮ ਲਿਆ ਕਹਿੰਦੇ ਹਨ ਤੇ ਆਪਣੇ ਆਪ ਤੇ ਮਾਣ ਕਰਦੇ ਹਨ।

ਪਰ ਅਸਲੀਅਤ ਵਿੱਚ ਅਜਿਹਾ ਨਹੀਂ ਹੈ। ਇਹ ਦਿਮਾਗ ਜਾਂ ਸੋਚ ਤੋਂ ਕੰਮ ਲੈਣਾ ਨਹੀਂ ਹੈ।

♦ ♦ ♦

ਤਰਕਸ਼ੀਲ ਹੋਣ ਬਾਰੇ ਆਪਾਂ ਗੱਲ ਕੀਤੀ ਹੈ ਕਿ ਬੱਚਾ ਜਨਮ ਤੋਂ ਹੀ ਤਰਕਸ਼ੀਲ ਹੈ। ਉਸਦੀ ਜਿਗਿਆਸੂ ਪ੍ਰਵਿਰਤੀ ਹੈ ਕਿ ਉਹ ਕੀ ਹੈ, ਉਹ ਕਿਉਂ ਹੈ... ਉਸ ਨੂੰ ਤਰਕਸ਼ੀਲਤਾ ਵੱਲ ਲੈ ਜਾ ਰਹੀ ਹੈ। ਇਹ ਸਾਰੇ ਮਨੁੱਖਾਂ ਦੇ ਦਿਮਾਗ ਦਾ ਸਹਿਜ ਗੁਣ ਹੈ।

ਸਾਨੂੰ ਜਵਾਬ ਮਿਲਦਾ ਵੀ ਹੈ, ਅਸੀਂ ਕਿਤਾਬਾਂ ਵਿੱਚੋਂ ਵੀ ਲੱਭ ਲੈਂਦੇ ਹਾਂ, ਤਰਕਸ਼ੀਲਤਾ ਤੋਂ ਅੱਗੇ ਵਿਵੇਕਸ਼ੀਲ ਲਈ ਅਗਲੀ ਪੌੜੀ ਹੈ :

ਉਨ੍ਹਾਂ ਬਣੇ-ਬਣਾਏ ਫਰੇਮਾਂ, ਉਹ ਜਵਾਬ ਜੋ ਮਾਪੇ-ਅਧਿਆਪਕ ਦਿੰਦੇ ਹਨ ਜਾਂ ਕਿਤਾਬਾਂ-ਗ੍ਰੰਥਾਂ ਵਿੱਚ ਪਏ ਹਨ, ਉਨ੍ਹਾਂ ਉੱਪਰ ਸਵਾਲ ਖੜੇ ਕਰਨਾ -

- ਕੀ ਇਹ ਹੱਲ ਠੀਕ ਹੈ?

- ਇਹ ਮੇਰੀ ਸਮੱਸਿਆ ਲਈ ਢੁਕਵਾਂ ਹੈ?

- ਕੀ ਇਹ ਅੱਜ ਦੇ ਸਮੇਂ ਵਿੱਚ ਵੀ ਉਨਾ ਹੀ ਵਾਜਬ ਹੈ?

- ਕੀ ਇਸ ਦਾ ਕੋਈ ਹੋਰ ਰਾਹ ਨਹੀਂ ਹੋ ਸਕਦਾ?

- ਮੈਂ ਇਸ ਰਾਹ ਤੇ ਕਿਉਂ ਚਲਾਂ?

ਧਰਮ ਨਾਲ ਜੁੜੇ ਅਨੇਕਾਂ ਕਰਮ ਕਾਂਡਾਂ ਬਾਰੇ ਅਜਿਹੇ ਸਵਾਲ ਉਠਦੇ ਹਨ ਕਿ ਇਹ ਰਾਹ ਠੀਕ ਹੈ, ਜਰੂਰੀ ਹਨ, ਜਾਇਜ ਹਨ ... ਕਈ ਇਸ ਤੋਂ ਅੱਗੇ ਇਨ੍ਹਾਂ ਤੇ ਆਪਣੀ ਰਾਏ ਵੀ ਪ੍ਰਗਟਾਉਂਦੇ ਹਨ, ਪਰ...

ਹੁਣ ਇਸਤੋਂ ਅਗਲਾ ਪੜਾਅ ਹੈ ਕਿ ਇਹ ਸੋਚਣਾ ਕਿ -

ਇਨ੍ਹਾਂ ਬਾਰੇ ਪਤਾ ਕਿੱਥੋਂ ਕਰੀਏ?

ਇਨ੍ਹਾਂ ਨੂੰ ਬਦਲਣ ਲਈ ਜਾਂ ਇਨ੍ਹਾਂ ਦੀ ਸਾਰਥਕਤਾ ਜਾਨਣ ਬਾਰੇ ਕੀ ਕਰੀਏ?

♦ ♦ ♦

ਇੱਥੇ ਇਹ ਚਿਣਗ ਭੱਖਦੀ ਹੈ ਕੁੱਝ ਨਵਾਂ ਜਾਣਨ ਦੀ ਤੇ ਕੁਝ ਨਵਾਂ ਕਰਨ ਦੀ।

ਇਹ ਉਚੇਚੇ ਯਤਨ ਕਰਨੇ ਤਰਕਸ਼ੀਲਤਾ ਦਾ ਅਹਿਮ ਪੜਾਅ ਹੈ।

ਇਸ ਪੜਾਅ ਤੇ ਕੁੱਝ ਕੁ ਲੋਕ ਪਹੁੰਚਦੇ ਨੇ। ਸਵਾਲ ਕਰਦੇ ਨੇ, ਚਰਚਾ ਕਰਦੇ ਨੇ। ਜੋ ਚੱਲ ਰਿਹਾ ਹੈ ਉਸਨੂੰ ਬਦਲਣ ਲਈ ਵਿਚਾਰ-ਵਟਾਂਦਰਾਂ ਕਰਦੇ ਨੇ।

ਬਹਿਸ ਵਿੱਚ ਹਿੱਸਾ ਲੈਣ ਵਾਲੇ ਬਹੁਤਿਆਂ ਦਾ ਮੱਤ ਹੁੰਦਾ ਹੈ - ਜੋ ਚੱਲ ਰਿਹਾ ਹੈ ਠੀਕ ਹੈ, ਸਦੀਆਂ ਤੋ. ਇਸੇ ਤਰ੍ਹਾਂ ਚਲਦਾ ਆਇਆ ਹੈ... ਅਸੀਂ ਵੀ ਸੋਚਿਆ ਸੀ ਬਦਲਣ ਬਾਰੇ, ਇੱਥੇ ਕੁੱਝ ਨਹੀਂ ਬਦਲਦਾ...

ਇਸ ਪੜਾਅ ਤੇ ਨਿਰ ਉਤਸਾਹਿਤ ਕਰਨ ਵਾਲੇ ਵੱਧ ਹੁੰਦੇ ਹਨ। ਸੋਚ ਨੂੰ ਬਦਲਣ, ਸੰਵਾਰਨ, ਤਿੱਖਾ ਕਰਨ ਦੀ ਬਜਾਏ, ਉਸਨੂੰ ਖੁੰਡਾ ਕਰਨ ਅਤੇ ਜੋ ਹੈ, ਉਸੇ ਤਰ੍ਹਾਂ ਸਵੀਕਾਰ ਕਰਨ ਦੀ ਕੋਸ਼ਿਸ਼ ਵੱਧ ਹੁੰਦੀ ਹੈ।

♦ ♦ ♦

ਜੋ ਇਸ ਪੜਾਅ ਤੇ ਨਵਾਂ ਸੋਚਦੇ ਅਤੇ ਨਵਾਂ ਤਲਾਸ਼ਦੇ ਹਨ, ਉਹ ਅਗਲੇ ਪੜਾਅ ਵਿੱਚ ਕਾਰਜਸ਼ੀਲ ਹੁੰਦੇ ਹਨ।

ਉਹ ਬਣੇ-ਬਣਾਏ ਫਰੇਮਾਂ/ਨੇਮਾਂ ਬਾਰੇ ਹੋਰ ਸੂਚਨਾ ਇਕੱਠੀ ਕਰਦੇ ਹਨ। ਇਹ ਕਦੋਂ ਸ਼ੁਰੂ ਹੋਏ, ਕਿਸੇ ਨੇ ਸ਼ੁਰੂ ਕੀਤੇ, ਮੰਤਵ ਕੀ ਸੀ ਇਨ੍ਹਾਂ ਨੂੰ ਸ਼ੁਰੂ ਕਰਨ ਦਾ...

ਇਸ ਤਰ੍ਹਾਂ ਪੂਰਾ ਪਿਛੋਕੜ ਜਾਣ ਕੇ, ਉਨ੍ਹਾਂ ਕਰਮਕਾਡਾਂ / ਨੇਮਾਂ ਦੀ ਅੱਜ ਦੇ ਸੰਦਰਭ ਵਿੱਚ ਲੋੜ ਬਾਰੇ ਸੋਚਿਆ

ਜਾਂਦਾ ਹੈ।

ਧਰਮ ਦੇ ਪ੍ਰਤੀ ਵੀ ਅਜਿਹੇ ਸਵਾਲ ਉੱਠੇ ਹਨ ਤੇ ਲੋਕਾਂ ਨੇ ਵਿਸਥਾਰ ਵਿੱਚ ਅਧਿਐਨ ਕੀਤੇ ਹਨ ਕਿ ਕਿਵੇਂ ਕਰਮਕਾਂਡ ਬਣੇ, ਕਿਵੇਂ ਲੋਕਾਂ ਦੀ ਸੋਚ ਨੂੰ ਪੁੱਠਾ ਗੇੜ ਦੇਣ ਦੀ ਸਾਜਿਸ਼ ਰਚੀ ਗਈ, ਜੋ ਇਕ ਵਿਧੀਵਤ ਤਰੀਕੇ ਨਾਲ ਲਾਗੂ ਕੀਤੀ ਗਈ ਤੇ ਅੱਜ ਤੱਕ ਜਾਰੀ ਹੈ।

ਅਜੋਕੇ ਸਮੇਂ ਵਿੱਚ ਵੀ, ਅਸੀਂ ਕਈ ਵਿਚਾਰਕ ਸੰਸਥਾਵਾਂ ਵੱਲੋਂ ਅਜਿਹੇ ਕਾਰਜ ਹੁੰਦੇ ਦੇਖ ਸਕਦੇ ਹਾਂ, ਪਰ ਸੂਚਨਾ ਅਤੇ ਪੜ੍ਹਾਈ ਦੇ ਪੱਧਰ ਕਰਕੇ ਉਹ ਜਿੱਥੇ ਲੋਕਾਂ ਤੱਕ ਛੇਤੀ ਪਹੁੰਚਦੇ ਹਨ, ਉਸੇ ਤਰਜ ਤੇ ਛੇਤੀ ਹੀ ਉਨ੍ਹਾਂ ਦੀ ਮੰਸ਼ਾ ਨੂੰ ਸਾਹਮਣੇ ਲਿਆਉਣ ਵਾਲੇ ਵੀ ਆਪਣੀ ਭੂਮਿਕਾ ਨਿਭਾਉਂਦੇ ਹਨ।

♦ ♦ ♦

ਇਸ ਤਰ੍ਹਾਂ ਦੀ ਸੋਚ ਵਿਧੀ ਦਾ ਅਗਲਾ ਪੜਾਅ ਹੈ–

ਆਪਣੀ ਨਵੀਂ ਸੋਚ ਨੂੰ ਅਪਣਾਉਣਾ, ਜੋ ਕਿ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਚਲਦੀਆਂ ਆ ਰਹੀਆਂ ਫਾਲਤੂ ਅਤੇ ਗਲਤ ਰਿਵਾਇਤਾਂ ਨੂੰ ਤਿਆਗਿਆ ਜਾਵੇ। ਜਦੋਂ ਇਹ ਗੱਲ ਸੋਚਣ ਅਤੇ ਕਹਿਣ ਦਾ ਹੀਆਂ ਹੋਵੇ ਕਿ –

– ਕਰ ਰਹੇ ਨੇ ਇਸ ਲਈ ਮੈਨੂੰ ਵੀ ਕਰਨਾ ਚਾਹੀਦਾ ਹੈ।

– ਇਹ ਜਰੂਰੀ ਨਹੀਂ ਕਿ ਸਾਰੇ ਕਰ ਰਹੇ ਨੇ, ਇਸ ਲਈ ਇਹ ਠੀਕ ਹੀ ਹੋਵੇਗਾ।

ਇਸਦੇ ਨਾਲ ਹੀ ਆਪਣੀ ਨਵੀਂ ਸੋਚ ਨੂੰ ਅਪਣਾਉਣਾ। ਇਸਨੂੰ ਅਪਨਾਉਂਦੇ ਹੋਏ, ਲਗਾਤਾਰ ਆਪਣੇ ਆਪ ਤੇ, ਆਪਣੀ ਸੋਚ ਅਤੇ ਕਾਰਜ ਪ੍ਰਣਾਲੀ ਤੇ ਵੀ ਸਵਾਲ ਕਰਦੇ ਰਹਿਣਾ।

– ਮੈਂ ਜੋ ਕਰ ਰਿਹਾਂ, ਕੀ ਇਹ ਠੀਕ ਹੈ?

– ਮੈਨੂੰ ਆਪਣੇ ਕੰਮ ਜਾਂ ਸੋਚ ਵਿੱਚ ਸੋਧ ਦੀ ਲੋੜ ਤਾਂ ਨਹੀਂ?

ਇਹ ਨਹੀਂ ਕਿ ਆਪਣੇ ਸੋਚ ਨੂੰ ਆਕੜ ਨਾਲ ਲਾਗੂ ਕਰਨਾ ਤੇ ਆਪਣੇ ਕੰਮ ਪ੍ਰਤੀ ਅੜੀਅਲ ਰਵਈਆ ਰਖਣਾ।

ਇਸ ਤਰ੍ਹਾਂ ਹੌਲੀ ਹੌਲੀ, ਇਸ ਨਿਰੰਤਰਤਾ ਦੇ ਸਦਕਾ :

– ਆਪਣੇ ਆਪ ਨੂੰ ਗਲਤ ਫੈਸਲੇ ਲੈਣ ਤੋਂ ਰੋਕਣਾ

– ਆਪਣੇ ਭਾਵੁਕਤਾ ਵਾਲੇ ਫੈਸਲਿਆਂ ਨੂੰ ਰੋਕਣਾ ਤੇ ਉਨ੍ਹਾਂ ਤੋਂ, ਆਪਣੀ ਕਾਰਜ ਪ੍ਰਣਾਲੀ ਤੋਂ ਪਿੱਛੇ ਹੱਟਣ ਦੀ ਹਿੰਮਤ ਪੈਦਾ ਕਰਨਾ।

– ਆਪਣੇ ਆਪ ਨੂੰ ਸਹੀ ਫੈਸਲੇ ਲੈਣ ਲਈ ਸਿਖਿਅਤ ਕਰਨਾ। ਇਸ ਤਰ੍ਹਾਂ ਇੰਨਾਂ ਨੂੰ ਆਪਣੇ ਅੰਦਰ ਢਾਲਣਾ ਕਿ ਇਹ ਤੁਹਾਡੀ ਜੀਵਨ ਜਾਂਚ ਦਾ ਹਿੱਸਾ ਬਣ ਜਾਵੇ।

– ਇਸ ਤਰ੍ਹਾਂ ਵਿਵੇਕਸ਼ੀਲਤਾ ਦੇ ਪੜਾਅ ਤੇ ਆ ਕੇ ਵਿਅਕਤੀ ਜੋ ਹਾਸਿਲ ਕਰਦਾ ਹੈ।

– ਕਿਸੇ ਵੀ ਸਮੱਸਿਆ ਦੇ ਹੱਲ ਲਈ ਜਾਂ ਕਿਸੇ ਫੈਸਲੇ ਲਈ ਕਈ ਤਰ੍ਹਾਂ ਦੀਆਂ ਧਾਰਨਾਵਾਂ ਤੇ ਸਥਿਤੀਆਂ ਨੂੰ ਸਾਹਮਣੇ ਰੱਖਣ ਦੀ ਤਾਕਤ ਮਹਿਸੂਸ ਕਰਦਾ ਹੈ।

– ਵਿਅਕਤੀ ਵਿੱਚ ਵਰਤਾਰਿਆਂ ਦਾ ਵਿਸ਼ਲੇਸ਼ਣ ਕਰਨ ਦੀ ਤਾਕਤ ਆਉਂਦੀ ਹੈ।

– ਵਿਸ਼ਲੇਸ਼ਣ ਮਗਰੋਂ, ਠੀਕ ਨੂੰ ਚੁਣਨ ਦੀ ਕਲਾ ਹਾਸਿਲ ਹੁੰਦੀ ਹੈ।

– ਆਪਣੇ ਠੀਕ ਫੈਸਲੇ ਦੇ ਹੱਕ ਵਿੱਚ ਆਪਣਾ ਪੱਖ ਰੱਖਣ ਦਾ ਹੁਨਰ ਮਿਲਦਾ ਹੈ।

– ਆਪਣੇ ਗਲਤ ਫੈਸਲਿਆਂ ਨੂੰ ਨਕਾਰਨ ਦਾ ਬਲ ਮਿਲਦਾ ਹੈ।

– ਆਪਣੀਆਂ ਭਾਵਨਾਵਾਂ ਅਤੇ ਬੁੱਧੀ ਵਿੱਚ ਇੱਕ ਤਾਲਮੇਲ ਅਤੇ ਸੰਤੁਲਨ ਬਣਾ ਕੇ ਰੱਖਣ ਲਈ ਸਮਝ ਪੈਦਾ ਹੁੰਦੀ ਹੈ।

(ਇਸ ਲੜੀ ਦਾ ਆਖਰੀ ਲੇਖ ਹੋਵੇਗਾ:
ਧਰਮ, ਰੱਬ ਅਤੇ ਵਿਵੇਕਸ਼ੀਲਤਾ)

98158–08506

ਇਕਾਈਆਂ ਨੂੰ ਸਹਾਇਤਾ

ਫਗਵਾੜਾ

ਸੁਰਿੰਦਰ ਪੱਦੀ ਜਗੀਰ, ਜਥੇਬੰਦਕ ਮੁਖੀ, ਫਗਵਾੜਾ

ਬੇਟੀ ਸ਼ੀਤਲ ਕੁਮਾਰੀ ਦੀ ਸ਼ਾਦੀ 'ਤੇ	1100
ਰਿਧਮਾਂ ਪੁੱਤਰੀ ਅਮਨਪ੍ਰੀਤ, ਕਾਲਾ ਬਾਹੀਆ	1000
ਰੋਪੜ : ਡਾ. ਹੇਮ ਕਿਰਨ	3000
ਭਦੌੜ : ਮਾਤਾ ਭਗਵਾਨ ਕੌਰ ਦੀ ਯਾਦ ਵਿੱਚ ਉਨ੍ਹਾਂ ਦੇ ਪੁੱਤਰਾਂ ਕੁੰਢਾ ਸਿੰਘ ਅਤੇ ਬਲਜਿੰਦਰ ਸਿੰਘ ਵੱਲੋਂ (ਰਾਹੀਂ ਹਰਵਿੰਦਰ ਕੌਰ ਐਲ.ਐਚ.ਵੀ.) ਛੰਨਾ ਗੁਲਾਬ ਸਿੰਘ (ਬਰਨਾਲਾ)	1100

ਆਓ ਜਾਦੂ ਸਿੱਖੀਏ


ਅੱਗ ਕਿਵੇਂ ਖਾਧੀ ਜਾਂਦੀ ਹੈ?

ਲੋੜੀਂਦੀ ਸਮੱਗਰੀ : ਇੱਕ ਵੱਡੇ ਆਕਾਰ ਦਾ ਕਫੂਰ ਦਾ ਟੁਕੜਾ, ਬਾਲਣ ਤੀਲਾਂ ਦੀ ਡੱਬੀ

ਪੇਸ਼ਕਾਰੀ : 1. ਕਫੂਰ ਦਾ ਟੁਕੜਾ ਆਪਣੀ ਹਥੇਲੀ 'ਤੇ ਰੱਖੋ। 2. ਇਸਨੂੰ ਤੀਲ ਬਾਲ ਕੇ ਜਲਾਓ। 3. ਦਰਸ਼ਕਾਂ ਸਾਹਮਣੇ ਜਲ ਰਹੇ ਕਫੂਰ ਵਾਲੀ ਹਥੇਲੀ ਨੂੰ ਹਿਲਾਉਂਦੇ ਰਹੋ। 4. ਹਿਲਾਉਂਦੇ ਸਮੇਂ ਕਫੂਰ ਨੂੰ ਇੱਕ ਹਥੇਲੀ ਤੋਂ ਦੂਜੀ ਹਥੇਲੀ 'ਤੇ ਬਦਲਦੇ ਰਹੋ। 5. ਚਾਰ-ਪੰਜ ਸੈਕਿੰਡਾਂ ਬਾਅਦ, ਜਲ ਰਿਹਾ ਕਫੂਰ ਆਪਣੇ ਮੂੰਹ ਵਿੱਚ ਸੁੱਟੋ, ਤੁਰੰਤ ਮੂੰਹ ਬੰਦ ਕਰੋ। ਮੂੰਹ ਬੰਦ ਕਰਕੇ ਸਾਹ ਬਾਹਰ ਕੱਢੋ। ਅੱਗ ਆਪਣੇ ਆਪ ਬੁਝ ਜਾਵੇਗੀ।

ਵਿਆਖਿਆ : ਤੁਸੀਂ ਜਲ ਰਿਹਾ ਕਫੂਰ 3 ਸੈਕਿੰਡ ਲਈ ਆਪਣੀ ਹਥੇਲੀ 'ਤੇ ਰੱਖ ਸਕਦੇ ਹੋ ਕਿਉਂਕਿ ਤਿੰਨ ਸੈਕਿੰਡ ਤੱਕ ਚਮੜੀ ਕੋਈ ਤਾਪ ਜਜਬ ਨਹੀਂ ਕਰਦੀ। ਇਸ ਲਈ ਤੁਹਾਨੂੰ ਜਲਣ ਮਹਿਸੂਸ ਨਹੀਂ ਹੋਵੇਗੀ। ਹੋਰ ਭੀ, ਕਾਫੂਰ 300°C ਤੇ ਬਲਦਾ ਹੈ, ਜਦਕਿ ਮਨੁੱਖੀ ਚਮੜੀ 3 ਸੈਕਿੰਡਾਂ ਲਈ 1200°C ਤਾਪ ਨਾਲ ਸਾਹਸ ਨਾਲ ਭਿੜ ਸਕਦੀ ਹੈ। ਜਲਦੇ ਕਾਫੂਰ ਨੂੰ ਮੂੰਹ ਵਿੱਚ ਪਾਉਣ ਤੇ, ਕਿਉਂਕਿ ਮੂੰਹ ਬੰਦ ਹੈ, ਇਸ ਨੂੰ ਬਲਣ ਲਈ ਆਕਸੀਜਨ ਨਹੀਂ ਮਿਲੇਗੀ। ਛੱਡੀ ਗਈ ਕਾਰਬਨ ਡਾਈਆਕਸਾਈਡ ਅੱਗ ਨੂੰ ਬੁਝਾ ਦੇਵੇਗੀ। ਹੋਰ ਭੀ, ਜੀਭ ਥੁੱਕ ਨਾਲ ਗਿੱਲੀ ਹੈ, ਇਸ ਲਈ ਕਾਫੂਰ ਦਾ ਜਲਣ ਜਾਰੀ ਨਹੀਂ ਰਹੇਗਾ।

ਸਾਵਧਾਨੀਆਂ : 1. ਬਲ ਰਹੇ ਕਫੂਰ ਨੂੰ ਮੂੰਹ ਵਿੱਚ ਪਾਉਣ ਤੋਂ ਪਹਿਲਾਂ ਜੀਭ ਨੂੰ ਥੁੱਕ ਨਾਲ ਗਿੱਲੀ ਕਰੋ। 2. ਲੰਬੇ ਸਮੇਂ ਤੱਕ ਜਲ ਰਹੇ ਕਾਫੂਰ ਨੂੰ ਆਪਣੀਆਂ ਹਥੇਲੀਆਂ ਤੇ ਨਾ ਘੁਮਾਓ। ਇਸਦੇ ਜਿਆਦਾ ਗਰਮ ਹੋਣ ਤੋਂ ਪਹਿਲਾਂ ਹੀ ਇਸਨੂੰ ਮੂੰਹ ਵਿੱਚ ਪਾ ਲਵੋ। 3. ਇਹ ਟ੍ਰਿਕ ਕਿਸੇ ਮਾਹਿਰ ਦੀ ਦੇਖ-ਰੇਖ ਹੇਠ ਹੀ ਕੀਤਾ ਜਾਣਾ ਚਾਹੀਦਾ ਹੈ।



ਕਿਹੜੇ ਦਿਨ....ਕੀ?

5 ਨਵੰਬਰ : ਇੰਡੀਅਨ ਰੈੱਡ ਕਰਾਸ ਸੁਸਾਇਟੀ ਦੀ ਸਥਾਪਨਾ (1920)
7 ਨਵੰਬਰ : ਮਹਾਨ ਰੂਸੀ ਇਨਕਲਾਬ (1917)
8 ਨਵੰਬਰ : ਐਕਸਰੇ ਦੀ ਖੋਜ (1896)
14 ਨਵੰਬਰ : ਬਾਲ ਦਿਵਸ
16 ਨਵੰਬਰ : ਕਰਤਾਰ ਸਿੰਘ ਸਰਾਭਾ ਨੂੰ ਫਾਂਸੀ (1915)
28 ਨਵੰਬਰ : ਜਨਮ ਦਿਨ ਫਰੈਡਰਿਕ ਏਂਗਲਜ (1820)
1 ਦਸੰਬਰ: ਵਿਸ਼ਵ ਏਡਜ਼ ਦਿਵਸ
2 ਦਸੰਬਰ : ਕੌਮੀ ਪ੍ਰਦੂਸ਼ਣ ਰੋਕੂ ਦਿਵਸ
3 ਦਸੰਬਰ : ਵਿਸ਼ਵ ਅਪਾਹਜ ਦਿਵਸ, ਭੋਪਾਲ ਗੈਸ ਦੁਖਾਂਤ (3000 ਲੋਕ ਮਰੇ) (1984)
9 ਦਸੰਬਰ : ਭ੍ਰਿਸ਼ਟਾਚਾਰ ਵਿਰੋਧੀ ਦਿਵਸ
10 ਦਸੰਬਰ : ਮਨੁੱਖੀ ਅਧਿਕਾਰ ਦਿਵਸ
14 ਦਸੰਬਰ : ਕੌਮੀ ਊਰਜਾ ਬਚਾਓ ਦਿਵਸ
17 ਦਸੰਬਰ : ਭਗਤ ਸਿੰਘ ਅਤੇ ਰਾਜਗੁਰੂ ਦੁਆਰਾ ਸਾਂਡਰਸ ਦਾ ਕਤਲ (1929)
19 ਦਸੰਬਰ : ਸ਼ਹੀਦ ਰਾਮ ਪ੍ਰਸਾਦ ਬਿਸਮਿਲ, ਅਸ਼ਫਾਕ ਉੱਲਾ, ਰੋਸ਼ਨ ਸਿੰਘ ਨੂੰ ਕਾਕੋਰੀ ਕਾਂਡ ਵਿੱਚ ਫਾਂਸੀ (1927)
22 ਦਸੰਬਰ : ਭਾਰਤੀ ਗਣਿਤਦਾਨ ਰਾਮਾਨੁਜਨ ਦਾ ਜਨਮ (1887)
26 ਦਸੰਬਰ : ਜਨਮ (ਸ਼ਹੀਦ ਊਧਮ ਸਿੰਘ) (1899)
26 ਦਸੰਬਰ : ਜਨਮ (ਮਹਾਨ ਇਨਕਲਾਬੀ ਮਾਓ-ਜੇ-ਤੁੰਗ) (1893)


ਛਲਕਦੇ ਹੰਝੂਆਂ ਨੂੰ ਅੰਗਿਆਰ ਬਣਾ ਲੈ,
ਜਵਾਲਾਮੁਖੀ ਵੈਰੀ ਲਈ ਲਲਕਾਰ ਬਣਾ ਲੈ।
ਹੁਣ ਵਕਤ ਅਵਾਜਾਂ ਮਾਰ ਰਿਹਾ,
ਕਲਮ ਨੂੰ ਤੇਜ ਕਟਾਰ ਬਣਾ ਲੈ।

ਗੁਰਦਿਤ ਸਿੰਘ ਕੋਠਾ ਗੁਰੂ
88148-20823

ਪਿਛਲੇ ਅੰਕ ਤੋਂ ਅੱਗੇ

ਲੜੀਵਾਰ ਪੁਸਤਕ

ਭੱਜੋ ਨਾ, ਦੁਨੀਆਂ ਨੂੰ ਬਦਲੋ



ਰਾਹੁਲ ਸਾਂਕ੍ਰਿਤਆਇਨ

ਭਰਾ : ਹਿੰਦੁਸਤਾਨ ਤੋਂ ਜੋ ਧਨ ਲੁੱਟਿਆ ਜਾਂਦਾ ਸੀ, ਉਸ ਵਿੱਚ ਕੱਪੜੇ ਦਾ ਵੀ ਬਹੁਤ ਹਿੱਸਾ ਹੁੰਦਾ ਸੀ। ਵਿਲਾਇਤ ਦੇ ਕੁੱਝ ਵਪਾਰੀਆਂ ਨੇ ਸੋਚਿਆ ਕਿ ਜੇ ਅਸੀਂ ਹਿੰਦੁਸਤਾਨ ਤੋਂ ਵੀ ਸਸਤਾ ਤੇ ਚੰਗਾ ਕੱਪੜਾ ਦੇ ਸਕੇ ਤਾਂ ਉਲਟੀ ਗੰਗਾ ਵਹਾ ਦੇਵਾਂਗੇ।

ਸੰਤੋਖੀ: ਕੱਪੜੇ ਦੇ ਘਰ ਵਿੱਚ, ਕੱਪੜਾ ਬਣਾ ਕੇ ਭੇਜਾਂਗੇ।

ਭਰਾ: ਇੰਨ੍ਹਾਂ ਹੀ ਨਹੀਂ, ਘਰ ਦੀ ਰੂੰ ਲੈ ਕੇ, ਕਿਉਂਕਿ ਵਿਲਾਇਤ ਵਿੱਚ ਕਪਾਹ ਪੈਦਾ ਨਹੀਂ ਸੀ ਹੁੰਦੀ, ਵਿਚਾਰ ਕਰਨ ਵਾਲਿਆਂ ਨੇ ਬੁੱਧੀ ਲੜਾਉਣੀ ਸ਼ੁਰੂ ਕੀਤੀ। ਅਠਾਰਵੀਂ ਸਦੀ ਦੇ ਅੰਤ 'ਤੇ ਭਾਫ ਦੇ ਇੰਜਣ ਦਾ ਪਤਾ ਲਗ ਗਿਆ ਤੇ ਕੱਪੜੇ ਬੁਨਣ ਦੇ ਕਾਰਖਾਨੇ ਭਾਫ ਨਾਲ ਚਲਾਏ ਜਾਣ ਲੱਗੇ। ਮਸ਼ੀਨ ਦੀ ਬਣੀ ਚੀਜ਼ ਹੱਥ ਦੀ ਬਣੀ ਚੀਜ਼ ਨਾਲੋਂ ਸਸਤੀ ਹੁੰਦੀ ਐ।

ਦੁਖਰਾਮ: ਇਹ ਕਿਉਂ ਹੁੰਦਾ ਐ। ਅਸੀਂ ਦੇਖਦੇ ਹਾਂ ਕਿ ਮਿਲ ਦੀ ਬਣੀ ਚੀਜ਼ ਦੇਖਣ ਵਿੱਚ ਬੁਰੀ ਨਹੀਂ ਹੁੰਦੀ, ਮਜਬੂਤ ਵੀ ਹੁੰਦੀ ਐ, ਫੇਰ ਸਸਤੀ ਕਿਉਂ ਹੁੰਦੀ ਐ?

ਭਰਾ: ਆਦਮੀ ਦੀ ਮਿਹਨਤ ਜਿੰਨੀ ਲੱਗਦੀ ਐ, ਚੀਜ਼ ਦਾ ਭਾਅ ਵੀ ਉਨ੍ਹਾਂ ਹੀ ਹੁੰਦਾ। ਸੰਘਣਾ ਕੱਪੜਾ ਸਸਤਾ ਹੁੰਦਾ ਐ ਤੇ ਬਨਾਰਸੀ ਕਿਮਖਾਬ ਬਹੁਤ ਮਹਿੰਗਾ, ਕਿਉਂਕਿ ਸੰਘਣੇ ਵਿੱਚ ਆਦਮੀ ਦੀ ਮਿਹਨਤ ਨਹੀਂ ਲੱਗਦੀ ਜਿੰਨ੍ਹਾਂ ਕਿ ਕਿਮਖਾਬ ਵਿੱਚ। ਹੁਣ ਹੱਥ-ਖੱਡੀ ਤੇ ਪੁਰਾਣੇ ਢੰਗ ਨਾਲ ਕੱਪੜਾ ਬੁਨਣ ਵਿੱਚ ਇੱਕ ਆਦਮੀ ਪੰਜ ਗਜ ਤੋਂ ਜਿਆਦਾ ਕੱਪੜਾ ਨਹੀਂ ਬੁਣ ਸਕਦਾ ਤੇ ਉਹ ਹੀ ਹੱਥ ਸਵਾ ਹੱਥ ਅਰਜ ਦਾ। ਕੱਪੜੇ ਦੀ ਮਿਲ ਵਿੱਚ ਇੱਕ ਆਦਮੀ ਦੋ ਤੋਂ ਚਾਰ ਖੱਡੀਆਂ ਸੰਭਾਲ ਸਕਦੈ।

ਦੁਖਰਾਮ: ਹਾਂ ਭਰਾ, ਉਸ ਵਿੱਚ ਹੱਥ ਨਾਲ ਸ਼ਟਲ ਥੋੜਾ ਈ ਚਲਾਉਣੀ ਪੈਂਦੀ ਐ। ਸਾਰਾ ਕੁੱਝ ਆਪਣੇ ਆਪ ਹੁੰਦਾ ਹੈ, ਕਿਤੇ ਸੂਤ ਟੁਟ ਗਿਆ ਤਾਂ ਉਸਨੂੰ ਜੋੜ ਦੇਣਾ ਪੈਂਦਾ।

ਭਰਾ: ਬੁਨਾਈ ਕਿਨੀਂ ਤੇਜੀ ਨਾਲ ਹੁੰਦੀ ਐ? ਇਕ ਦਿਨ ਵਿੱਚ ਇੱਕ ਆਦਮੀ ਖੱਡੀਆਂ ਮੁਤਾਬਿਕ ਸੌ, ਡੇਢ ਸੌ, ਦੋ ਸੌ ਗਜ ਤੱਕ ਕੱਪੜਾ ਬੁਨ ਸਕਦਾ ਐ। 100 ਗਜ ਲੈਣ ਤੇ ਵੀ ਹੱਥ ਦੀ ਖੱਡੀ ਤੋਂ ਜਿਨਾਂ ਕੰਮ 10 ਆਦਮੀ ਕਰਨਗੇ, ਮਸ਼ੀਨ ਤੇ ਉਨੇ ਕੰਮ ਲਈ ਸਿਰਫ ਇਕ ਆਦਮੀ ਚਾਹੀਦਾ। ਹੁਣ ਤੁਸੀਂ ਦੱਸੋ 10 ਆਦਮੀ ਦੀ ਮਿਹਨਤ ਨਾਲ ਬਣਿਆ ਕੱਪੜਾ ਸਸਤਾ ਹੋਊ ਜਾਂ ਇੱਕ ਆਦਮੀ ਦੀ ਮਿਹਨਤ ਨਾਲ ਬਣਿਆ ਓਨਾ ਹੀ ਕੱਪੜਾ।

ਸੰਤੋਖੀ: ਇਕ ਆਦਮੀ ਦੀ ਮਿਹਨਤ ਵਾਲਾ ਭਰਾ। ਕਿਉਂਕਿ ਉਸਦੀ ਮਜਦੂਰੀ ਘੱਟ ਦੇਣੀ ਪਏਗੀ।

ਭਰਾ: ਪੁਰਜਿਆਂ ਵਾਲੇ ਕਾਰਖਾਨੇ ਨੇ ਹੱਥ ਦੇ ਕਾਰੀਗਰ ਤਬਾਹ ਕਰ ਦਿੱਤੇ, ਇਸ ਲਈ ਮਸ਼ੀਨ ਲਾਉਣ ਨਾਲ ਥੋੜਾ ਈ ਆਦਮੀ ਜਿਆਦਾ ਕੰਮ ਕਰ ਸਕਦਾ। ਕੁਝ ਦਿਨ ਪਹਿਲਾਂ ਜਾਣਦੇ ਹੋ ਨਾ, ਖੰਡ ਅਤੇ ਗੁੜ ਇੱਕੋ ਈ ਭਾਅ ਵਿਕਦੇ ਰਹੇ ਸੀ। ਉਹ ਇਸ ਲਈ ਕਿ ਮਿਲਾਂ ਵਿੱਚ ਖੰਡ ਬਣਾਉਣ ਵਿੱਚ ਬਹੁਤ ਘੱਟ ਆਦਮੀ ਲਗਦੇ ਐਂ। ਦੇਖਿਆ ਨਹੀਂ, ਇਕ ਪਾਸੇ ਭਰੀਆਂ ਦੀਆਂ ਭਰੀਆਂ ਗੰਨਾਂ ਖਿਚੀ ਜਾ ਰਹੀ ਐ ਤੇ ਪੰਚੀਆਂ ਪੁਰਜਿਆਂ ਵਿੱਚ ਹੁੰਦੇ ਦੂਜੇ ਪਾਸੇ ਤੋਂ ਦਾਣੇਦਾਰ ਖੰਡ ਬੋਰੀਆਂ ਵਿੱਚ ਬੰਦ ਹੁੰਦੀ ਜਾ ਰਹੀ ਐ।

ਦੁਖਰਾਮ: ਮਸ਼ੀਨ ਨਾਲ ਭਰਾ, ਇਹ ਚੀਜ਼ ਬਹੁਤ ਸਸਤੀ ਤਿਆਰ ਹੁੰਦੀ ਐ, ਇਹ ਤਾਂ ਆਪਾਂ ਰੋਜ ਦੇਖਦੇ ਆਂ।

ਭਰਾ: ਸਸਤੀ ਹੀ ਨਹੀਂ ਦੁਖ ਭਰਾ। ਉਹ ਇੰਨੀਂ ਜਿਆਦਾ ਹੁੰਦੀ ਐ ਕਿ ਜੇ ਮਿਲ ਵਾਲਿਆਂ ਨੂੰ ਸਸਤੀ ਪੈ ਜਾਣ ਤੇ, ਜੇ ਘਾਟਾ ਹੋਣ ਦਾ ਡਰ ਨਾ ਹੁੰਦਾ, ਤਾਂ ਥੋੜੇ ਈ ਜੋਰ ਲਾਉਣ 'ਤੇ ਆਦਮੀ ਪਿੱਛੇ ਇਕ ਮਣ ਖੰਡ ਹਰ ਸਾਲ ਹਿੰਦੁਸਤਾਨ ਵਿੱਚ ਵੰਡੀ ਜਾ ਸਕਦੀ ਐ। ਮਸ਼ੀਨ ਨੇ ਆਦਮੀ ਨੂੰ ਖਾਣ, ਪਹਿਨਣ, ਰਹਿਣ ਦੀਆਂ ਚੀਜ਼ਾਂ ਨੂੰ

ਇੰਨਾ ਜਿਆਦਾ ਕਰ ਦਿੱਤਾ ਕਿ ਜੇ ਜੋਂਕਾਂ ਅੜਿਕਾਂ ਨਾ ਡਾਉਣ, ਤਾਂ ਦੁਨੀਆਂ ਵਿੱਚ ਇੱਕ ਵੀ ਆਦਮੀ ਭੁੱਖਾ-ਨੰਗਾ ਨਹੀਂ ਰਹਿ ਸਕਦਾ, ਪਰ ਇਹ ਗੱਲ ਅਸੀਂ ਅੱਗੇ ਤੋਰਾਂਗੇ, ਦੁਖ ਭਰਾ। ਅਜੇ ਤਾਂ ਮੈਂ ਇਹੀ ਦੱਸ ਰਿਹਾ ਸੀ ਕਿ ਸਭ ਤੋਂ ਵੱਡੀ ਜੋਂਕ ਕਿਵੇਂ ਪੈਦਾ ਹੋਈ। ਜਦੋਂ ਮਸ਼ੀਨਾਂ ਨੂੰ ਦਿਮਾਗ ਵਾਲਿਆਂ ਨੇ ਸੋਚ ਕੇ ਬਣਾਇਆ, ਤਾਂ ਵਪਾਰੀ ਤੁਰੰਤ ਦੌੜ ਪਏ। ਉਹਨਾਂ ਨੇ ਸੋਚਿਆ ਕਿ ਹੁਣ ਬੁਣਾਈ, ਜੁਲਾਹੇ, ਲੁਹਾਰ ਦੇ ਪਿੱਛੇ ਭੱਜਣ ਦੀ ਸਾਨੂੰ ਕੋਈ ਲੋੜ ਨਹੀਂ, ਅਸੀਂ ਰੂੰ ਖਰੀਦ ਕੇ ਕਾਰਖਾਨੇ ਵਿੱਚ ਆਵਾਂਗੇ ਤੇ ਮਸ਼ੀਨ ਉਸਦਾ ਸੂਤ ਕੱਤ ਕੇ ਕੱਪੜਾ ਬਣਾ ਦੇਵੇਗੀ। ਇਸ ਸਮੇਂ ਰੇਲਗੱਡੀ ਤੇ ਜਹਾਜ ਵਾਲੇ ਇੰਜਣ ਵੀ ਬਣ ਗਏ, ਇਸ ਲਈ ਇੱਕ ਥਾਂ ਤੋਂ ਦੂਜੀ ਥਾਂ ਭੇਜਣਾ ਵੀ ਸਸਤਾ ਹੋ ਗਿਆ। ਵਪਾਰੀਆਂ ਕੋਲ ਕਰੋੜਾਂ ਦੀ ਪੂੰਜੀ ਸੀ, ਉਨਾਂ ਨੇ ਦਿਮਾਗ ਵਾਲਿਆਂ ਦੀ ਸੋਚੀ ਚੀਜ਼ ਨੂੰ ਤੁਰੰਤ ਲੈ ਲਿਆ, ਤੇ ਸਾਰੇ ਤਰ੍ਹਾਂ ਦੇ ਲੱਖਾਂ ਕਾਰਖਾਨੇ ਖੋਲ੍ਹ ਦਿੱਤੇ। ਹੁਣ ਨਫੇ ਦਾ ਕੋਈ ਟਿਕਾਣਾ ਨਹੀਂ ਸੀ। ਕਿਸਾਨ ਤੋਂ ਰੂੰ ਖਰੀਦੇ, ਉਸਤੋਂ ਵੀ ਕਾਰਖਾਨੇ ਵਾਲੇ ਨੂੰ ਨਫਾ, ਗੱਡੀ ਤੇ ਜੋ ਭੇਜਦੇ ਐ, ਰੇਲ ਵੀ ਕਾਰਖਾਨੇ ਵਾਲਿਆਂ ਦੀ ਐ, ਉਸਨੂੰ ਵੀ ਨਫਾ। ਜਹਾਜ 'ਤੇ ਸਮਾਨ ਵਿਲਾਇਤ ਭੇਜਣਾ, ਉਸਦਾ ਕਿਰਾਇਆ ਲਗਦਾ ਐ; ਜਹਾਜ ਵੀ ਕਾਰਖਾਨੇ ਵਾਲਿਆਂ ਦਾ, ਫੇਰ ਕੱਪੜੇ ਦੀ ਮਿਲ ਵੀ ਕਾਰਖਾਨੇ ਵਾਲਿਆਂ ਦੀ, ਉਸਦਾ ਵੀ ਨਫਾ ਐ ਉਹਨਾਂ ਨੂੰ। ਉਸਦੇ ਬਾਅਦ ਕੱਪੜਾ ਹਿੰਦੁਸਤਾਨ ਨੂੰ ਮੁੜਦਾ ਐ, ਉੱਥੇ ਵੀ ਹਰ ਜਹਾਜ ਤੇ ਰੇਲ ਵਿੱਚ ਹਰ ਥਾਂ ਪੂੰਜੀਪਤੀ ਦਾ ਨਫਾ ਧਰਿਆ ਹੋਇਆ ਐ। ਪੁਰਾਣੇ ਵਪਾਰੀ ਇੰਨਾਂ ਨਫਾ ਨਹੀਂ ਕਮਾ ਸਕਦੇ ਸੀ ਕਿਉਂਕਿ ਉਹ ਸਿਰਫ ਤਿਆਰ ਮਾਲ ਨੂੰ ਇੱਕ ਥਾਂ ਤੋਂ ਦੂਜੀ ਥਾਂ ਭੇਜਦੇ ਤੇ ਅੱਜ ਦੇ ਇਹ ਪੂੰਜੀਪਤੀ ਕੱਚੀ ਰੂੰ ਨੂੰ ਹੱਥ ਲਾਉਣ ਤੋਂ ਲੈ ਕੇ ਪੈਰ-ਪੈਰ ਤੇ ਨਫਾ ਕਮਾਉਂਦੇ ਐਂ।

ਸੰਤੋਖੀ: ਇਹ ਠੀਕ ਕਿਹਾ ਭਰਾ! ਆਪਾਂ ਲੋਕ ਰੁਪਏ ਪਿੱਛੇ ਪੈਸਾ ਦੋ ਪੈਸੇ ਬਹੁਤ ਸਮਝਦੇ ਆਂ ਤੇ ਇਹ ਤਾਂ ਬਾਰਾਂ ਆਨੇ ਦੀ ਕਪਾਹ 'ਚੋਂ ਵੀਹ ਰੁਪਏ ਦੀ ਧੋਤੀ ਵੇਚਦੇ ਐ, ਫੇਰ ਇਹਨਾਂ ਦੇ ਨਫਾ ਦੀ ਕੀ ਪੁੱਛਣਾ।

ਭਰਾ: ਵਿਲਾਇਤ ਵਾਲੇ ਪੂੰਜੀਪਤੀ...

ਦੁਖਰਾਮ: ਪੂੰਜੀਪਤੀ ਕੀ ਐ, ਇਹ ਚੰਗੀ ਤਰ੍ਹਾਂ ਸਮਝਾ ਭਰਾ?

ਭਰਾ: ਪੂੰਜੀ ਤਾਂ ਸਮਝਦੇ ਹੋ, ਦੁਖ ਭਰਾ?

ਦੁਖਰਾਮ: ਰੁਪਏ-ਪੈਸੇ, ਜਮਾ-ਪੂੰਜੀ ਇਹੀ ਨਾ ਭਰਾ?

ਭਰਾ: ਹਾਂ ਇਹੀ ਰੁਪਏ-ਪੈਸੇ, ਪਰ ਰੁਪਇਆਂ-ਪੈਸਾ ਕਾਰਖਾਨੇ ਵਿੱਚ ਲੱਗਿਆ, ਜਿਸਦੇ ਕਾਰਨ ਪੂੰਜੀ ਵਾਲਾ ਬਾਰਾਂ ਆਨੇ ਦੀ ਕਪਾਹ ਨੂੰ ਵੀਹ ਰੁਪਇਆਂ ਵਿੱਚ ਵੇਚਦਾ, ਉਸਨੂੰ ਪੂੰਜੀ ਕਹਿੰਦੇ ਐ। ਤੇ ਜੋ ਆਪਣੀ ਪੂੰਜੀ ਨਾਲ ਇੰਨਾਂ ਕਾਰਖਾਨਿਆਂ ਨੂੰ ਖੜਾ ਕਰਦੇ ਨੇ, ਉਹਨਾਂ ਨੂੰ ਈ ਕਹਿੰਦੇ ਨੇ, ਪੂੰਜੀਪਤੀ। ਪੂੰਜੀਪਤੀਆਂ ਦੇ ਨਫੇ ਦੇ ਸਾਹਮਣੇ ਵਪਾਰੀਆਂ ਦਾ ਨਫਾ ਕੁੱਝ ਨਹੀਂ।

ਸੰਤੋਖੀ: ਠੀਕ ਕਿਹਾ ਭਰਾ! ਜੋ ਮਾਰਵਾੜੀ ਸੇਠ ਖਾਲੀ ਵਪਾਰ ਕਰਦੇ ਸੀ, ਹੁਣ ਉਹ ਸਾਰੇ ਆਪਣੀਆਂ ਖੰਡ, ਸੀਮਿੰਟ, ਕਾਗਜ਼ ਮਿਲਾਂ ਖੋਲੀ ਜਾਂਦੇ ਐ। ਹੁਣ ਉਹਨਾਂ ਦਾ ਧਿਆਨ ਕੋਈ ਦੂਜੇ ਪਾਸੇ ਜਾਂਦਾ ਈ ਨੀਂ।

ਭਰਾ: ਬਿਰਲਾ, ਡਾਲਮੀਆ, ਸਿੰਧਾਨਿਆਂ ਇਕ ਹੀ ਪੀੜ੍ਹੀ ਪਹਿਲਾਂ ਖਾਲੀ ਵਪਾਰੀ ਸੀ, ਦੂਜੇ ਕਾਰਖਾਨਿਆਂ ਦਾ ਮਾਲ ਖਰੀਦ ਕੇ ਵੇਚਦੇ ਸੀ, ਥੋੜਾ-ਮੋਟਾ ਉਹਨਾਂ ਨੂੰ ਵੀ ਨਫਾ ਮਿਲ ਜਾਂਦਾ ਸੀ। ਪਰ ਹੁਣ ਦੇਖ ਰਹੇ ਹੋ ਨਾ? ਬਿਰਲੇ ਦੀਆਂ ਕਿੰਨੀਆਂ ਈ ਖੰਡ ਮਿਲਾਂ, ਕਪੜਾ ਤੇ ਪਟਸਨ ਮਿਲਾਂ, ਹਿੰਦ ਬਾਇਸਾਇਕਲ ਕਾਰਖਾਨਾ ਤੇ ਮੋਟਰ ਦਾ ਵੀ ਕਾਰਖਾਨਾ ਐ। ਪੂੰਜੀਪਤੀ ਦੇ ਨਫੇ ਦੇ ਸਾਹਮਣੇ ਵਪਾਰੀ ਦਾ ਨਫਾ ਕੁੱਝ ਵੀ ਨਹੀਂ, ਐ ਦੁਖ ਭਰਾ।

ਦੁਖਰਾਮ: ਮੈਂ ਤਾਂ ਇੱਕ ਈ ਗੱਲ ਪੱਲੇ ਬੰਨ੍ਹ ਲਈ ਐ। ਜੋ ਬਾਰਾਂ ਆਨੇ ਦੀ ਕਪਾਹ ਨੂੰ ਲੈ ਕੇ ਉਸਨੂੰ ਵੀਹ ਰੁਪਏ ਦੀ ਧੋਤੀ ਬਣਾ ਸਕਦੈ, ਉਸਦੇ ਨਫੇ ਬਾਰੇ ਕੀ ਕਹਿਣਾ।

ਭਰਾ: ਵਿਲਾਇਤ ਵਾਲੇ ਪੂੰਜੀਪਤੀ ਦੁਨੀਆਂ ਭਰ ਦੇ ਧਨ ਨੂੰ ਲੁੱਟ ਕੇ ਢੇਰ ਲਾ ਰਹੇ ਸੀ, ਇਸਨੂੰ ਦੇਖ ਕੇ ਦੂਜੇ ਦੇਸ਼ਾਂ ਵਾਲੇ ਕਿਵੇਂ ਚੁੱਪ ਰਹਿੰਦੇ? ਫਰਾਂਸ ਨੇ ਵੀ ਕਾਰਖਾਨੇ ਖੋਲੇ, ਅਮਰੀਕਾ ਨੇ ਵੀ ਕਾਰਖਾਨੇ ਖੋਲੇ, ਰੂਸ ਨੇ ਵੀ ਕਾਰਖਾਨੇ ਖੋਲੇ?

ਸੰਤੋਖੀ: ਜਾਪਾਨ ਨੇ ਵੀ ਕਾਰਖਾਨੇ ਖੋਲ੍ਹੇ?

ਭਰਾ: ਹਾਂ, ਜਾਪਾਨ ਨੇ ਵੀ ਖੋਲੇ ਪਰ ਅਜੇ ਅਸੀਂ ਜੋ ਸਮਝਣੈ, ਉਸ ਵਿੱਚ ਜਾਪਾਨ ਦਾ ਉਨ੍ਹਾ ਕੰਮ ਨਹੀਂ। ਵਿਲਾਇਤ ਨੇ ਕਾਰਖਾਨੇ ਖੋਲੇ ਸੀ। ਪਹਿਲਾਂ ਤਾਂ ਦੁਨੀਆਂ ਵਿੱਚ ਹੋਰ ਕਿਸੇ ਦੇਸ਼ ਵਿੱਚ ਕਾਰਖਾਨਾ ਖੋਲਿਆ ਨਹੀਂ ਸੀ, ਇਸ ਲਈ ਚਾਰੇ ਮੁਲਕ ਜਗੀਰੀ ਵਿੱਚ ਉਸਦੇ ਸੀ? ਪਰ ਜਦੋਂ ਫਰਾਂਸ ਨੇ ਕਾਰਖਾਨਾ ਖੋਲਿਆ ਤਾਂ ਦੁਨੀਆਂ ਵਿੱਚ ਜਿਹੜੇ-ਜਿਹੜੇ ਮੁਲਕਾਂ ਨੂੰ ਫਰਾਂਸੀਸੀਆਂ ਨੇ ਆਪਣੇ ਗੁਲਾਮ ਬਣਾਇਆ ਸੀ, ਉਥੇ ਫਰਾਂਸ ਦੇ ਕਾਰਖਾਨੇ ਦਾ ਮਾਲ ਵਿਕ ਸਕਦਾ ਸੀ। ਅਮਰੀਕਾ ਕੋਲ ਆਪਣਾ ਹੀ ਬਹੁਤ ਮੁਲਕ ਐ, ਇਸ ਲਈ ਕਿੰਨੇਂ ਈ ਸਾਲ ਤਕ ਮਾਲ ਵੇਚਣ ਲਈ ਉਸਨੂੰ ਗ੍ਰਾਹਕ ਲੱਭਣ ਦੀ ਲੋੜ ਨਹੀਂ ਸੀ। ਜਰਮਨੀ ਲਈ ਆਫਤ ਸੀ। ਉਹ ਸਭ ਤੋਂ ਪਿੱਛੋਂ ਕਾਰਖਾਨੇ ਖੋਲਣ ਲੱਗਾ, ਪਰ ਆਪਣੀ ਵਿਦਿਆ ਬੁੱਧੀ ਨਾਲ ਉਹ ਤੇਜੀ ਨਾਲ ਵਧਿਆ। ਮਾਲ ਟਨਾਂ ਦੇ ਟਨ ਜਮਾ ਹੋ ਗਿਆ, ਵੇਚਣ ਲਈ ਦੁਨੀਆਂ ਵਿੱਚ ਜਿੱਥੇ ਵੀ ਜਾਂਦੇ, ਜਵਾਬ ਮਿਲਦਾ - ਹਟੋ-ਹਟੋ ਇਥੇ ਸਾਡਾ ਰਾਜ ਐ। ਅਫਰੀਕਾ ਵਿੱਚ ਜਾਂਦੇ ਤਾਂ ਇਹੀ ਗੱਲ, ਹਿੰਦੁਸਤਾਨ ਵਿੱਚ ਆਉਂਦੇ ਤਾਂ ਇਹੀ ਗੱਲ। ਹੁਣ ਤੁਸੀਂ ਈ ਦੱਸੋ, ਜੋ ਚੁੱਪ ਹੋ ਜਾਏ ਤਾਂ ਉਸਦਾ ਕੀ ਮਤਲਬ ਹੋਵੇਗਾ?

ਸੰਤੋਖੀ: ਕਾਰਖਾਨੇ ਬੰਦ ਹੋ ਜਾਣ ਤਾਂ ਪੂੰਜੀਪਤੀਆਂ ਦਾ ਦਿਵਾਲਾ ਨਿਕਲ ਜਾਏਗਾ ਹੋਰ ਕੀ ਹੋਊ?

ਭਰਾ: ਤਾਂ ਇਹ ਸਮਝੋ ਕਿ ਹੁਣ ਦੁਨੀਆਂ ਵਿੱਚ ਰਾਜਿਆਂ ਦਾ ਰਾਜ ਨਹੀਂ ਐ?

ਦੁਖਰਾਮ: ਕਿਉਂ ਭਰਾ, ਰਾਜਿਆਂ ਦਾ ਰਾਜ ਨੀਂ ਐ ਤਾਂ ਕਿਸ ਦਾ ਰਾਜ ਐ?

ਭਰਾ: ਪੂੰਜੀਪਤੀਆਂ ਦਾ ਰਾਜ ਐ, ਕਾਰਖਾਨੇ ਵਾਲੇ ਕਰੋੜਪਤੀਆਂ ਦਾ ਰਾਜ ਐ। ਅੱਜ ਤੋਂ ਤਿੰਨ ਸੌ ਸਾਲ ਪਹਿਲਾਂ (30 ਜਨਵਰੀ 1649 ਈ.) ਨੂੰ ਵਿਲਾਇਤ ਦੇ ਵਪਾਰੀਆਂ ਨੇ ਆਪਣੇ ਰਾਜੇ ਚਾਰਲਸ ਦਾ ਸਿਰ ਕੁਹਾੜੇ ਨਾਲ ਵੱਢ ਦਿੱਤਾ ਸੀ। ਉਸੇ ਦਿਨ ਤੋ. ਰਾਜ ਵਪਾਰੀਆਂ ਦੇ ਹੱਥ ਵਿੱਚ ਚਲਾ ਗਿਆ, ਪਰ ਕਾਰਖਾਨਿਆਂ ਦੇ ਖੁੱਲਣ ਤੇ ਪੂੰਜੀਪਤੀਆਂ ਦੇ ਪੈਦਾ ਹੋਣ ਵਿੱਚ ਅਜੇ ਡੇਢ ਸੌ ਸਾਲ ਹੋਰ ਲੱਗਣ ਵਾਲਾ ਸੀ, ਵਪਾਰੀਆਂ ਚੋਂ ਹੀ ਪੂੰਜੀਪਤੀ ਪੈਦਾ ਹੋਏ ਤੇ ਪੂੰਜੀਪਤੀਆਂ ਨੂੰ ਸਿਰ ਵੱਢਣ ਨਾਲ ਤਸੱਲੀ ਨਹੀਂ ਹੋ ਸਕਦੀ, ਬਲਕਿ ਉਹ ਸਿਰ ਵੱਢਣ ਨੂੰ ਨੁਕਸਾਨ ਦੀ ਗੱਲ ਸਮਝਣ ਲੱਗੇ।

ਦੁਖਰਾਮ: ਨੁਕਸਾਨ ਦੀ ਗੱਲ ਕਿਉਂ ਮੰਨਣ ਲੱਗੇ?

ਭਰਾ: ਜੋਂਕ ਹੈ ਨਾ। ਜੋਂਕਾਂ ਨੂੰ ਬਹੁਤ ਪਰਦੇ ਦੀ ਲੋੜ ਹੁੰਦੀ ਐ, ਰਾਜੇ ਦੇ ਕਹਿਣ ਤੇ ਖੂਬ ਵੱਡੇ-ਵੱਡੇ ਦਰਬਾਰ ਲੱਗਣਗੇ, ਝੰਡਾ ਮਾਰਚ ਹੋਵੇਗਾ, ਸ਼ਹਿਰ ਸਜਾਏ ਜਾਣਗੇ, ਹੀਰੇ-ਪੰਨੇ ਜੜੇ ਮੁਕਟਾਂ ਨੂੰ ਦਿਖਾ ਕੇ ਲੋਕਾਂ ਦੀਆਂ ਅੱਖਾਂ ਚੌਂਧਾਈਆਂ ਜਾਣਗੀਆਂ, ਰਾਜ-ਪ੍ਰੋਹਿਤ ਭਗਵਾਨ ਦੇ ਨਾਂ ਨਾਲ ਉਸਦੇ ਸਿਰ ਤੇ ਮੁਕਟ ਰੱਖਣਗੇ ਤੇ ਅਣਬੂਝ ਕਾਮਿਆਂ ਦੀਆਂ ਅੱਖਾਂ ਵਿੱਚ ਧੂੜ ਝੋਕ ਕੇ ਦੱਸਿਆ ਜਾਏਗਾ ਕਿ ਇੱਥੇ ਕੋਈ ਜੋਂਕ ਨਹੀਂ ਐ, ਇਹ ਸਾਰਾ ਕੁਝ ਭਗਵਾਨ ਦੀ ਦਿਆ-ਮਾਇਆ ਐ।

ਸੰਤੋਖੀ: ਪੂੰਜੀਪਤੀਆਂ ਨੇ ਮਿੱਟੀ ਦੀ ਮੂਰਤ ਬਣਾ ਕੇ ਰੱਖਣੀ ਚਾਹੀ।

ਭਰਾ: ਹਾਂ, ਦੇਖਿਆ ਨਹੀਂ ਅੱਠਵੇਂ ਏਡਵਰਡ ਨੂੰ ਕਿਸ ਨੇ ਕੱਢਿਆ? ਇਹ ਵਾਲਡਵਿਨ ਸੀ ਵਾਲਡਵਿਨ।

ਸੰਤੋਖੀ: ਵਾਲਡਵਿਨ ਕੌਣ ਸੀ ਭਰਾ?

ਭਰਾ: ਵਾਲਡਵਿਨ ਇੰਗਲੈਂਡ ਦਾ ਮਹਾਂਮੰਤਰੀ ਸੀ। ਪਰ ਉਸਤੋਂ ਵੀ ਵੱਧ ਕੇ ਉਥੇ ਸੀ ਗੇਸਟ, ਕੀਨ ਆਦਿ ਵੱਡੀਆਂ-ਵੱਡੀਆਂ ਕੰਪਨੀਆਂ ਦੇ ਕਰੋੜਪਤੀ, ਪੂੰਜੀਪਤੀ।

ਦੁਖਰਾਮ: ਫੇਰ ਤਾਂ ਭਰਾ ਰਾਜਾ ਕੋਈ ਹੋਵੇ, ਵਿਲਾਇਤ ਦੇ ਅਸਲੀ ਰਾਜੇ ਤਾਂ ਇਹੀ ਪੂੰਜੀਪਤੀ ਐਂ।

ਸੰਤੋਖੀ: ਤੇ ਉਸ ਵੇਲੇ ਦੇ ਹਿੰਦੁਸਤਾਨ ਦੇ ਅਸਲੀ ਰਾਜੇ?

ਭਰਾ: ਜਦੋਂ ਵਿਲਾਇਤ ਦੇ ਰਾਜੇ ਨੂੰ ਈ ਉਹਨਾਂ ਨੇ ਗੁੱਡੀ ਬਣਾ ਦਿੱਤਾ, ਤਾਂ ਹਿੰਦੁਸਤਾਨ ਦੇ ਵੱਡੇ ਲਾਟ, ਹੈਦਰਾਬਾਦ, ਬੜੌਦਾ, ਮੈਸੂਰ ਬਾਰੇ ਕੀ ਪੁੱਛਣਾ ਐ? ਇਹ ਸਾਰੇ ਉਹਨਾਂ ਦੇ ਵਰਦਾਨ 'ਤੇ ਹਿਲਜੁਲ ਰਹੇ ਸੀ।

ਦੁਖਰਾਮ: ਇਹ ਤਾਂ ਕਠਪੁਤਲੀ ਦਾ ਨਾਚ ਲੱਗਦੈ।

ਭਰਾ: ਠੀਕ ਦੁਖ ਭਰਾ! ਹੈ ਇਹ ਕਠਪੁਤਲੀ ਦਾ ਨਾਚ ਸੀ। ਸਾਰਾ ਸੂਤ ਵਿਲਾਇਤ ਦੇ ਛੇ ਸੌ ਪਰਿਵਾਰ ਪੂੰਜੀਪਤੀਆਂ ਦੇ ਹੱਥ ਵਿੱਚ। ਮੈਂ ਦੱਸ ਰਿਹਾ ਸੀ ਕਿ ਜਰਮਨ ਨੇ ਆਪਣੇ ਇੱਥੇ ਕਾਰਖਾਨੇ ਠੀਕ ਕੀਤੇ। ਮਾਲ ਨੂੰ ਵੇਚਣ ਲਈ ਜਿਸ ਦੇਸ਼ ਵਿੱਚ ਵੀ ਗਏ, ਉੱਥੇ ਧੱਕੇ ਮਿਲੇ। ਉੱਥੋਂ ਦੇ ਪੂੰਜੀਪਤੀ ਚੁਪ ਕਿਵੇਂ ਰਹਿੰਦੇ? ਉਹਨਾਂ ਨੇ ਕਿਹਾ ਕਿ ਜੇ ਖੁਸ਼ੀ ਨਾਲ ਦਰਵਾਜ਼ਾ ਨਹੀਂ ਖੋਲੋਗੇ ਤਾਂ ਅਸੀਂ ਦਰਵਾਜ਼ਾ ਤੋੜ ਕੇ ਅੰਦਰ ਚਲੇ ਜਾਵਾਂਗੇ। ਇਹੀ ਕਾਰਨ ਸੀ ਜੋ 1918 ਵਿੱਚ ਜਰਮਨ ਨੇ ਲੜਾਈ ਛੇੜ ਦਿੱਤੀ। ਉਸਨੇ ਸੋਚਿਆ ਸੀ ਕਿ ਦੁਨੀਆਂ ਦੇ ਚਾਰ ਹਿੱਸਿਆਂ 'ਚੋਂ ਇੱਕ ਹਿੱਸਾ ਧਰਤੀ ਤੇ ਆਦਮੀ ਅੰਗਰੇਜ ਦੇ ਹੱਥ ਵਿੱਚ ਐ। ਜੋ ਉਹਨਾਂ ਨੂੰ ਖਤਮ ਕਰ ਦੇਈਏ ਤਾਂ ਸਾਰੀ ਥਾਂ ਸਾਡਾ ਰਾਜ ਹੋਵੇਗਾ, ਸਾਡਾ ਮਾਲ ਵਿਕੇਗਾ। ਫਰਾਂਸ ਦਾ ਬਹੁਤ ਸਾਰਾ ਹਿੱਸਾ ਘੇਰ ਲਿਆ। ਉਸਦੇ ਖਤਮ ਹੋਣ ਤੇ ਸਾਡੇ ਮਾਲ ਲਈ ਹੋਰ ਵੀ ਬਜ਼ਾਰ ਮਿਲੇਗਾ।


ਦੁਖਰਾਮ: ਤਾਂ ਭਰਾ, ਗਆ ਦੇ ਪੰਡੇ ਬਣ ਗਏ। ਜਿਵੇਂ ਉਹ ਜਜਮਾਨ ਲਈ ਲੜੀ ਜਾਂਦੇ ਐਂ ਉਵੇਂ ਈ ਗਾਹਕਾਂ ਲਈ ਇਹ ਲੋਕ ਲੜੀ ਗਏ।

ਭਰਾ: ਹਾਂ, ਇਹ ਗਾਹਿਕਾਂ ਲਈ ਲੜਾਈ ਹੋਈ। ਜਿੰਨ੍ਹਾਂ ਵੱਧ ਗਾਹਿਕ ਮਿਲੇਗਾ, ਉਨ੍ਹਾਂ ਈ ਵੱਧ ਮਾਲ ਵੇਚਣਗੇ ਤੇ ਜੇ ਗਾਹਿਕ ਆਪਣੇ ਹੀ ਗੁਲਾਮ ਹੋਏ, ਉਦੋਂ ਉਹਨਾਂ ਤੋਂ ਕਪਾਹ ਪੈਦਾ ਕਰਾਉਣ ਜਿਹੇ ਸਸਤੇ-ਸਸਤੇ ਕੰਮ ਕਰਾਉਣਗੇ, ਤੇ ਬਾਰਾਂ ਆਨੇ ਦੇ ਵੀਹ ਰੁਪਏ ਬਣਾਉਣਗੇ, ਪੂੰਜੀਪਤੀ ਫੇਰ ਈ ਆਪਣੀ ਇੱਛਾ ਅਨੁਸਾਰ ਖੂਨ ਪੀਣਗੇ। ਬਲਕਿ ਇੱਛਾ ਅਨੁਸਾਰ ਨਾ ਕਹਿ, ਜੇ ਸਮੁੰਦਰ ਜਿੰਨਾ ਖੂਨ ਮਿਲੇ, ਤਾਂ ਵੀ ਇੰਨਾਂ ਜੋਂਕਾਂ ਦੀ ਇੱਛਾ ਪੂਰੀ ਨਹੀਂ ਹੋਣੀ। ਤੇ ਇਹਨਾਂ ਜੋਂਕਾਂ ਦੀ ਪਿਆਸ ਲਈ ਪਹਿਲੀ ਲੜਾਈ ਵਿੱਚ ਇੰਨੇ ਲੋਕ ਮਰੇ ਤੇ ਜਖਮੀ ਹੋਏ।

	ਮਰੇ	ਜ਼ਖ਼ਮੀ
ਅੰਗਰੇਜੀ ਰਾਜ	10,89,919	24,00,988
ਫਰਾਂਸ	30,93,388	40,90,000
ਜਰਮਨੀ	20,50,466	42,02,030
ਅਮਰੀਕਾ	1,15,660	2,05,700

ਦੂਜੇ ਮਹਾਂਯੁੱਧ ਵਿੱਚ ਸੰਸਾਰ ਵਿੱਚ ਢਾਈ ਕਰੋੜ ਨਾਗਰਿਕ ਤੇ 2 ਕਰੋੜ 70 ਲੱਖ ਸੈਨਿਕ ਮਾਰੇ ਗਏ, ਜਿਹਨਾਂ ਚੋਂ ਸਿਰਫ ਜਰਮਨੀ ਵਿੱਚ 33 ਲੱਖ ਨਾਗਰਿਕਾਂ ਤੇ ਸਾਢੇ ਬੱਤੀ ਲੱਖ ਸੈਨਿਕ ਮਰੇ। ਰੂਸ ਵਿੱਚ 70 ਲੱਖ ਨਾਗਰਿਕ ਤੇ 1 ਕਰੋੜ 36 ਲੱਖ ਸੈਨਿਕ ਮਰੇ। ਪਹਿਲੀ ਲੜਾਈ ਵਿੱਚ 66 ਲੱਖ ਜੋਂਕਾਂ ਲਈ ਬਲੀ ਚੜੇ, ਤੇ ਇਸ ਲੜਾਈ ਵਿੱਚ 5 ਕਰੋੜ 20 ਲੱਖ।

ਜੋਂਕ-ਪੁਰਾਨ ਦੇ ਇਨਾਂ ਦੋ ਭਿਆਨਕ ਯੁੱਧਾਂ ਨਾਲ ਅਜੇ ਉਹਨਾਂ ਨੂੰ ਸੰਤੋਖ ਨਹੀਂ ਹੋਇਆ, ਉਹ ਤੀਜੇ ਮਹਾਂਯੁੱਧ ਨੂੰ ਅਣੂ-ਬੰਬ ਨਾਲ ਲੜਣਾ ਚਾਹੁੰਦੇ ਐ, ਜਿੰਨਾਂ ਦੀ ਤਾਕਤ ਹਿਰੋਸੀਮਾ ਵਾਲੇ ਬੰਬ ਨਾਲੋਂ 20 ਗੁਣਾ ਤੋਂ ਵੀ ਵੱਧ ਐ। ਇਕ ਬੰਬ ਨਾਲ ਦਸ ਲੱਖ ਮਰਦ-ਔਰਤਾਂ ਤਾਂ ਉਥੇ ਈ ਖਤਮ ਹੋ ਜਾਣਗੇ।



ਪੰਜਾਬੀ ਅਨੁਵਾਦ : ਰਵਿੰਦਰ ਰਾਹੀ ਜੈਤੋ
94640-77540

ਹਾਲ ਫੰਡ

ਸਤੀਸ਼ ਕੁਮਾਰ, ਜਥੇਬੰਦਕ ਮੁਖੀ, ਲੁਧਿਆਣਾ ਇਕਾਈ ਪੁੱਤਰ ਸ਼ਿਵਾਏ ਦੇ ਜਨਮ 'ਤੇ	500
ਮਾਸਟਰ ਭਜਨ ਸਿੰਘ, ਲੁਧਿਆਣਾ ਆਪਣੇ ਭਰਾ ਸ਼ਿੰਗਾਰਾ ਸਿੰਘ ਦੇ ਸ਼ੋਕ ਸਮਾਗਮ 'ਤੇ	1000
ਸੱਚਦੇਵ ਵਿਰਦੀ, ਜਨਰਲ ਸਕੱਤਰ, ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਗ੍ਰੇਟ ਬ੍ਰਿਟੇਨ (ਪਿਤਾ ਸੀ.ਆਰ. ਵਿਰਦੀ ਦੇ ਸਤਿਕਾਰ ਸਮਾਗਮ ਤੇ)	2000
ਪਵਨ ਸਪਰਾ, ਪਟਿਆਲਾ	500
ਨਰਿੰਦਰ ਕੁਮਾਰ ਪੁੱਤਰ ਸ੍ਰੀ ਅਮਰ ਚੰਦ, ਰਿਟਾ. ਜੇ.ਈ. ਦੁਗਰੀ (ਲੁਧਿਆਣਾ) (ਆਪਣੀ ਰਿਟਾਇਰਮੈਂਟ ਤੇ)	1000
ਬੱਗਾ ਸਿੰਘ ਨਮੋਲ (ਮੈਂਬਰ ਦੇਸ਼ ਭਗਤ ਯਾਦਗਾਰ ਕਮੇਟੀ, ਲੌਂਗੋਵਾਲ) (ਰਾਹੀਂ ਬਲਬੀਰ ਚੰਦ ਲੌਂਗੋਵਾਲ)	500

ਇਸ ਅੰਕ ਦਾ ਜੋੜ :	**5,500**
ਪਿਛਲਾ ਜੋੜ :	**6,37,760**
ਕੁੱਲ ਜੋੜ :	**6,43,260**

ਪਾੜ੍ਹਾ 'ਪ੍ਰੇਤ'



ਮਾਸਟਰ ਕੁਲਜੀਤ

ਗੁਆਂਢੀ ਰਾਜ 'ਚ ਹੀਰਾ ਲਾਲ ਚੰਗੇ ਸਰਦਾ ਪੁਜਦਾ ਪਰਿਵਾਰ ਦਾ ਮੁਖੀ ਸੀ। ਉਸਦੇ ਇਕਲੌਤੇ ਪੁੱਤਰ ਦਾ ਆਪਣਾ ਕਾਰੋਬਾਰ ਸੀ। ਜ਼ਿੰਦਗੀ ਬਹੁਤ ਸੁਖੀ ਬਤੀਤ ਹੋ ਰਹੀ ਸੀ। ਉਨ੍ਹਾਂ ਬੜੇ ਚਾਵਾਂ ਤੇ ਖੁਸ਼ੀਆਂ ਨਾਲ ਆਪਣੇ ਇਕਲੌਤੇ ਪੁੱਤਰ ਦਾ ਵਿਆਹ ਕੀਤਾ। ਕੁੜੀ ਪੜ੍ਹੀ-ਲਿਖੀ ਸੀ ਤੇ ਮਾਪੇ ਵੀ ਦਿਆਨਤਦਾਰ ਸਨ। ਕੁੜੀ ਦਾ ਪੇਕਾ ਪਰਿਵਾਰ ਪੰਜਾਬ 'ਚੋਂ ਸੀ। ਪਰਿਵਾਰ ਖੁਸ਼ੀ 'ਚ ਖੀਵਾ ਹੋਇਆ ਆਪਣੇ ਕੰਮ 'ਚ ਜੁਟ ਗਿਆ।

ਵਸਦੇ ਰਸਦੇ ਪਰਿਵਾਰ ਦੀਆਂ ਖੁਸ਼ੀਆਂ 'ਚ ਉਸ ਦਿਨ ਖਲਲ ਪੈ ਗਈ ਜਦ ਇੱਕ ਦਿਨ ਉਨ੍ਹਾਂ ਦੇ ਘਰ ਭਗਵੇਂ ਕਪੜਿਆਂ ਵਾਲਾ ਇੱਕ ਬਾਬਾ ਆ ਪਧਾਰਿਆ। ਚੰਗਾ ਘਰ ਬਾਰ ਵੇਖ ਉਸਨੇ ਰੋਟੀ ਖਾਣ ਦੀ ਇੱਛਾ ਜਤਾਈ ਤਾਂ ਸ਼ਰਧਾਲੂ ਹੋਣ ਕਰਕੇ ਹੀਰਾ ਲਾਲ ਦੀ ਪਤਨੀ ਨੇ ਖੁਸ਼ੀ-ਖੁਸ਼ੀ ਬਾਬੇ ਨੂੰ ਖਾਣਾ ਖਵਾਇਆ। ਖਾਣਾ ਖਾ ਕੇ ਬਾਬਾ ਆਪਣੇ ਕੰਮ ਤੇ ਪਰਤ ਆਇਆ। ਪਹਿਲਾਂ ਤਾਂ ਉਸਨੇ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਨਾਂਵਾਂ ਤੇ ਕੰਮ ਬਾਰੇ ਦੱਸਿਆ ਤੇ ਫਿਰ ਉਨ੍ਹਾਂ ਦੇ ਵਧ ਫੁੱਲ ਰਹੇ ਵਪਾਰ ਬਾਰੇ ਵੀ ਠੀਕ ਜਾਣਕਾਰੀ ਦਿੱਤੀ। ਜਿਸ ਨੂੰ ਸੁਣ ਕੇ ਹੀਰਾ ਲਾਲ ਦੀ ਪਤਨੀ ਕਾਂਤਾ ਅਵਾਕ ਰਹਿ ਗਈ। ਫਿਰ ਉਹ ਕਹਿਣ ਲੱਗਾ,' ਬੱਚਾ... ਤੁਸੀਂ ਖੁਸ਼ੀ ਭੋਗਣ ਵਾਲੇ ਦੁਨਿਆਵੀ ਜੀਵ ਓ, ਪਰ ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਸੇਵਾ ਭਾਵ ਵਾਲੇ ਇਸ ਪਰਿਵਾਰ ਦੀਆਂ ਖੁਸ਼ੀਆਂ ਹੁਣ ਖ਼ਤਮ ਹੋਣ ਵੱਲ ਜਾ ਰਹੀਆਂ ਹਨ। ਤੁਹਾਡੇ ਪਰਿਵਾਰ ਤੇ ਵੱਡੀ ਕਰੋਪੀ ਆ ਰਹੀ ਹੈ। ਇਸ ਪਰਿਵਾਰ ਨੂੰ ਬੁਰੀ ਨਜ਼ਰ ਨੇ ਖਾ ਲਿਆ ਹੈ। ਤੁਹਾਡੇ ਤੇ ਗ੍ਰਹਿਆਂ ਦੀ ਦਿਸ਼ਾ ਵੀ ਠੀਕ ਨਹੀਂ ਹੈ।' ਇਹ ਸੁਣਕੇ ਕਾਂਤਾ ਦੇ ਹੋਸ਼ ਉੱਡ ਗਏ। ਉਸਨੂੰ ਕੁਝ ਪਲ ਕਹਿਣ ਲਈ ਕੁਝ ਨਾ ਅਹੁੜਿਆ। ਉਹ ਕੁਝ ਅਟਕ ਕੇ ਬੋਲੀ, 'ਬਾਬਾ ਜੀ, ਕਿਹੜੇ ਚੰਦਰੇ ਦੀ ਨਜ਼ਰ ਲੱਗ ਗਈ ਸਾਡੇ ਘਰ ਨੂੰ...? ਅਸੀਂ ਤਾਂ ਕਦੇ ਕਿਸੇ ਦਾ ਬੁਰਾ ਤੱਕ ਨਹੀਂ ਸੋਚਿਆ।' 'ਤੁਸੀਂ ਠੀਕ ਕਹਿ ਰਹੇ ਹੋ ਬੱਚਾ, ਇਹ ਮੈਨੂੰ ਵੀ ਪਤਾ ਹੈ ਪਰ ਇਹ ਕਰੋਪੀ ਤੁਹਾਡੀ ਇਸ ਨੂੰਹ ਰਾਣੀ ਦੇ ਇਸ ਘਰ ਵਿਚ ਆਉਣ ਨਾਲ ਹੀ ਸ਼ੁਰੂ ਹੋਈ ਹੈ। ਇਹ ਦੋਵੇਂ ਜੀਅ ਇੱਕੋ ਛੱਤ ਹੇਠ ਨਹੀਂ ਰਹਿ ਸਕਦੇ। ਜੇ ਰਹਿਣਗੇ ਤਾਂ ਦੋਵਾਂ 'ਚੋਂ ਇੱਕ ਦੀ ਮੌਤ ਨਿਸ਼ਚਿਤ ਹੈ। ਮੈਨੂੰ ਤਾਂ ਇਸ ਦਾ ਕੋਈ ਹੱਲ ਵੀ ਨਜ਼ਰ ਨਹੀਂ ਆਉਂਦਾ।' ਬਾਬੇ ਨੇ ਆਖਿਆ।

ਕਾਂਤਾ ਨੇ ਨੂੰਹ ਰਾਣੀ ਤੋਂ ਪਾਣੀ ਮੰਗਵਾ ਕੇ ਪੀਤਾ। ਉਹ ਘਬਰਾ ਗਈ। ਰੁਕ ਕੇ ਉਸਨੇ ਬਾਬੇ ਤੋਂ ਪੁੱਛਿਆ,'ਤੁਸੀਂ ਤਾਂ ਜਾਣੀ-ਜਾਣ ਹੋ ਬਾਬਾ ਜੀ! ਸਾਡੇ ਪਰਿਵਾਰ ਤੇ ਆਈ ਇਸ ਕਰੋਪੀ ਦਾ ਦਾਨ ਦਕਸ਼ਣਾ ਨਾਲ ਕੋਈ ਹੱਲ ਤਾਂ ਹੋਊ...?' 'ਨਹੀਂ ਬੱਚਾ'... ਇਸ ਕਰੋਪੀ ਦਾ ਹੱਲ ਤਾਂ ਤੁਹਾਡੀ ਨੂੰਹ ਤੇ ਪੁੱਤਰ ਦਾ ਅਲੱਗ ਹੋਣਾ ਹੀ ਹੈ। ਮੇਰੀ ਦ੍ਰਿਸ਼ਟੀ ਇਹੋ ਦਸਦੀ ਹੈ। ਨਾਲੇ ਇਹ ਜਲਦੀ ਹੀ ਕਰਨਾ ਪਊ। ਨਹੀਂ ਤਾਂ ਇਸ ਪਰਿਵਾਰ 'ਚ ਰੋਣ-ਧੋਣ ਦਾ ਦਿਨ ਜਲਦੀ ਆਉਣ ਵਾਲਾ ਹੈ।' ਇਹ ਆਖਦਿਆਂ ਬਾਬਾ ਉਥੋਂ ਤੁਰ ਪਿਆ। ਕੁਦਰਤੀ ਜਾਂਦਾ ਹੋਇਆ ਉਨ੍ਹਾਂ ਦੀ ਮੰਨੀ ਪ੍ਰਮੰਨੀ ਦੁਕਾਨ ਤੇ ਵੀ ਜਾ ਪੁੱਜਾ ਤੇ ਹੀਰਾ ਲਾਲ ਨੂੰ ਵੀ ਇਹੋ ਭਵਿੱਖਬਾਣੀ ਜਾ ਸੁਣਾਈ। ਸ਼ਾਮ ਨੂੰ ਜਦ ਉਹ ਘਰ ਪਰਤਿਆ ਤਾਂ ਦੋਵਾਂ ਪਤੀ ਪਤਨੀ ਦਾ ਰੋਟੀ ਖਾਣ ਨੂੰ ਦਿਲ ਨਹੀਂ ਕੀਤਾ ਤੇ ਸਾਰੀ ਰਾਤ ਉਨ੍ਹਾਂ ਨੂੰ ਨੀਂਦ ਨਹੀਂ ਆਈ। ਉਨ੍ਹਾਂ ਆਪਣੇ ਵੱਲੋਂ ਇਸ ਕਰੋਪੀ ਤੋਂ ਬਚਣ ਲਈ ਕਈ ਪੀਰ-ਫਕੀਰ ਤਿਹਾਏ। ਜਿੱਥੇ ਕਿਸੇ ਕਿਹਾ ਉੱਥੇ ਗਏ। ਚੜ੍ਹਾਵੇ ਚੜ੍ਹਾਏ ਤੇ ਸੁਖਣਾ ਸੁੱਖੀਆਂ ਪਰ ਕਿਸੇ ਨੇ ਬਾਂਹ ਨਾ ਫੜੀ। ਉਨ੍ਹਾਂ ਦੀ ਇਸ ਭੱਜ-ਦੌੜ ਦਾ ਬਿਜਨਿਸ ਤੇ ਅਸਰ ਪੈਣਾ ਕੁਦਰਤੀ ਹੀ ਸੀ। ਪਰਿਵਾਰ ਦੇ ਇਸ ਦੁੱਖ 'ਚ ਉਨ੍ਹਾਂ ਦਾ ਆਪਣਾ ਬੇਟਾ ਵੀ ਆ ਸ਼ਾਮਿਲ ਹੋਇਆ। ਉਸਨੇ ਆਪਣੇ ਤੌਰ ਤੇ ਯਤਨ ਕੀਤੇ। ਪਰਿਵਾਰ ਦੀ ਨੂੰਹ ਨੇ ਜਦ ਇਹ ਦੁਖਦ ਖ਼ਬਰ ਆਪਣੇ ਪੇਕਿਆਂ ਨੂੰ ਦੱਸੀ ਤਾਂ ਉਨ੍ਹਾਂ ਦਾ ਚੈਨ ਵੀ ਖੁੱਸ ਗਿਆ। ਉਨ੍ਹਾਂ ਆਪਣੇ ਕੁੜਮਾਂ ਨੂੰ ਦੱਸੇ ਬਗੈਰ ਪਰਿਵਾਰ ਦੀ ਕਰੋਪੀ ਦੇ ਹੱਲ ਲਈ ਤਾਂਤਰਿਕਾਂ ਤੇ ਸਿਆਣਿਆਂ ਤੱਕ ਪਹੁੰਚ ਕੀਤੀ ਜਿਹੜੇ ਉਨ੍ਹਾਂ ਦੀ ਆਰਥਕ ਲੁੱਟ ਤਾਂ ਕਰਦੇ ਰਹੇ ਪਰ ਉਨ੍ਹਾਂ ਦਾ ਸੁਆਰ ਕੁਝ ਨਾ ਸਕੇ।

ਸਾਲ ਭਰ ਦੋਵੇਂ ਪਰਿਵਾਰ ਭੱਜ-ਦੌੜ 'ਚ ਰਹੇ। ਹਾਰ ਕੇ ਸਹੁਰਾ ਪਰਿਵਾਰ ਨੇ ਨੂੰਹ ਰਾਣੀ ਨੂੰ 'ਕਰੋਪੀ' ਤੋਂ ਬਚਣ ਲਈ ਪੇਕੇ ਘਰ ਤੋਰ ਦਿੱਤਾ। ਘਰ ਦੇ ਬਾਕੀ ਮੈਂਬਰ ਇਸ ਗੱਲੋਂ ਤਾਂ ਨਿਸਚਿੰਤ ਹੋ ਗਏ ਕਿ ਹੁਣ ਇਸ ਪਰਿਵਾਰ 'ਚ ਕੁਝ ਵੀ ਬੁਰਾ ਵਾਪਰਨ ਵਾਲਾ ਨਹੀਂ। ਕੁਝ ਸਮੇਂ ਲਈ ਉਨ੍ਹਾਂ ਆਪਣਾ ਧਿਆਨ ਇਸ ਮਸਲੇ ਤੋਂ ਹਟਾ ਕੇ ਆਪਣੇ ਕਾਰੋਬਾਰ ਵੱਲ ਕਰ ਲਿਆ। ਕਰੋਪੀ ਤੋਂ ਡਰਦਾ ਮਾਰਾ ਮੁੰਡਾ ਕਦੇ ਵੀ ਆਪਣੀ ਪਤਨੀ ਨੂੰ ਮਿਲਣ ਪੰਜਾਬ ਨਹੀਂ ਸੀ ਗਿਆ। ਜਿਹੜੇ ਪੇਕਿਆਂ

ਦੇ ਘਰ ਚੰਗੇ ਸਰਦੇ-ਪੁਜਦੇ ਘਰ ਵਿਆਹੀ ਧੀ ਮੁੜ ਬੂਹੇ ਤੇ ਆ ਕੇ ਬੈਠ ਗਈ, ਉਹ ਕਿਵੇਂ ਚੈਨ ਨਾਲ ਬੈਠ ਸਕਦੇ ਹਨ। ਇੱਕ ਦਿਨ ਭਗਵੇਂ ਕੱਪੜਿਆਂ ਵਾਲਾ ਉਹ ਬਾਬਾ ਹਰਿਆਣੇ ਤੋਂ ਚੱਲ ਕੇ ਉਨ੍ਹਾਂ ਦੇ ਘਰ ਵੀ ਆ ਗਿਆ ਤੇ ਕਰੋਪੀ ਵਾਲੀ ਗਾਥਾ ਇੱਥੇ ਵੀ ਸੁਣਾ ਦਿੱਤੀ। ਉਹ ਜਾਂਦਾ ਹੋਇਆ ਇਹ ਵੀ ਆਖ ਗਿਆ ਕਿ ਤਲਾਕ ਹੀ ਦੋਵਾਂ ਪਰਿਵਾਰਾਂ ਦੇ ਮੈਂਬਰਾਂ ਦੀ ਜਾਨ ਬਚਾ ਸਕਦਾ ਹੈ। ਪਰਿਵਾਰ ਦੇ ਮੁਖੀ ਨੂੰ ਭਗਵੇਂ ਬਾਬੇ ਦੇ ਇੱਥੇ ਆਉਣ ਤੇ ਕੁਝ ਸ਼ੱਕ ਤਾਂ ਪਿਆ ਪਰ ਸ਼ਰਧਾ ਵੱਸ ਉਹ ਚੁੱਪ ਕਰ ਗਿਆ। ਉਸਨੂੰ ਆਪਣੇ ਕੁੜਮਾਂ ਵੱਲੋਂ ਇਸ ਰਿਸ਼ਤੇ ਨੂੰ ਬਣਾਈ ਰੱਖਣ ਲਈ ਧਾਰੀ ਚੁੱਪ ਵੀ ਸਤਾਉਣ ਲੱਗੀ। ਹੌਲੀ-ਹੌਲੀ ਪਰਿਵਾਰ ਦੇ ਇਸ ਦਰਦ ਦੀ ਖ਼ਬਰ ਸਾਰੇ ਰਿਸ਼ਤੇਦਾਰਾਂ ਨੂੰ ਹੋਈ ਤਾਂ ਅਬੋਹਰ ਦੇ ਇੱਕ ਸਨੇਹੀ ਰਾਹੀਂ ਪਰਿਵਾਰ ਦਾ ਸੰਪਰਕ ਸਾਡੇ ਨਾਲ ਹੋਇਆ। ਮੈਂ ਤੇ ਸੁਖਦੇਵ ਮਲੂਕਪੁਰਾ ਨੇ ਜਾ ਕੇ ਪਰਿਵਾਰ ਦੀ ਗਾਥਾ ਸੁਣੀ। ਸਾਨੂੰ ਇਸ ਗਾਥਾ ਦਾ ਸੂਤਰਧਾਰ ਉਹ ਭਗਵਾਂ ਬਾਬਾ ਹੀ ਲੱਗਾ ਪਰ ਲੜ ਸਿਰਾ ਤਾਂ ਦੂਸਰੇ ਪਰਿਵਾਰ ਨੂੰ ਮਿਲ ਕੇ ਹੀ ਪਤਾ ਲੱਗਣਾ ਸੀ। ਅਸੀਂ ਪਰਿਵਾਰ ਨੂੰ ਤਰਕਸ਼ੀਲ ਲਹਿਰ ਵੱਲੋਂ ਸਮਾਜ ਦੇ ਭਲੇ ਲਈ ਜੁਟਾਏ ਜਾ ਰਹੇ ਯਤਨਾਂ ਬਾਰੇ ਦਸਦਿਆਂ ਆਪਣੇ ਵੱਲੋਂ ਇਸ ਮਸਲੇ ’ਚ ਪੂਰੀ ਮਦਦ ਕਰਨ ਦਾ ਭਰੋਸਾ ਦਿੱਤਾ। ਹੱਲ ਲਈ ਉਸ ਪਰਿਵਾਰ ਨੇ ਕੁੜੀ ਦੇ ਸਹੁਰਾ ਪਰਿਵਾਰ ਨੂੰ ਮਿਲਾਉਣ ਲਈ ਇੱਕ ਦਿਨ ਨਿਸ਼ਚਿਤ ਕਰ ਲਿਆ।

ਮਿਥੇ ਦਿਨ ਤੇ ਕੁੜੀ ਦੇ ਸੱਸ-ਸਹੁਰਾ ਤੇ ਪਤੀ ਪਹੁੰਚੇ। ਅਸੀਂ ਵੀ ਮੁਢਲੀ ਗੱਲਬਾਤ ’ਚ ਸ਼ਾਮਲ ਹੋਏ। ਪੀੜ੍ਹਤ ਲੜਕੀ ਨੇ ਆਪਣੇ ਪਤੀ ਨੂੰ ਵਾਰ-ਵਾਰ ਫੋਨ ਆਉਣ ਦਾ ਫਿਕਰ ਸਾਡੇ ਨਾਲ ਸਾਂਝਾ ਕੀਤਾ। ਉਸਨੇ ਇਹ ਵੀ ਦੱਸਿਆ ਕਿ ਉਹ ਰਹੱਸ ਦੀ ਇਹ ਗੱਲ ਆਪਣੇ ਮਾਪਿਆਂ ਨੂੰ ਸੁਣਾ ਚੁੱਕਾ ਹੈ ਕਿ ਕੋਈ ਅਦਿੱਖ ਪ੍ਰੇਤ ਉਸਨੂੰ ਉਡਾ ਕੇ ਹਰਦੁਆਰ ਲੈ ਜਾਂਦਾ ਹੈ। ਜਿੰਨੀ ਵਾਰ ਵੀ ਉਹ ਮਸਲੇ ਦੇ ਹੱਲ ਲਈ ਬਾਬਿਆਂ ਕੋਲ ਗਏ ਹਨ ਹਰੇਕ ਵਾਰ ਉਸਦਾ ਪਤੀ ਨਾਲ ਹੁੰਦਾ ਹੈ। ਅਸੀਂ ਉਸ ਲੜਕੇ ਨਾਲ ਵੱਖਰੇ ਤੌਰ ਤੇ ਗੱਲਬਾਤ ਕੀਤੀ ਤਾਂ ਉਹ ਬਹੁਤ ਤੇਜ਼-ਤਰਾਰ ਜਾਪਿਆ ਤੇ ਸਾਡੇ ਸਵਾਲਾਂ ਤੋਂ ਟਲਣ ਦੀ ਕੋਸ਼ਿਸ਼ ਕਰਨ ਲੱਗਾ। ਉਸਦੇ ਮਾਂ-ਬਾਪ ਤਾਂ ਮਸਲੇ ਦੇ ਹੱਲ ਦੇ ਹਾਮੀ ਸਨ ਪਰ ਉਹ ਭਗਵੇਂ ਬਾਬੇ ਦੇ ਹੱਲ ਨਾਲ ਸਹਿਮਤੀ ਰਖਦਾ ਸੀ ਕਿ ਤਲਾਕ ਨਾਲ ਹੀ ਇੱਕ ਜੀਅ ਦੀ ਜਾਨ ਬਚਾਈ ਜਾ ਸਕਦੀ ਹੈ। ਸਾਰੇ ਪੱਖਾਂ ਤੇ ਚਰਚਾ ਕਰਨ ਉਪਰੰਤ ਉਹ ਪਰਿਵਾਰ ਵਾਪਸ ਪਰਤ ਆਇਆ ਤੇ ਅਸੀਂ ਬਾਅਦ ਵਿਚ ਲੜਕੀ ਦੇ ਪੀੜ੍ਹਤ ਪਰਿਵਾਰ ਨਾਲ ਭਗਵੇਂ ਬਾਬੇ ਤੱਕ ਪਹੁੰਚ ਕਰਨ ਬਾਰੇ ਰਾਇ ਬਣਾਈ। ਇਹ ਕੰਮ ਸੀ ਤਾਂ ਔਖਾ ਪਰ ਅਸੰਭਵ ਨਹੀਂ ਸੀ। ਲੜਕੀ ਦੇ ਮਾਪਿਆਂ ਨੇ ਆਪਣੀ ਧੀ ਦਾ ਉੱਜੜਦਾ ਘਰ ਬਚਾਉਣ ਲਈ ਕਿਵੇਂ ਨਾ ਕਿਵੇਂ ਭਗਵੇਂ ਬਾਬੇ ਦਾ ਪਤਾ ਲਾ ਹੀ ਲਿਆ ਜਿਹੜਾ ਹਰਿਆਣੇ ਦੇ ਇੱਕ ਰੋਹੀ-ਬੀਆਬਾਨ ’ਚ ਟਿੱਲੇ ਤੇ ਵਾਸਾ ਕਰਦਾ ਸੀ। ਜਦ ਅਸੀਂ ਪੁਛਦੇ ਪੁਛਾਉਂਦੇ ਲੜਕੀ ਦੇ ਪਰਿਵਾਰ ਨਾਲ ਉੱਥੇ ਪਹੁੰਚੇ ਤਾਂ ਸਾਨੂੰ ਵੇਖ ਕੇ ਬਾਬਾ ਘਬਰਾ ਗਿਆ। ਜਾਣ ਸਾਰ ਉਸਨੇ ਸਾਡੀ ਗੱਲ ਧਿਆਨ ਨਾਲ ਨਹੀਂ ਸੁਣੀ। ਅਸੀਂ ਉਸਨੂੰ ਆਪਣੇ ਆਉਣ ਦਾ ਕਾਰਨ ਦੱਸਿਆ ਤੇ ਉਸਨੂੰ ਸੱਚ ਨਾ ਦੱਸਣ ਤੇ ਨਤੀਜੇ ਭੁਗਤਣ ਦੀ ਵੀ ਨਸੀਹਤ ਕੀਤੀ। ਅਸੀਂ ਉਸ ਕੋਲ ਉੱਜੜ ਰਹੇ ਪਰਿਵਾਰ ਦੀਆਂ ਸਾਰੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਜੇਕਰ ਉਸਨੇ ਸੱਚ ਨਾ ਬੋਲਿਆ ਤਾਂ ਅਸੀਂ ਪੁਲਿਸ ਦੀ ਸਹਾਇਤਾ ਲੈਣ ਤੋਂ ਵੀ ਗੁਰੇਜ਼ ਨਹੀਂ ਕਰਾਂਗੇ। ਲੰਬੀ ਬਹਿਸ ਤੋਂ ਬਾਅਦ ਉਹ ਰਾਹ ਤੇ ਆਇਆ ਤੇ ਮੰਨ ਗਿਆ ਕਿ ਉਸ ਧਨਾਢ ਬਾਪ ਦੇ ਪਾੜ੍ਹੇ ਪੁੱਤ ਨੇ ਆਪਣੇ ਨਾਲ ਵਪਾਰ ’ਚ ਕੰਮ ਕਰਦੀ ਲੜਕੀ ਨਾਲ ਵਿਆਹ ਕਰਵਾਉਣ ਲਈ ਇਹ ਸਾਰੀ ਖੇਡ ਖੇਡੀ ਸੀ ਜਿਸ ’ਚ ਉਹ ਵੀ ਸ਼ਾਮਲ ਸੀ। ਇਸ ਕੰਮ ਲਈ ਲੱਖਾਂ ਰੁਪਏ ਆਪਣੀ ਫੀਸ ਲੈ ਕੇ ਮੈਂ ਦੋਵਾਂ ਪਰਿਵਾਰਾਂ ’ਚ ਗਿਆ ਤੇ ਹੋਰਨਾਂ ਬਾਬਿਆਂ ਪਾਸ ਵੀ ਭੇਜਿਆ ਜਿੰਨ੍ਹਾਂ ਨੇ ਸਾਡੇ ਉਦੇਸ਼ ਤੇ ਇੱਛਾ ਅਨੁਸਾਰ ਹੀ ਮੱਤ ਦਿੱਤੀ। ਇਹ ਸੱਚ ਜਾਣ ਕੇ ਪੀੜ੍ਹਤ ਪਰਿਵਾਰ ਨੂੰ ਹੈਰਾਨੀ ਭਰੀ ਖ਼ੁਸ਼ੀ ਹੋਈ। ਅਸੀਂ ਭਗਵੇਂ ਬਾਬੇ ਨੂੰ ਉਸ ਖਿਲਾਫ਼ ਕੋਈ ਕਾਰਵਾਈ ਨਾ ਕਰਨ ਦਾ ਭਰੋਸਾ ਦਿੱਤਾ ਤੇ ਨਾਲ ਹੀ ਇਹ ਸ਼ਰਤ ਰੱਖੀ ਕਿ ਉਹ ਸਾਡੇ ਨਾਲ ਚੱਲ ਕੇ ਲੜਕੇ ਤੇ ਉਸਦੇ ਪਰਿਵਾਰ ਸਾਹਮਣੇ ਇਹ ਸੱਚ ਬਿਆਨ ਕਰੇਗਾ। ਉਹ ਸਾਡੇ ਨਾਲ ਤੁਰ ਪਿਆ ਤੇ ਲੰਬਾ ਪੈਂਡਾ ਤਹਿ ਕਰਕੇ ਅਸੀਂ ਪਹੁੰਚ ਗਏ। ਰਸਤੇ ’ਚੋਂ ਹੀ ਅਸੀਂ ਪਰਿਵਾਰ ਦੇ ਮੁਖੀ ਹੀਰਾ ਲਾਲ ਨੂੰ ਆਪਣੇ ਪਹੁੰਚਣ ਤੇ ਮਸਲਾ ਹੱਲ ਹੋਣ ਦੀ ਸੂਚਨਾ ਦੇ ਦਿੱਤੀ ਸੀ। ਭਗਵੇਂ ਬਾਬੇ ਨੂੰ ਸਾਡੇ ਨਾਲ ਵੇਖ ਕੇ ਲੜਕੇ ਦੇ ਖਾਨਿਓਂ ਗਈਆਂ। ਬਾਬੇ ਨੇ ਉਸਦੇ ਪਰਿਵਾਰ ਸਾਹਮਣੇ ਸਾਰੀ ਕਹਾਣੀ ਸੁਣਾਈ ਤਾਂ ਲੜਕਾ ਘਰੋਂ ਦੌੜ ਗਿਆ। ਉਸਦੇ ਮਾਪਿਆਂ ਨੂੰ ਇਹ ਜਾਣ ਕੇ ਬਹੁਤ ਸ਼ਰਮਿੰਦਗੀ ਸਹਿਣੀ ਪਈ। ਜਦ ਲੜਕੇ ਨੂੰ ਵਾਪਸ ਲਿਆਂਦਾ ਤਾਂ ਉਸਨੇ ਰੋਂਦਿਆਂ ਮੁਆਫ਼ੀ ਮੰਗੀ ਤੇ ਅੱਗੇ ਤੋਂ ਜ਼ਿੰਮੇਵਾਰੀ ਨਾਲ ਆਪਣਾ ਘਰ ਵਸਾਉਣ ਦਾ ਵਾਅਦਾ ਕੀਤਾ। ਭਗਵਾਂ ਬਾਬਾ ਨੀਵੀਂ ਪਾਈ ਬੈਠਾ ਰਿਹਾ। ਦੋਵਾਂ ਪਰਿਵਾਰਾਂ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ। ਪੀੜ੍ਹਤ ਪਰਿਵਾਰ ਦੇ ਸਹਿਯੋਗ ਨਾਲ ਪਾੜ੍ਹਾ ‘ਪ੍ਰੇਤ’ ਕਾਬੂ ਆ ਗਿਆ ਸੀ ਤੇ ਉਸਦੀ ਬਣਾਈ ਸਾਰੀ ਖੇਡ ਦਾ ਸੁਖਾਂਤਕ ਅੰਤ ਹੋ ਗਿਆ ਸੀ।

*** ਡੰਗਰਖੇੜਾ, ਸੰਪਰਕ 81460-90636**



ਜੇਕਰ ਸੱਪ ਨੂੰ ਮਾਰ ਦੇਈਏ ਤਾਂ ਸੱਪਣੀ ਉਸਦਾ ਬਦਲਾ ਲੈਣ ਲਈ ਜਿਸਨੇ ਸੱਪ ਮਾਰਿਆ ਹੈ ਉਸ ਨੂੰ ਡੰਗਦੀ ਹੈ। ਕੀ ਇਹ ਸੱਚ ਹੈ ?

ਮਨਦੀਪ ਸਿੰਘ ਪਿੰਡ ਭਲੂਰ (ਮੋਗਾ)

ਸੱਪਾਂ ਸਬੰਧੀ ਬਹੁਤ ਸਾਰੀਆਂ ਮਨਘੜਤ ਕਹਾਣੀਆਂ ਪ੍ਰਸਿੱਧ ਹਨ ਜਿਵੇਂ ਸੱਪ ਦਾ ਦੁੱਧ ਪੀਣਾ, ਸੱਪ ਦਾ ਬੀਨ ਸੁਣਨਾ ਆਦਿ। ਜਿਵੇਂ ਆਪਣੀ ਜੀਭ ਦੀ ਬਣਤਰ ਕਾਰਣ ਸੱਪ ਦੁੱਧ ਨਹੀਂ ਪੀ ਸਕਦਾ ਅਤੇ ਸੱਪ ਦੇ ਕੰਨ ਨਾ ਹੋਣ ਕਾਰਨ ਸੁਣਨ ਤੋਂ ਅਸਮਰੱਥ ਹੁੰਦਾ ਹੈ। ਸੱਪ ਸਪੱਰਸ਼ ਹੋਣ 'ਤੇ ਅਤੇ ਧਮਕ ਮਹਿਸੂਸ ਕਰਕੇ ਜਾਂ ਅੱਖਾਂ ਰਾਹੀਂ ਦ੍ਰਿਸ਼ਟੀ ਗ੍ਰਹਿਣ ਕਰਕੇ ਆਪਣੀ ਪ੍ਰਤੀਕ੍ਰਿਆ ਜ਼ਾਹਿਰ ਕਰਦਾ ਹੈ। ਉਸੇ ਤਰ੍ਹਾਂ ਸੱਪਣੀ ਵੱਲੋਂ ਨਾਗ ਦਾ ਬਦਲਾ ਲੈਣ ਲਈ ਸੱਪ ਨੂੰ ਮਾਰਨ ਵਾਲੇ ਨੂੰ ਡੰਗਣ ਦੀ ਧਾਰਨਾ ਗਲਤ ਅਤੇ ਵਿਗਿਆਨਕ ਕਸੌਟੀ ਉੱਪਰ ਖਰੀ ਨਹੀਂ ਉੱਤਰਦੀ।

ਸੱਪਾਂ ਦਾ ਦਿਮਾਗ ਵਿਕਸਿਤ ਨਹੀਂ ਹੋਇਆ ਹੁੰਦਾ ਅਤੇ ਉਨ੍ਹਾਂ ਦੀ ਯਾਦਦਾਸ਼ਤ ਨਹੀਂ ਹੁੰਦੀ। ਇਸ ਕਾਰਨ ਸੱਪਾਂ ਵਿੱਚ ਭਾਵਨਾਵਾਂ ਉਪਜਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਸੱਪਾਂ ਵਿੱਚ ਕੋਈ ਪਿਆਰ ਜਾਂ ਮੋਹ ਮਮਤਾ ਨਹੀਂ ਹੁੰਦੀ। ਉਹ ਕਦੇ ਵੀ ਜੋੜਿਆਂ ਦੇ ਰੂਪ ਵਿੱਚ ਨਹੀਂ ਰਹਿੰਦੇ (ਸਿਰਫ ਸਹਿਵਾਸ ਦੇ ਸਮੇਂ ਤੋਂ ਬਿਨਾਂ) ਅਤੇ ਉਹ ਆਪਣੇ ਹੀ ਆਂਡੇ ਪੀ ਜਾਂਦੇ ਹਨ।

ਸੱਪਾਂ ਵਿੱਚ ਬਦਲਾ ਲੈਣ ਦੀ ਕੋਈ ਭਾਵਨਾ ਨਹੀਂ ਹੁੰਦੀ ਪਰ ਜਦੋਂ ਕੋਈ ਸੱਪ ਨੂੰ ਮਾਰਦਾ ਹੈ ਤਾਂ ਉਸ ਦੀ ਗੁਦਾ ਵਿੱਚੋਂ ਇੱਕ ਮਹਿਕ/ਮੁਸ਼ਕ (Anus) ਨਿਕਲਦੀ ਹੈ ਜੋ ਨੇੜੇ ਤੇੜੇ ਰਹਿੰਦੇ ਸੱਪ ਨੂੰ ਕਾਮ ਉਤੇਜਤ ਕਰਕੇ ਉੱਥੇ ਲਿਆ ਸਕਦੀ ਹੈ। ਉਹ ਵੀ ਸਿਰਫ ਕਾਮੁਕ ਭਾਵਨਾ ਨਾਲ ਨਾ ਕਿ ਬਦਲਾ ਲੈਣ ਦੀ ਭਾਵਨਾ ਨਾਲ।

ਸੋ ਸੱਪਣੀ ਦੇ ਬਦਲਾ ਲੈਣ ਦੀ ਧਾਰਨਾ ਬਿਲਕੁਲ ਹੀ ਮਨਘੜਤ ਅਤੇ ਝੂਠੀ ਹੈ।

? ਆਂਡੇ ਵਿੱਚ ਪਲ ਰਿਹਾ ਬੱਚਾ ਜਿਉਂਦਾ ਕਿਵੇਂ ਰਹਿੰਦਾ ਹੈ ਜਦੋਂ ਕਿ ਆਂਡਾ ਪੂਰੀ ਤਰ੍ਹਾਂ ਸੀਲਬੰਦ ਹੁੰਦਾ ਹੈ ਅਤੇ ਉਸ ਵਿੱਚ ਹਵਾ ਜਾਣ ਲਈ ਕੋਈ ਰਾਹ ਨਹੀਂ ਹੁੰਦਾ ?

ਗਗਨਦੀਪ, ਸੈਦਪੁਰ

ਜਵਾਬ : ਸਰੀਰ ਦੀਆਂ ਸਾਰੀਆਂ ਗਤੀਵਿਧੀਆਂ ਲਈ ਊਰਜਾ ਦੀ ਲੋੜ ਹੁੰਦੀ ਹੈ। ਇਹ ਆਮ ਤੌਰ 'ਤੇ ਆਕਸੀਜਨ ਤੇ ਊਰਜਾ ਯੁਕਤ ਖਾਦ ਪਦਾਰਥਾਂ ਦੇ ਮਿਲਣ ਨਾਲ ਪੈਦਾ ਹੁੰਦੀ ਹੈ। ਇਸ ਪ੍ਰਕ੍ਰਿਆ ਨੂੰ ਆਕਸੀ-ਸਾਹ ਕ੍ਰਿਆ ਕਹਿੰਦੇ ਹਨ। ਕੁਝ ਖਾਸ ਹਾਲਤਾਂ ਵਿੱਚ ਇਹ ਊਰਜਾ ਬਗੈਰ ਆਕਸੀਜਨ ਮਿਲਣ ਦੇ ਵੀ ਪੈਦਾ ਹੋ ਸਕਦੀ ਹੈ। ਇਸ ਕਾਰਜ ਲਈ ਆਕਸੀਜਨ ਦੀ ਲੋੜ ਨਹੀਂ ਪੈਂਦੀ। ਇਸ ਨੂੰ ਅਣ-ਆਕਸੀ ਸਾਹ-ਕ੍ਰਿਆ ਕਹਿੰਦੇ ਹਨ। ਜੀਵ ਦੀ ਸਰਗਰਮੀ ਦੀ ਬਨਿਸਬਤ ਹੀ ਵੱਧ ਜਾਂ ਘੱਟ ਊਰਜਾ ਦੀ ਲੋੜ ਪੈਂਦੀ ਹੈ। ਆਂਡੇ ਵਿੱਚ ਬੰਦ ਜੀਵ ਦੇ ਬਾਹਰਲੇ ਪ੍ਰਾਣੀ ਨਾਲੋਂ ਸਰੀਰਕ ਸਰਗਰਮੀ ਵੀ ਨਿਗੂਣੀ ਹੁੰਦੀ ਹੈ ਜਿਸ ਨਾਲ ਉਸ ਨੂੰ ਊਰਜਾ ਦੀ ਘੱਟ ਲੋੜ ਹੁੰਦੀ ਹੈ। ਇਹ ਲੋੜੀਂਦੀ ਊਰਜਾ ਅਣ-ਆਕਸੀ ਪ੍ਰਕ੍ਰਿਆ ਰਾਹੀਂ ਆਪਣੇ ਆਪ ਪੈਦਾ ਹੁੰਦੀ ਰਹਿੰਦੀ ਹੈ। ਆਂਡਾ ਉਬਲਣ ਬਾਅਦ ਇਸ ਦੇ ਸਫੈਦ ਭਾਗ ਵਿੱਚ ਪਿਆ ਨਿੱਕਾ ਜਿਹਾ ਟੋਆ ਜਾਂ ਖੋਲ ਵਿੱਚ ਮੌਜੂਦ ਹਵਾ ਕਾਰਨ ਨਹੀਂ ਹੁੰਦਾ (ਜਿਵੇਂ ਕਿ ਕਈ ਲੋਕਾਂ ਦਾ ਖਿਆਲ ਹੈ) ਬਲਕਿ ਇਸ ਦਾ ਕਾਰਨ ਆਂਡੇ ਅੰਦਰਲੇ ਤਰਲ ਪਦਾਰਥ ਦਾ ਉਬਲਣ ਉਪਰੰਤ ਬਣਿਆ ਠੋਸ ਰੂਪ ਹੀ ਹੈ। ਕਿਉਂਕਿ ਤਰਲ ਦੀ ਘਣਤਾ ਵੱਧ ਫੈਲਰੀ ਹੁੰਦੀ ਹੈ ਤੇ ਠੋਸ ਬਣਨ ਬਾਅਦ ਉਸੇ ਪਦਾਰਥ ਦੀ ਘਣਤਾ ਸੁੰਘੜ ਜਾਂਦੀ ਹੈ ਬੱਸ ਇਸੇ ਕਰਕੇ ਸਫੈਦੀ ਵਿੱਚ ਟੋਆ ਜਿਹਾ ਬਣ ਜਾਂਦਾ ਹੈ। ਇਸੇ ਤਰ੍ਹਾਂ ਮਾਂ ਦੀ ਕੁੱਖ ਵਿੱਚ ਪਲ ਰਿਹਾ ਬੱਚਾ ਵੀ ਬਿਨਾਂ ਆਕਸੀਜਨ ਦੇ ਜਿਉਂਦਾ ਰਹਿੰਦਾ ਹੈ। ਉਹ ਸਾਹ ਨਹੀਂ ਲੈਂਦਾ ਅਤੇ ਨਾ ਹੀ ਫੇਫੜਿਆਂ ਰਾਹੀਂ ਆਕਸੀਜਨ ਖਿੱਚਦਾ ਹੈ। ਉਹ ਮਾਂ ਦੇ ਖੂਨ ਤੋਂ ਹੀ ਲੋੜੀਂਦੀ ਊਰਜਾ ਪ੍ਰਾਪਤ ਕਰਦਾ ਹੈ।

? ਦਸ ਸਵਾਲ ?

ਸਤੰਬਰ-ਅਕਤੂਬਰ 2014 ਅੰਕ ਵਿਚਲੇ ਸਾਰੇ ਸੁਆਲਾਂ ਦੇ ਠੀਕ ਜੁਆਬ ਅੱਠ ਵਿਦਿਆਰਥੀਆਂ ਨੇ ਦਿੱਤੇ ਹਨ। ਨੌਂ ਜਾਂ ਨੌਂ ਤੋਂ ਵੱਧ ਅੰਕ ਲੈਣ ਵਾਲੇ ਬੱਚਿਆਂ ਦੇ ਨਾਂ ਹੇਠਾਂ ਛਾਪ ਰਹੇ ਹਾਂ। ਇਨ੍ਹਾਂ 'ਚੋਂ ਇਨਾਮਯੋਗ ਪਹਿਲੇ ਪੰਜ ਬੱਚਿਆਂ ਨੂੰ ਢੁੱਕਵੇਂ ਇਨਾਮ ਭੇਜ ਦਿੱਤੇ ਜਾਣਗੇ।

1. ਲਵਪ੍ਰੀਤ ਸਿੰਘ, ਬਾਰ੍ਹਵੀਂ, ਜੇ.ਐਮ.ਸ.ਮਾਡਲ ਸਕੂਲ, ਜੀਰਾ

2. ਰਮਨਦੀਪ ਸਿੰਘ, ਗਿਆਰਵੀਂ, ਸੀ. ਸੈ. ਰਿਹਾਇਸ਼ੀ ਸਕੂਲ, ਅੰਮ੍ਰਿਤਸਰ

3. ਮੰਗਲਦੀਪ ਕੌਰ, ਬਾਰਵ੍ਹੀਂ, ਸ. ਕੰ. ਸ. ਸ. ਸਕੂਲ, ਭਾਗਸਰ, ਮੁਕਤਸਰ

4. ਖੁਸ਼ਵਿੰਦਰ ਕੌਰ, ਬਾਰਵ੍ਹੀਂ, ਸ. ਕੰ. ਸ. ਸ. ਸਕੂਲ, ਭਾਗਸਰ, ਮੁਕਤਸਰ

5. ਮਨਵੀਤ ਕੌਰ, ਸੱਤਵੀਂ, ਹਾਰਵੈਸਟ ਇੰ. ਸਕੂਲ, ਜੱਸੋਵਾਲ-ਕੁਲਾਰ, ਲੁਧਿਆਣਾ

6. ਚੰਦਨ ਕੁਮਾਰ, ਨੌਵੀਂ, ਸ਼ਹੀਦ ਪਰਮਜੀਤ ਸਿੰਘ ਸ.ਹਾ. ਸਕੂਲ, ਗਿੱਲ

7. ਹਰਜੋਤ ਸਿੰਘ, ਨੌਵੀਂ, ਸ਼ਹੀਦ ਪਰਮਜੀਤ ਸਿੰਘ ਸ.ਹਾ. ਸਕੂਲ, ਗਿੱਲ

8. ਸੁਖਵੀਰ ਸਿੰਘ, ਗਿਆਰਵੀਂ, ਸਰਕਾਰੀ ਰਣਬੀਰ ਕਾਲਿਜ, ਸੰਗਰੂਰ

9. ਸੰਧਿਆ ਗਿਰ, ਦਸਵੀਂ, ਸ.ਕੰ.ਹਾਈ ਸਕੂਲ, ਮੂਣਕ

10. ਅਮਰਦੀਪ ਸਿੰਘ, ਨੌਵੀਂ, ਏ.ਪੀ.ਜੇ. ਸਮਾਰਟ ਸਕੂਲ, ਮੰਡੀ ਖਰੜ

11. ਹਰਸ਼ਪ੍ਰੀਤ ਸਿੰਘ, ਸਤਵੀਂ, ਏ.ਪੀ.ਜੇ. ਸਮਾਰਟ ਸਕੂਲ, ਮੰਡੀ ਖਰੜ

12. ਜਸਪੀਤ ਕੌਰ, ਬਾਰ੍ਹਵੀਂ, ਮਾਡਲ ਸ. ਸੀ. ਸੈ. ਸਕੂਲ ਖਰੜ

ਇਸ ਤੋਂ ਬਿਨਾ ਸ.ਸ.ਸ. ਸਕੂਲ ਸਿੰਘਪੁਰਾ, ਅਤੇ ਸਰਕਾਰੀ ਰਿਹਾਇਸ਼ੀ ਸਕੂਲ ਮੋਹਾਲੀ ਦੇ ਬੱਚਿਆਂ ਨੇ ਵੀ ਇਸ ਕਾਲਮ ਵਿੱਚ ਭਾਗ ਲਿਆ।

ਸਤੰਬਰ-ਅਕਤੂਬਰ 2014 ਅੰਕ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ-

1. ਊਧਮ ਸਿੰਘ ਨੇ ਮਾਈਕਲ ਓਡਵਾਇਰ ਨੂੰ ਲੰਡਨ ਸ਼ਹਿਰ ਦੇ ਕੈਕਸਟਨ ਹਾਲ ਵਿੱਚ ਗੋਲੀਆਂ ਮਾਰੀਆਂ।

2. NCERT ਦਾ ਪੂਰਾ ਨਾਂ National Council of educational Research and Training ਹੈ।

3. ਸੂਰਜ ਗ੍ਰਹਿਣ ਸਮੇਂ ਸੂਰਜ ਵਿਚੋਂ ਖਾਸ ਤਰ੍ਹਾਂ ਦੀਆਂ ਕਿਰਨਾਂ ਨਹੀਂ ਨਿੱਕਲਦੀਆਂ ਹਨ ਜੋ ਸਿਹਤ ਲਈ ਨੁਕਸਾਨਦਾਇਕ ਹੋਣ।

4. ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ 21 ਫਰਵਰੀ ਨੂੰ ਮਨਾਇਆ ਜਾਂਦਾ ਹੈ।

5. ਅੰਧ-ਵਿਸ਼ਵਾਸ਼ ਵਿਰੋਧੀ ਕਨੂੰਨ ਬਣਾਉਣ ਵਾਲਾ ਭਾਰਤ ਦਾ ਪਹਿਲਾ ਰਾਜ ਮਹਾਰਾਸ਼ਟਰ ਹੈ।

6. ਵਿਟਾਮਿਨ ਏ ਦੀ ਘਾਟ ਨਾਲ ਅੰਧਰਾਤਾ ਰੋਗ ਹੋ ਜਾਂਦਾ ਹੈ।

7. "ਲਹੂ ਦੀ ਲੋਅ" ਨਾਵਲ ਜਸਵੰਤ ਸਿੰਘ ਕੰਵਲ ਦਾ ਲਿਖਿਆ ਹੋਇਆ ਹੈ।

8. ਅਗਲੀਆਂ ਉਲੰਪਿਕ ਖੇਡਾਂ ਬਰਾਜ਼ੀਲ ਵਿੱਚ ਹੋਣਗੀਆਂ।

9. ਭਾਰਤ ਵਿਚ ਪਹਿਲਾ ਨਾਸਤਿਕ ਕੇਂਦਰ (Atheist Centre) ਵਿਜੇਵਾੜਾ (ਆਂਧਰਾ ਪ੍ਰਦੇਸ਼) ਵਿਚ ਹੈ।

10. ਦਿਤੀ ਗਈ ਤਸਵੀਰ ਮਰਹੂਮ ਇਨਕਲਾਬੀ ਕਵੀ ਅਵਤਾਰ ਪਾਸ਼ ਦੀ ਹੈ।

ਅਗਲੇ ਦਸ ਸੁਆਲ

1. "ਮੇਰਾ ਪਿੰਡ" ਨਾ ਦੀ ਮਸ਼ਹੂਰ ਕਿਤਾਬ ਕਿਸਦੀ ਲਿਖੀ ਹੋਈ ਹੈ?

2. ਸ਼ੁੱਧ ਪਾਣੀ ਬਿਜਲੀ ਦਾ ਚਾਲਕ (Conductor) ਹੈ ਜਾਂ ਰੋਧਕ (Insulator)?

C. BBC ਦਾ ਪੂਰਾ ਨਾ ਕੀ ਹੈ?

4. 2014 ਦੀਆਂ ਏਸ਼ੀਅਨ ਖੇਡਾਂ ਵਿਚ ਭਾਰਤ ਅਤੇ ਚੀਨ ਨੇ ਕਿੰਨੇ-ਕਿੰਨੇ ਸੋਨ-ਤਮਗੇ (Gold Medals) ਜਿੱਤੇ?

5. ਯੂ.ਐਨ.ਓ. ਦੀ ਜਨਰਲ ਅਸੈਂਬਲੀ ਦੇ ਕਿੰਨੇ ਦੇਸ਼ ਮੈਂਬਰ ਹਨ?

6. ਮਲੇਰੀਏ ਦੇ ਮੱਛਰ ਰਾਹੀਂ ਫੈਲਣ ਦੀ ਖੋਜ ਕਿਸਨੇ ਕੀਤੀ?


7. 2011 ਦੀ ਜਨ-ਗਣਨਾ ਮੁਤਾਬਕ ਔਰਤ ਮਰਦ ਅਨੁਪਾਤ ਕੀ ਹੈ?

8. ਸੂਚਨਾ ਅਧਿਕਾਰ ਦਾ ਕਨੂੰਨ (Right to Information)

ਕਿਸ ਸਾਲ ਪਾਸ ਹੋਇਆ?

9. ਮੰਗਲਯਾਨ ਮੰਗਲ ਗ੍ਰਹਿ ਤੇ ਕਿੰਨੇ ਦਿਨਾਂ ਵਿਚ ਪਹੁੰਚਿਆ?

10.ਨੌਜਵਾਨਾਂ ਦੀਆਂ ਸ਼ਰਟਾਂ ਤੇ ਅਕਸਰ ਨਜ਼ਰ ਆਉਂਦੀ ਇਹ ਤਸਵੀਰ ਕਿਸਦੀ ਹੈ?



ਨੋਟ: ਸੁਆਲਾਂ ਦੇ ਉੱਤਰ ਦੇਣ ਲਈ ਬੱਚੇ ਆਪਣੇ ਅਧਿਆਪਕਾਂ, ਮਾਪਿਆਂ, ਕਿਤਾਬਾਂ ਅਤੇ ਇੰਟਰਨੈਟ ਦੀ ਸਹਾਇਤਾ ਲੈ ਸਕਦੇ ਹਨ।

ਇਨ੍ਹਾਂ ਸੁਆਲਾਂ ਦੇ ਉੱਤਰ ਪੋਸਟ ਕਾਰਡ ਜਾਂ ਸਾਦੇ ਕਾਗਜ਼ ਉੱਪਰ ਆਪਣਾ ਨਾਂ, ਜਮਾਤ, ਸਕੂਲ ਦਾ ਨਾਂ ਅਤੇ ਫੋਨ ਨੰਬਰ ਲ਼ਿਖਕੇ ਡਾਕ ਰਾਹੀਂ ਹੇਠ ਲਿਖੇ ਪਤੇ ਤੇ ਭੇਜੇ ਜਾਣ। **ਕ੍ਰਿਪਾ ਕਰਕੇ ਜੁਆਬ ਰਜਿਸਟਰਡ ਡਾਕ ਜਾਂ ਕੋਰੀਅਰ ਰਾਹੀਂ ਬਿਲਕੁਲ ਨਾ ਭੇਜੇ ਜਾਣ।**

ਜੁਆਬ 5 ਦਸੰਬਰ ਤੱਕ ਪਹੁੰਚ ਜਾਣੇ ਚਾਹੀਦੇ ਹਨ –

ਜਸਵੰਤ ਸਿੰਘ, 98555–30721

ਮਕਾਨ ਨੰਬਰ-ਐੱਚ. ਐੱਲ. 107, ਫੇਜ਼-1, ਮੋਹਾਲੀ

ਸਮੁੰਦਰੋਂ ਪਾਰ

ਸਵੈ-ਪਹਿਚਾਨ : ਸਿੰਮੀਮਾਨ

ਉਪਰਲੀ ਮੰਜਿਲ 'ਤੇ ਦਫਤਰ ਵਿੱਚ ਜਾਣ ਲਈ ਮੈਂ ਲਿਫਟ ਦੀ ਉਡੀਕ ਕਰ ਰਹੀ ਸੀ, ਤਾਂ ਮੇਰੇ ਨਾਲ ਹੀ ਜਾਣ ਲਈ ਖੜ੍ਹਾ ਅਧਖੜ ਜਿਹਾ ਬੰਦਾ, ਜਿਸ ਨਾਲ ਅਕਸਰ ਆਹਮੋ ਸਾਹਮਣਾ ਹੁੰਦਾ ਰਹਿੰਦਾ ਸੀ, ਗੱਲੀਂ ਪੈ ਗਿਆ। ਰਸਮੀ ਦੁਆ ਸਲਾਮ ਕਰਨ ਤੋਂ ਬਾਅਦ ਉਸਨੇ ਪੁੱਛਿਆ, 'ਤੂੰ ਕਿਥੋਂ ਆਂ'?

ਇਹ ਪਹਿਲੀ ਵਾਰ ਨਹੀਂ ਸੀ, ਕਿ ਮੈਨੂੰ ਇਸ ਸੁਆਲ ਦਾ ਸਾਹਮਣਾ ਕਰਨਾ ਪਿਆ।ਅਸਲ ਵਿੱਚ, ਇਹ ਗੱਲ ਮੈਨੂੰ ਸੈਂਕੜੇ ਵਾਰ ਪੁੱਛੀ ਗਈ ਸੀ।ਸੱਚਾਈ ਇਹ ਹੈ ਕਿ ਮੈਂ ਕੈਲੇਫੋਰਨੀਆਂ ਚ' ਪਲੀ ਹਾਂ, ਸੋ ਮੈਂ ਹਮੇਸ਼ਾਂ, ਇਹੀ ਜੁਆਬ ਦਿੰਦੀ ਰਹੀਂ ਹਾਂ। ਪਰ, ਮੇਰਾ ਜੁਆਬ ਸੁਣਕੇ, ਉਹ ਡੈਂਬਰਿਆਂ ਵਾਂਗ ਝਾਕਣ ਲੱਗਾ। ਉਸਨੇ ਗੱਲ ਜਾਰੀ ਰੱਖੀ,

'ਨਹੀਂ, ਮੇਰਾ ਭਾਵ ਹੈ, ਤੇਰਾ ਮੁਲਕ ਕਿਹੜਾ ਹੈ?'

ਮੈਂ ਅਕਸਰ ਹੈਰਾਨ ਹੁੰਦੀ ਹਾਂ, ਕਿ ਇਸ ਨਾਲ ਕੀ ਫਰਕ ਪੈਂਦਾ ਹੈ।ਮੈਂ ਅਮਰੀਕਾ ਵਿੱਚ ਜੰਮੀ ਹਾਂ, ਇਸ ਲਈ ਮੈਂ ਆਪਣੇ ਆਪ ਨੂੰ ਅਮਰੀਕਨ ਹੀ ਸਮਝਦੀ ਹਾਂ।ਮੇਰੇ ਮਾਂ-ਪਿਉ ਬੇਸ਼ਕ ਪੰਜਾਬੀ ਹਨ। ਪਰ ਬੰਦੇ ਨੇ ਫਿਰ ਪੁੱਛਿਆ,

'ਤੂੰ ਅਮਰੀਕਾ ਵਿੱਚ ਕਿੰਨੇ ਚਿਰ ਤੋਂ ਰਹਿ ਰਹੀ ਏਂ?'

ਪਰਿਵਾਰ ਅਤੇ ਦੋਸਤਾਂ ਵਿੱਚ ਹੁੰਦੇ, ਫਿਰਕੂ ਮਖੌਲ ਅਤੇ ਟਿੱਪਣੀਆਂ ਤੇ ਤਾਂ ਮੈਂ ਹੱਸ ਛੱਡਦੀ, ਪਰ ਇਸ ਸੁਆਲ ਦੇ ਜੁਆਬ ਲਈ ਮੈਂ ਤਿਆਰ ਨਹੀਂ ਸਾਂ। ਮੈਂ ਮਨ ਵਿੱਚ ਸੋਚਿਆ ਕਿ ਇਹ ਸਖਸ਼ ਨੂੰ ਕਿਉਂ ਲਗਦਾ ਸੀ ਕਿ ਮੈਂ ਅਮਰੀਕਾ ਤੋਂ ਬਾਹਰ ਜੰਮੀ ਹਾਂ।ਮੈਂ ਪੂਰੀ ਤਰਾਂ ਹੈਰਾਨ ਸਾਂ, ਕਿ ਉਸਨੇ ਇਹ ਸਿੱਟਾ ਕਿਵੇਂ ਕੱਢਿਆ। ਮੇਰਾ ਉਚਾਰਣ ਵੀ ਓਪਰਾ ਨਹੀਂ ਸੀ।ਮੇਰਾ ਪਹਿਰਾਵਾ ਵੀ ਪੱਛਮੀ ਹੈ।ਸੋ, ਇਸ ਬੰਦੇ ਨੂੰ ਮੇਰੇ 'ਚੋਂ ਕੀ ਦਿਸਿਆ ਕਿ ਮੈਂ ਅਮਰੀਕਨ ਨਹੀਂ ਹਾਂ।ਫਿਰ ਸੋਚਿਆ ਕਿ ਮੇਰੇ ਵਿੱਚ ਅਜੇਹਾ ਕੁਝ ਨਹੀਂ, ਬੱਸ ਇਸ ਬੰਦੇ ਦੀ ਮੂੜ੍ਹਤਾ ਹੀ ਹੈ।

ਬੇਸ਼ੱਕ, ਇਸ ਘਟਨਾ ਨੇ ਮੈਨੂੰ ਆਵਦੀ ਸਵੈ-ਪਹਿਚਾਣ ਬਾਰੇ ਸੋਚਣ ਲਈ ਉਕਸਾਇਆ, ਦੂਜੀ ਪੀੜ੍ਹੀ ਦੇ ਅਮਰੀਕਨ ਵਜੋਂ ਜਾਂ ਕਿਸੇ ਵੀ ਹੋਰ ਸ਼ਨਾਖਤ ਦੀ ਕੀ ਕੋਈ ਤੁਕ ਹੈ? ਜੇ ਮੇਰਾ ਜਿਉਣਾ ਤੇ ਵਿਚਰਨਾ, ਕਿਸੇ ਨੂੰ ਅਮਰੀਕਨ ਨਹੀਂ ਲੱਗਦਾ, ਤਾਂ ਮੈਂ ਇਸ ਪਹਿਚਾਣ ਨਾਲ ਜੁੜਨਾ ਹੋਰ ਜਾਰੀ ਕਿਵੇਂ ਰੱਖਾਂ?

ਇਸੇ ਤਰਾਂ ਜਦੋਂ ਮੈਂ ਪੰਜਾਬੀਆਂ ਨੂੰ ਮਿਲਦੀ ਹਾਂ ਤਾਂ ਮੇਰੀ ਦਿੱਖ ਦੇ ਆਧਾਰ ਤੇ, ਉਨਾਂ ਨੂੰ ਮੰਨਣਾ ਔਖਾ ਹੁੰਦਾ ਹੈ ਕਿ ਮੈਂ ਪੰਜਾਬੀ ਮੂਲ ਦੀ ਹਾਂ।

ਸਵੈ-ਪਹਿਚਾਣ, ਉਹ ਵਰਤਾਰਾ ਹੈ, ਜੋ ਹਰ ਜਣਾਂ, ਖੁਦ ਸਿਰਜਦਾ ਹੈ, ਜਿਸਨੂੰ ਹੋਰ ਸੰਸਥਾਵਾਂ, ਸਮਾਜ ਤੋਂ ਬਾਹਰਲੇ ਅਤੇ ਅੰਦਰਲੇ ਲੋਕ, ਨਿਰੰਤਰ ਦ੍ਰਿੜ ਕਰਾਉਂਦੇ ਰਹਿੰਦੇ ਹਨ। ਸਵੈ-ਪਹਿਚਾਣ ਰਾਹੀਂ ਲੋਕ, 'ਅਸੀ' ਨੂੰ 'ਦੂਜਿਆਂ' ਨਾਲੋਂ ਪਰਾਂ ਰੱਖਦੇ ਹਨ। ਅਮਰੀਕਾ ਵਿੱਚ, ਬਿਨਾਂ ਆਪਣਾ ਨਸਲੀ ਪਿਛੋਕੜ ਦਿੱਤਿਆਂ, ਅਸੀਂ ਕਿਸੇ ਨੌਕਰੀ ਜਾਂ ਦਾਖਲੇ ਲਈ ਅਰਜੀ ਨਹੀਂ ਦੇ ਸਕਦੇ। ਸੰਸਥਾਵਾਂ ਦੀ ਇਹ ਨਿਰੰਤਰ ਬਾਂਹ ਮਰੋੜੀ, ਸਾਨੂੰ ਫਿਰਕੂ ਪ੍ਰਸੰਗ ਵਿੱਚ ਸੋਚਣ ਲਈ ਮਜਬੂਰ ਕਰਦੀ ਹੈ।ਅਮਰੀਕੀ ਲੋਕਾਂ ਨੂੰ ਵੰਡਣ ਵਾਲੇ, ਕਾਰਣਾਂ ਚੋਂ, ਇਹ ਸਿਰਕੱਢਵਾਂ ਹੈ।ਇਹ 'ਫਿਰਕੂਚੇਤਨਾ' ਨੂੰ ਪੈਦਾ ਹੀ ਨਹੀਂ, ਲਗਾਤਾਰ ਪੱਕਾ ਵੀ ਕਰਦਾ ਹੈ।

ਸਵੈ-ਪਹਚਿਾਨ ਦਾ ਮੁੱਦਾ ਹੋਰ ਵੀ ਜਟਿਲ ਬਣ ਜਾਂਦਾ ਹੈ ਜਦੋਂ ਅਸੀਂ ਦੋ ਸਭਿਆਚਾਰਾਂ ਦਰਮਿਆਨ ਫਸੇ ਹੋਈਏ।ਮਾਪਿਆਂ ਦੀ 'ਪੰਜਾਬੀਅਤ' ਅਤੇ ਆਵਦੇ 'ਅਮਰੀਕਨ' ਹੋਣ ਦੀ ਦੋ ਫਾੜ ਨੇ, ਮੇਰੇ ਵਿੱਚ, ਭੰਬਲ ਭੂਸੇ ਦੀ ਬਜਾਏ, ਨਾਬਰੀ ਦਾ ਅਹਿਸਾਸ ਭਰ ਦਿੱਤਾ ਹੈ। ਕੇਵਲ ਮੈਂ ਹੀ ਦੋਨਾਂ ਸਮਾਜਾਂ ਦੀ ਅਵੱਗਿਆ ਕਰਨ ਦੀ ਚੋਣ ਨਹੀਂ ਕੀਤੀ, ਸਗੋਂ ਇਹ ਸਮਾਜ ਵੀ ਮੈਨੂੰ ਨਕਾਰਦੇ ਪ੍ਰਤੀਤ ਹੁੰਦੇ ਹਨ। ਲਗਾਤਾਰ ਇਹ ਸਿੱਧ ਕਰਨ ਦੀ ਬਜਾਏ, ਕਿ ਮੈਂ ਦੂਜੇ ਅਮਰੀਕੀਆਂ ਨਾਲੋਂ ਵੱਧ ਅਮਰੀਕੀ ਹਾਂ, ਜਾਂ ਦੂਜੇ ਪੰਜਾਬੀਆਂ ਨਾਲੋਂ ਵੱਧ ਪੰਜਾਬੀ ਹਾਂ, ਮੈਂ ਆਪਣੀ ਸਵੈ-ਪਹਿਚਾਣ, ਮਨੁੱਖ ਵਜੋਂ ਬਣਾਉਣ ਨੂੰ ਤਰਜੀਹ ਦਿੰਦੀ ਹਾਂ।ਮੇਰੀਆਂ ਨਜ਼ਰਾਂ ਵਿੱਚ, ਮੈਂ ਮਨੁੱਖ ਹਾਂ, ਜੋ ਇਸ ਧਰਤੀ ਦਾ ਜਾਇਆ ਹੈ। ਹੁਣ, ਮੇਰੀ ਵਿਸ਼ੇਸ਼ ਜੰਮਣ ਭੋਇੰ, ਮੇਰੀ ਤਬੀਅਤ ਜਾਂ ਮੇਰੀਆਂ ਆਦਤਾਂ ਉੱਤੇ, ਮੇਰੀਆਂ ਜੜ੍ਹਾਂ ਨਾਲੋਂ ਵੱਧ ਹਾਵੀ ਨਹੀਂ ਹੁੰਦੀ।


The God Delusion

(ਰੱਬੀ ਮਾਇਆਜਾਲ)

ਅਵਤਾਰ ਗੋਂਦਾਰਾ

The God Delusion ਬਰਤਾਨਵੀ ਵਿਕਾਸਵਾਦੀ ਜੀਵ-ਵਿਗਿਆਨੀ ਚਾਰਲਸ ਡਿਕਨਜ ਦੀ ਬਹੁਚਰਚਿੱਤ ਕਿਤਾਬ ਹੈ, ਜਿਸ ਦੀਆਂ ਦੁਨੀਆਂ ਭਰ ਵਿੱਚ ਲੱਖਾਂ ਕਾਪੀਆਂ ਵਿਕ ਚੁੱਕੀਆਂ ਹਨ, ਇਸ ਦਾ ਜਰਮਨ ਵਿੱਚ ਅਨੁਵਾਦ ਵੀ ਹੋ ਚੁੱਕਿਆ ਹੈ। ਅੰਧਵਿਸ਼ਵਾਸ਼ਾਂ ਖਿਲਾਫ ਮੁਹਿੰਮ ਵਿੱਚ ਲੱਗੇ, ਅੰਗਰੇਜੀ ਜਾਣਦੇ, ਹਰ ਤਰਕਸ਼ੀਲ ਕਾਰਕੁੰਨ ਲਈ ਇਸ ਦਾ ਪਾਠ ਸਹਾਈ ਹੋਵੇਗਾ।

ਚਾਰਲਸ ਡਿਕਨਜ ਨੇ, ਅਧਿਆਪਕ, ਖੋਜੀ, ਹੋਣ ਦੇ ਨਾਲ ਨਾਲ, ਐਲਾਨੀਆਂ ਨਾਸਤਕ ਸਮਾਜਿਕ ਕਾਰਕੁੰਨ ਵਜੋਂ, ਅੰਧਵਿਸ਼ਵਾਸ਼ਾਂ, ਧਾਰਮਿਕ ਤੰਗਨਜ਼ਰੀ ਅਤੇ ਸਿਰਮੌਰ ਵਹਿਮੀ ਸੰਕਲਪ, 'ਰੱਬ' ਦੇ ਖਿਲਾਫ ਮੁਹਿੰਮ ਵਿੱਢੀ ਹੋਈ ਹੈ।



ਲੇਖਕ ਦੀ ਅਗਵਾਈ ਵਿੱਚ **ਰਿਚਰਡ ਡਾਕਿਨਜ ਫਾਊਡੇਸ਼ਨ**, ਕੰਮ ਕਰ ਰਹੀ ਹੈ ਜਿਸ ਦਾ ਮਿਸ਼ਨ- **ਵਿਗਿਆਨ, ਸਿੱਖਿਆ, ਰਾਜ-ਨੀਤੀ ਵਿੱਚ ਧਰਮ ਦੇ ਦਖਲ ਨੂੰ ਰੋਕਣਾ ਅਤੇ ਨਾਸਤਿਕਤਾ ਨਾਲ ਜੁੜੇ 'ਬੇਗੁਰੇ' ਹੋਣ ਦੇ ਧੱਬੇ ਨੂੰ ਧੋਣਾ ਹੈ।**

ਲੇਖਕ ਨੇ ਕਿਤਾਬ ਦੇ ਪ੍ਰਕਾਸ਼ਨ ਦਾ ਮਨਸ਼ਾ, ਪਾਠਕ ਦਾ, 'ਚੇਤਨਾ ਵਿਕਾਸ' (Conscious raising) ਕਰਨਾ ਮਿਥਿਆ ਹੈ। ਲੇਖਕ ਨੇ ਡੈਨੀਅਲ ਡੈਨਿਟਸ ਦੀ ਟੂਕ ਦਾ ਹਵਾਲਾ ਦਿੱਤਾ ਹੈ ਕਿ ਕੁਝ ਬੰਦੇ, 'ਵਿਸ਼ਵਾਸ਼ ਵਿੱਚ ਵਿਸ਼ਵਾਸ਼ ਕਰਦੇ ਹਨ, ਬੇਸ਼ਕ ਉਹਨਾਂ ਦੀ ਆਪਣੇ ਧਾਰਮਿਕ ਵਿਸ਼ਵਾਸ਼ 'ਚ ਕੋਈ ਆਸਥਾ ਨਹੀਂ ਹੁੰਦੀ।' ਲੇਖਕ ਦੀਆਂ ਨਜਰਾਂ ਵਿੱਚ, ਧਰਮ ਤੁਅਸਬ ਨੂੰ ਪਾਲਣ ਵਾਲਾ, ਲਾਈਲੱਗਤਾ ਤੇ ਸਮਾਜਿਕ ਨਾਂਹਮੁਖੀ ਕਦਰਾਂ ਕੀਮਤਾਂ ਨੂੰ ਹਵਾ ਦੇਣ ਵਾਲਾ, ਜਾਹਲੀ ਵਿਗਿਆਨ ਹੈ।

ਕਿਤਾਬ ਦੇ ਦਸ ਕਾਂਡ ਹਨ। ਪਹਿਲੇ ਕਾਂਡ ਵਿੱਚ 'ਰੱਬ' ਦੇ ਭੰਬਲਭੂਸੇ ਵਾਲੇ ਸੰਕਲਪ ਦੀ ਚੀਰਫਾੜ ਕੀਤੀ ਹੈ। ਜਿਸ ਵਿੱਚ ਇਸ ਦੀਆਂ ਦੋ ਕਿਸਮਾਂ ਸਰਗੁਣ ਅਤੇ ਨਿਰਗੁਣ ਦਾ ਚਰਚਾ ਕੀਤਾ ਹੈ। 'ਆਈਨਸਟਾਇਨੀ ਧਰਮ' ਅਤੇ 'ਪਰਾਕੁਦਰਤੀ ਧਰਮ' ਵਿਚਲੇ ਫਰਕ ਨੂੰ ਦਰਸਾਇਆ ਹੈ। ਇਸ ਧਾਰਣਾ ਨੂੰ ਸਥਾਪਿਤ ਕੀਤਾ ਹੈ ਕਿ ਬ੍ਰਹਿਮੰਡ ਅਨਾਦਿ ਹੈ, ਇਸ ਦਾ ਨਾ ਕੋਈ ਰਚਨਾਕਾਰ ਹੈ ਅਤੇ ਨਾ ਹੀ ਕਰਤਾ। ਕੁਦਰਤ ਤੋਂ ਪਰੇ ਕੋਈ ਸੱਤਾ (Intelligence/Designer) ਦੀ ਹੋਂਦ ਨਹੀਂ ਹੈ। ਧਰਮ ਦੀ ਹੋਂਦ ਜਾਂ ਅਣਹੋਂਦ ਇਕ ਵਿਗਿਆਨਕ ਮਸਲਾ ਹੈ ਉਸ ਨੂੰ ਸਿਧਾਂਤਿਕ ਤੌਰ ਤੇ ਨਜਿੱਠਿਆ ਜਾਣਾ ਚਾਹੀਦਾ ਹੈ।

ਟੈਕਸ-ਮੁਕਤ ਧਰਮ ਦੀ ਸੰਸਥਾ ਦੀ ਨਾਵਾਜਵੀਅਤ ਬਾਰੇ ਬੋਲਦਿਆਂ, ਦੂਜੇ ਕਾਂਡ ਵਿੱਚ, ਲੇਖਕ ਨੇ 'ਰੱਬ' ਦੇ ਥੋਥ ਨੂੰ ਉਘਾੜਿਆ ਹੈ। ਮੱਧਵਰਗੀ ਬੁੱਧੀਜੀਵੀਆਂ ਦੇ ਅਟੰਕ (Non-interventionist) ਅਤੇ ਧਰਮ-ਗ੍ਰੰਥਾਂ ਦੇ ਸੰਚਾਲਕ (Interventionist) 'ਰੱਬ' ਦੇ ਫਰਕ ਬਾਰੇ ਦਸਦਿਆਂ, ਧਰਮ, ਰਾਜਨੀਤੀ ਅਤੇ ਹਿੰਸਾ ਦੇ ਸਾਂਝੇ ਮੋਰਚੇ ਦੀ ਗੱਲ ਕੀਤੀ ਹੈ। ਆਪਣੀ ਧਾਰਣਾ ਦੀ ਪੁਸ਼ਟੀ ਲਈ ਉਸ ਨੇ ਜਾਰਜ ਬੁਸ਼ ਵੱਡੇ ਦੇ ਬਿਆਨ ਦਾ ਹਵਾਲਾ ਦਿੱਤਾ ਹੈ, 'ਮੈਂ ਨਹੀਂ ਸਮਝਦਾ ਕਿ ਨਾਸਤਿਕਾਂ ਨੂੰ ਅਮਰੀਕੀ ਸ਼ਹਿਰੀ ਗਿਣਿਆ ਜਾਵੇ, ਨਾ ਹੀ ਉਹ ਦੇਸ਼ ਭਗਤ ਹਨ। ਇਹ ਕੌਮ (ਅਮਰੀਕੀ) 'ਰੱਬ' ਦੀ ਰਜਾ ਵਿੱਚ ਰਹਿੰਦੀ ਹੈ।' ਲੇਖਕ ਨੇ ਥਾਮਸ ਹਕਸਲੇ ਵਰਗੇ ਬੁਧੀਜੀਵੀਆਂ ਦੀ ਆਸਤਿਕਤਾ ਦੇ ਖਿਲਾਫ ਖੁੱਲ੍ਹ ਕੇ ਨਾ ਆਉਣ, ਅਤੇ ਸ਼ੰਕਾਵਾਦ (Agnosticism) ਦੇ ਸੰਕਲਪਾਂ ਦਾ ਸਹਾਰਾ ਲੈ ਕੇ ਦੰਦ ਘੁੱਟਣ ਦੀ ਅਲੋਚਨਾ ਕੀਤੀ ਹੈ। ਉਸ ਦਾ ਮੰਨਣਾ ਹੈ ਕਿ ਧਰਮ ਅਤੇ ਵਿਗਿਆਨ ਦੀ ਕੋਈ ਸਹਿਹੋਂਦ ਨਹੀਂ।

ਚੌਥੇ ਕਾਂਡ ਵਿੱਚ, ਧਰਮ ਗ੍ਰੰਥਾਂ ਦੇ ਸਹਾਰੇ ਅਤੇ ਪ੍ਰਸਿੱਧ ਵਿਗਿਆਨੀਆਂ ਵਲੋਂ ਧਰਮ ਦੀ ਕੀਤੀ ਪ੍ਰਸੰਸ਼ਾ ਨੂੰ ਆਧਾਰ ਬਣਾ ਕੇ 'ਰੱਬ' ਦੀ ਹੋਂਦ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਦੀ ਫੂਕ ਕੱਢੀ ਹੈ। ਫਰਾਂਸੀਸੀ ਹਿਸਾਬਦਾਨ ਪਾਸਕਲ ਦੇ ਮੌਕਾਪ੍ਰਸਤ ਪੈਂਤੜੇ ਦੀ ਨਿੰਦਾ ਕੀਤੀ ਹੈ, ਜਿਸ ਦਾ ਕਹਿਣਾ ਸੀ ਕਿ 'ਰੱਬ 'ਚ ਯਕੀਨ ਕਰਨ ਦਾ ਲਾਭ ਹੈ, ਜੇ ਹੋਇਆ ਤਾਂ ਸੁਰਗ ਨੂੰ ਜਾਓਗੇ ਨਾ ਹੋਇਆ ਤਾਂ ਕੋਈ ਘਾਟੇ ਵਾਲੀ ਗੱਲ ਨਹੀਂ। ਜੇ ਤੁਸੀਂ ਨਹੀਂ ਮੰਨਦੇ, ਤੇ ਉਹ ਹੋਇਆ ਤਾਂ ਨਰਕਾਂ ਨੂੰ ਜਾਓਗੇ'। ਇਸ ਦੇ ਉਲਟ ਉਸ ਨੇ ਬਰਟਰਨਡ ਰਸਲ ਵਰਗੇ ਬਹਾਦਰ ਨਾਸਤਿਕ ਦੀ ਪ੍ਰਸੰਸ਼ਾ ਕੀਤੀ ਹੈ। ਉਸ ਨੇ ਸੁਆਲ ਕੀਤਾ ਕਿ ਕਰਤੇ (ਰੱਬ) ਦੀ ਪੂਰਵ-ਧਾਰਣਾ ਨਾਲ ਇਕ ਹੋਰ ਵੱਡੀ ਸਮੱਸਿਆ ਜੁੜੀ ਹੋਈ ਹੈ ਕਿ **ਕਰਤੇ** ਦਾ ਕਰਤਾ ਕੌਣ ਹੈ, ਜਿਸ ਦਾ ਕੋਈ ਹੱਲ ਨਹੀਂ। ਤਾਰਕਿਕ ਤੌਰ ਤੇ 'ਰੱਬ' ਦਾ ਇਕੋ ਵੇਲੇ ਸਰਬਵਿਆਪੀ ਅਤੇ ਸਰਬਸ਼ਕਤੀਮਾਨ ਹੋਣਾ ਅਸੰਭਵ ਹੈ। ਪੰਜਵਾਂ ਕਾਂਡ ਵਿਕਾਸਵਾਦੀ ਸਿਧਾਂਤ ਵਿਚਲੇ ਖੱਪਿਆਂ ਦਾ ਫਾਇਦਾ ਉਠਾ ਕੇ ਰੱਬੀ-ਸਿਰਜਣਾਵਾਦੀਆਂ (Creationists) ਵਲੋਂ ਧਰਮ ਦੀ ਲੋੜ ਨੂੰ ਉਭਾਰਨ ਦੀ ਕੋਸ਼ਿਸ਼ ਨਾਲ ਸਿਝਦਾ ਹੈ। ਉਸ ਦਾ ਕਹਿਣਾ ਹੈ ਕਿ ਨਾਸਤਿਕਾਂ ਨੂੰ ਖਿਮਾਜਾਚਕ ਹੋਣ ਦੀ ਥਾਂ ਆਪਣੇ ਮੱਤ ਤੇ ਮਾਣ ਕਰਨਾ ਚਾਹੀਦਾ ਹੈ। ਪੰਜਵੇਂ ਕਾਂਡ ਵਿੱਚ ਵਿਕਾਸਵਾਦੀ ਨਜਰੀਏ ਤੋਂ ਧਰਮ ਦੇ ਜਨਮ ਦੀ ਵਿਆਖਿਆ ਕੀਤੀ ਗਈ ਹੈ ਕਿ ਧਰਮ ਕੁਝ ਬੰਦਿਆਂ ਦੁਆਰਾ ਬੈਠ ਕੇ ਸਿਰਜੀ ਗਈ ਰਚਨਾ ਨਹੀਂ। ਇਹ ਕਿਸੇ ਹੋਰ ਕਾਰਜ ਦੀ ਸਬੱਬੀ ਸਹਾਇਕ ਉਪਜ (By-product) ਹੈ। ਧਰਮ ਦੀ ਪੈਦਾਇਸ਼ ਅਤੇ ਟਿਕੇ ਰਹਿਣ ਦੇ ਮਨੋਵਿਗਿਆਨਕ ਕਾਰਣ ਹਨ। ਕਿਵੇਂ ਬੱਚੇ ਦੀ ਉਦੇਸ਼ਵਾਦੀ ਪਹੁੰਚ (ਹਰ ਗੱਲ ਦਾ ਕੋਈ ਮਨੋਰਥ ਹੈ,ਅਤੇ ਹਰ ਚੀਜ ਦਾ ਕੋਈ ਰਚਨਾਕਾਰ) ਸੰਸਕਾਰ ਵਜੋਂ, ਮਨੁੱਖ ਦੇ ਮਨ ਵਿੱਚ ਉਮਰ ਭਰ ਰਹਿੰਦੀ ਹੈ। ਉਸ ਨੇ ਸਰੀਰਕ ਜੀਨਜ ਵਾਂਗ ਮਨੋਵਿਗਿਆਨਕ ਮੀਮਜ(Memes) ਦੇ ਸੰਕਲਪ ਨੂੰ ਵਿਕਸਿਤ ਕੀਤਾ। ਜਿਵੇਂ ਪੁਸ਼ਤੈਨੀ ਬੀਮਾਰੀਆਂ ਵਿੱਚ ਜੀਨਜ ਦਾ ਰੋਲ ਹੈ ਉਵੇਂ ਹੀ ਧਾਰਮਿਕ ਵਿਚਾਰਾਂ ਵਿੱਚ ਮੀਮਜ ਦਾ ਰੋਲ ਹੈ। ਜੋ ਪੀੜੀ ਦਰ ਪੀੜੀ ਚਲਦੇ ਰਹਿੰਦੇ ਹਨ। ਛੇਵੇਂ ਅਤੇ ਸਤਵੇਂ ਕਾਂਡ ਵਿੱਚ ਧਰਮ ਅਤੇ ਨੈਤਿਕਤਾ ਦੇ ਸੰਬੰਧਾਂ ਨੂੰ ਲਿਆ ਗਿਆ ਹੈ। ਆਸਤਿਕਾਂ ਵਲੋਂ ਹਿਟਲਰ ਵਰਗੇ ਨਾਸਤਿਕਾਂ ਦੁਆਰਾ ਵਰਤੀ ਗਈ ਹਿੰਸਾ ਨੂੰ ਆਧਾਰ ਬਣਾ ਕੇ, ਨੈਤਿਕਤਾ ਲਈ ਧਰਮ ਦੀ ਲੋੜ ਨੂੰ ਉਭਾਰਨਾ ਗਲਤ ਹੈ। ਡਾਰਵਨੀ ਵਿਆਖਿਆਂ ਦਿੰਦਿਆਂ ਉਸ ਦਾ ਕਹਿਣਾ ਹੈ ਕਿ 'ਪਰਉਕਾਰੀ ਜੀਨਜ' ਜੀਵ ਵਿਕਾਸ ਦੌਰਾਨ, ਲੋਕਾਂ ਵਿੱਚ ਕੁਦਰਤੀ ਸੰਵੇਦਨਾ ਭਰ ਦਿੰਦੇ ਹਨ। ਸ਼ਾਇਦ ਉਸ ਦਾ ਇਸ਼ਾਰਾ Gregarious instinct ਵੱਲ ਹੋਵੇ। ਪਰਉਕਾਰ, ਮਿਲਵਰਤਣ, ਲਗਾਉ, ਭਾਈਚਾਰਾ ਆਦਿ ਸੰਸਕਾਰ ਇਸ ਮੂਲ਼ ਪ੍ਰਵਿਰਤੀ ਦਾ ਹੀ ਸਮਾਜੀਕਰਣ ਹੈ। ਪ੍ਰਸਿੱਧ ਵਿਦਵਾਨ ਡਾ. ਤ੍ਰਿਲੋਕ ਚੰਦ ਤੁਲਸੀ ਦਾ ਕਹਿਣਾ ਹੈ ਕਿ ਨੈਤਿਕਤਾ ਨੂੰ ਸਮਾਜਕ-ਮਨੋ ਸਰੀਰਕ ਤੌਰ ਤੇ ਨਜਿਠਿਆ ਜਾਣਾ ਚਾਹੀਦਾ ਹੈ।

ਜਿੱਥੇ ਅੱਠਵਾਂ ਕਾਂਡ ਧਰਮ ਦੁਆਰਾ, ਵਿਗਿਆਨ ਦੇ ਵਿਰੋਧ ਅਤੇ ਦੁਨੀਆਂ ਭਰ ਵਿੱਚ ਫਿਰਕੂ ਹਿੰਸਾ ਨਾਲ ਇਸ ਦੇ ਸੰਬੰਧਾਂ ਦੇ ਤੱਥ ਨੂੰ ਉਭਾਰਦਾ ਹੈ, ਕਿ ਕਿਵੇਂ ਦੁਨੀਆਂ ਦੇ ਮੁੱਖ ਧਰਮਾਂ ਨੇ ਆਪਣੇ ਪਸਾਰ ਲਈ ਹਿੰਸਾ ਤੇ ਸੁਰਗ/ਨਰਕ ਦੇ ਲਾਲਚ ਤੇ ਡਰ ਨੂੰ ਵਰਤਿਆ। ਉੱਥੇ ਨੌਂਵੇ ਅਤੇ ਆਖਰੀ ਕਾਂਡ 'ਚ ਬੱਚਿਆਂ ਦੀ 'ਜਮੀਰ ਆਜਾਦੀ' ਦੀ ਗੱਲ ਕਰਦਿਆਂ, ਪਾਠਕਾਂ ਨਾਲ ਚਾਰ ਗੁਰ ਸਾਂਝੇ ਕੀਤੇ ਹਨ:

1-ਨਾਸਤਿਕ ਖੁਸ਼, ਸਹਿਜ, ਸਦਾਚਾਰਕ ਅਤੇ ਬੌਧਿਕ ਤੌਰ ਤੇ ਮੁਕੰਮਲ ਹੋ ਸਕਦੇ ਹਨ।

2-'ਕੁਦਰਤੀ ਚੋਣ' ਅਤੇ ਦੂਜੇ ਵਿਗਿਆਨਕ ਸਿਧਾਂਤ, 'ਦੈਵੀ ਸਿਧਾਂਤ' ਤੋਂ ਉਪਰ ਹਨ ਜਿਸ ਨਾਲ ਜੀਵਤ ਸੰਸਾਰ ਅਤੇ ਬਹ੍ਰਿਮੰਡ ਦੀ ਵਿਅਖਿਆ ਹੋ ਸਕਦੀ ਹੈ।

3-ਬੱਚਿਆਂ ਉੱਤੇ ਉਹਨਾਂ ਦੇ ਮਾਪਿਆਂ ਦਾ ਧਰਮ ਨਹੀਂ ਥੋਪਿਆਂ ਜਾਣਾ ਚਾਹੀਦਾ। 'ਈਸਾਈ ਬੱਚਾ' 'ਮੁਸਲਮਾਨ ਬੱਚਾ' ਆਦਿ ਪਦਾਂ ਦੇ ਖਿਲਾਫ ਬੋਲਣਾ ਚਾਹੀਦਾ ਹੈ।

4-ਨਾਸਤਿਕਾਂ ਨੂੰ ਖਿਮਾਜਾਚਕ ਹੋਣ ਦੀ ਥਾਂ ਮਾਣਮਤੇ ਹੋਣਾ ਚਾਹੀਦਾ ਹੈ ਕਿਉਂਕਿ ਨਾਸਤਿਕਤਾ ਸਿਹਤਮੰਦ ਤੇ ਆਜਾਦ ਮਨ ਦੀ ਨਿਸ਼ਾਨੀ ਹੈ।

ਆਪਣੇ ਖਿਲਾਫ ਕੱਟੜ ਹੋਣ ਦੇ ਦੋਸ਼ ਤੋਂ ਇਨਕਾਰ ਕਰਦਿਆਂ ਡਾਕਿਨਜ ਦਾ ਕਹਿਣਾ ਹੈ, 'ਕਿ ਇਹ ਪ੍ਰਚਾਰ ਕਰਦਿਆਂ ਉਹ ਕਦੇ ਨਹੀਂ ਥੱਕੇਗਾ ਕਿ ਬੰਦੇ ਦੇ ਧਾਰਮਿਕ ਵਿਚਾਰ, ਉਸ ਦੇ ਮਾਪਿਆਂ ਦੇ ਵਿਚਾਰ ਹੁੰਦੇ ਹਨ, ਹਕੀਕਤ ਵਿੱਚ ਉਹ ਬੱਚੇ ਉਪਰ

ਠੋਸੇ ਗਏ ਹੁੰਦੇ ਹਨ, ਜਿਹੜਾ ਇਹਨਾਂ ਦੇ ਸਹੀ ਗਲਤ ਹੋਣ ਬਾਰੇ ਨਿਰਣਾ ਨਹੀਂ ਕਰ ਸਕਦਾ। ਇਹ 'ਇਸਾਈ ਮੁੰਡਾ' ਵਰਗੀ ਕੋਈ ਚੀਜ ਨਹੀਂ, ਸਿਰਫ ਈਸਾਈ ਮਾਪਿਆਂ ਦਾ ਮੁੰਡਾ ਕਹਿਣਾ ਠੀਕ ਹੈ'।

ਇਹ ਕਿਤਾਬ Amazon.com ਜਾਂ ਚੰਡੀਗੜ੍ਹ ਦੇ ਸਤਾਰਾਂ ਸੈਕਟਰ ਦੇ ਇੰਗਲਿਸ਼ ਬੁੱਕ ਡਿੱਪੂ ਤੋਂ ਲਈ ਜਾ ਸਕਦੀ ਹੈ। ਐਮੇਜਨ ਵਾਲੇ ਡਾਕ ਰਾਂਹੀਂ, ਨਵੀਂਆਂ ਤੇ ਸੈਕਿੰਡਹੈਂਡ ਕਿਤਾਬਾਂ ਦੀ ਵੇਚਦੇ ਹਨ।

ਇਸ ਕਿਤਾਬ ਵਿਚਲਾ ਮਸਾਲਾ, ਵਿਰੋਧ ਵਿਕਾਸੀ ਪੈਂਤੜੇ ਤੋਂ ਧਰਮ ਬਾਰੇ ਲਿਖੀਆਂ ਕਿਤਾਬਾਂ ਵਿੱਚ ਨਹੀਂ ਮਿਲਦਾ। ਬੇਸ਼ਕ ਧਰਮ ਦੇ ਖਾਤਮੇ ਨੂੰ ਜਮਾਤੀ ਵਿਰੋਧ ਵਾਲੇ ਸਮਾਜ ਦੇ ਜਨਮ ਅਤੇ ਖਾਤਮੇ ਨਾਲ ਜੋੜਿਆ ਜਾਂਦਾ ਹੈ, ਫਿਰ ਵੀ ਅਜੇਹੇ ਨਿਆਂਕਾਰੀ ਸਮਾਜ ਦੀ ਉਡੀਕ ਵਿੱਚ ਹੱਥਾਂ ਤੇ ਹੱਥ ਰੱਖ ਕੇ ਨਹੀਂ ਬੈਠਿਆ ਜਾ ਸਕਦਾ। ਉਦੋਂ ਤੱਕ, ਅਜਿਹੀਆਂ ਕਿਤਾਬਾਂ ਵਰਗੀ ਪਰਚਾਰ ਸਮਗਰੀ ਨੂੰ ਵਰਤਿਆ ਜਾਣਾ ਚਾਹੀਦਾ ਹੈ।

ਵੈਨ ਸਹਾਇਤਾ

ਪ੍ਰਿੰਸੀਪਲ ਮੰਗਲ ਸਿੰਘ (ਸੇਂਟ ਸੋਲਜਰ ਡੇ-ਬੋਰਡਿੰਗ ਸਕੂਲ, ਜੰਡਿਆਲਾ ਗੁਰੂ)	1500
ਕਾਲਜ ਪ੍ਰਬੰਧਕ (ਐੱਸ.ਐੱਮ. ਕਾਲਜ ਫਾਰ ਵੂਮੈਨ) (ਇਕਾਈ ਧਾਰੀਵਾਲ ਭੋਜਾ ਰਾਹੀਂ)	200
ਪ੍ਰਿੰਸੀਪਲ, ਜੀ.ਟੀ.ਬੀ. ਇੰਟਰਨੈਸ਼ਨਲ ਕਾਲਜ, ਕਲਿਆਣਪੁਰ	1000
ਸਮੂਹ ਸਟਾਫ ਮੈਂਬਰਾਨ (ਸ.ਸ.ਸ.ਸ. ਖਿਆਲਾ ਕਲਾਂ ਅੰਮ੍ਰਿਤਸਰ)	400
ਸਮੂਹ ਅਧਿਆਪਕ (ਸ.ਸ.ਸ.ਸ ਬਾਜਵਾ ਕਲਾਂ)	1100
ਸ.ਸ.ਸ.ਸ.ਮਲਸੀਆਂ	1200


ਦਸਵਾਂ ਮੇਲਾ ਦੇਸ਼ ਭਗਤਾਂ ਦਾ

ਦੇਸ਼ ਭਗਤ ਯਾਦਗਾਰ ਲੌਂਗੋਵਾਲ

16 ਨਵੰਬਰ 2014

ਇੰਝ ਪੜ੍ਹੀਏ ਪੁਸਤਕਾਂ

ਪ੍ਰੇਤ ਦਾ ਸਾਇਆ




ਮੈਂ, ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਨਵੀਂ ਪ੍ਰਕਾਸ਼ਿਤ ਬਾਲ ਕਹਾਣੀਆਂ ਦੀ ਪੁਸਤਕ 'ਪ੍ਰੇਤ ਦਾ ਸਾਇਆ' ਪੜ੍ਹੀ। ਇਹ ਕਿਤਾਬ, ਗਿਆਨ-ਵਿਗਿਆਨ ਦਾ ਚਾਨਣ ਵੰਡਦੀਆਂ ਅਨੇਕਾਂ ਪੁਸਤਕਾਂ ਲਿਖਣ ਵਾਲੇ ਪ੍ਰਸਿੱਧ ਲੇਖਕ ਡਾ. ਗੁਰਚਰਨ ਨੂਰਪੁਰ ਦੁਆਰਾ ਲਿਖੀ ਗਈ ਹੈ। ਇਸ ਵਿੱਚ ਅੱਠ ਬਾਲ ਕਹਾਣੀਆਂ ਹਨ ਜੋ ਕਿ ਹਰ ਪੱਖ ਤੋਂ ਮਿਆਰੀ, ਸਿੱਖਿਆਤਮਕ ਅਤੇ ਅੱਗੇ ਵਧਣ ਦਾ ਜ਼ਜਬਾ ਪ੍ਰਦਾਨ ਕਰਨ ਵਾਲੀਆਂ ਹਨ। ਮੁੱਖ ਕਹਾਣੀ 'ਪ੍ਰੇਤ ਦਾ ਸਾਇਆ' ਵਿੱਚ ਦੱਸਿਆ ਗਿਆ ਹੈ ਕਿ ਪਾਖੰਡੀ ਸਾਧ ਕਿਵੇਂ ਕਿਸੇ ਸਧਾਰਨ ਬਿਮਾਰੀ ਜਾਂ ਮਾਨਸਿਕ ਰੋਗ ਨੂੰ ਭੂਤ-ਪ੍ਰੇਤ ਦਾ ਸਾਇਆ ਜਾਂ ਓਪਰੀ ਕਸਰ ਦੱਸ ਕੇ ਆਮ ਲੋਕਾਂ ਨੂੰ ਲੁੱਟਣ ਦੀ ਕੋਸ਼ਿਸ਼ ਕਰਦੇ ਹਨ ਜਦਕਿ ਅਜਿਹੀਆਂ ਸਮੱਸਿਆਵਾਂ ਦਾ ਹੱਲ ਤਰਕਸ਼ੀਲ ਸੁਸਾਇਟੀ, ਸੰਬੰਧਿਤ ਵਿਅਕਤੀ ਨੂੰ ਸੰਮੋਹਿਤ ਕਰਕੇ ਅਤੇ ਉਸਾਰੂ ਸੁਝਾਅ ਦੇ ਕੇ ਬਾਖੂਬੀ ਕਰ ਰਹੀ ਹੈ। 'ਗਿੱਦੜ ਦੀਆਂ ਗੱਪਾਂ' ਕਹਾਣੀ ਝੂਠੀ ਸ਼ਾਨ ਦਾ ਦਿਖਾਵਾ ਕਰਨ ਦੀ ਬਜਾਏ ਲਗਨ ਤੇ ਮਿਹਨਤ ਨਾਲ ਕੰਮ ਕਰਨ ਦਾ ਸੁਨੇਹਾ ਦਿੰਦੀ ਹੈ। 'ਪਨੀਰ ਦਾ ਟੁਕੜਾ' ਕਹਾਣੀ ਦੱਸਦੀ ਹੈ ਕਿ ਕਿਸੇ ਦੀ ਗਲਤੀ ਨਾਲ ਉਸਨੂੰ ਨੁਕਸਾਨ ਪਹੁੰਚਾਉਣ ਦੀ ਜਗ੍ਹਾ ਗਲਤੀ ਦਾ ਸਹੀ ਮੌਕੇ ਤੇ ਅਹਿਸਾਸ ਕਰਾਉਣਾ ਹੀ ਉਸਦੀ ਸਜ਼ਾ ਹੁੰਦੀ ਹੈ। 'ਜਦੋਂ ਜਾਗਦੇ ਲੋਕ' ਕਹਾਣੀ ਸਿੱਖਿਆ ਦਿੰਦੀ ਹੈ ਕਿ ਜਦੋਂ ਲੋਕ ਏਕਤਾ ਕਰ ਲੈਣ ਤਾਂ ਵੱਡੇ-ਵੱਡੇ ਤਖ਼ਤ ਵੀ ਉਖਾੜ ਸੁੱਟਦੇ ਹਨ। ਇਸੇ ਤਰ੍ਹਾਂ ਬਾਕੀ ਕਹਾਣੀਆਂ ਵਿੱਚੋਂ ਵੀ ਜੀਵਨ ਨੂੰ ਸੇਧ ਦੇਣ ਵਾਲੇ ਅਗਾਂਹਵਧੂ ਸੰਦੇਸ਼ ਮਿਲਦੇ ਹਨ। ਪੁਸਤਕ ਬਾਲ ਹਿਰਦਿਆਂ ਤੋਂ ਭਰਮਾਂ ਦੇ ਜਾਲੇ ਲਾਹ ਕੇ ਚੰਗੇਰੀ ਜੀਵਨ ਜਾਚ ਸਿਖਾਉਣ ਦੇ ਸਮਰੱਥ ਹੈ।

ਲਵਪ੍ਰੀਤ ਸਿੰਘ ਫੇਰੋਕੇ (+2)
ਜੀਵਨ ਮੱਲ ਸਰਕਾਰੀ ਮਾਡਲ ਸਕੂਲ ਸ.ਸ. ਸਕੂਲ, ਜ਼ੀਰਾ
88726-31504



ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com



✉ ਮੈਂ, ਕੁੱਝ ਹੀ ਸਮਾਂ ਪਹਿਲਾਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨਾਲ ਜੁੜਿਆ ਹਾਂ। ਮੈਂ, ਜਲੰਧਰ ਵਿਖੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਟ੍ਰੇਨਿੰਗ ਵਰਕਸ਼ਾਪ ਅਟੈਂਡ ਕੀਤੀ ਸੀ। ਜਿਸ ਵਿੱਚੋਂ ਮੈਨੂੰ ਬਹੁਤ ਕੁੱਝ ਸਿੱਖਣ ਨੂੰ ਪ੍ਰਾਪਤ ਹੋਇਆ। ਤਰਕਸ਼ੀਲ ਸਾਹਿਤ ਵੈਨ ਵੀ ਸਾਡੇ ਇਲਾਕੇ ਵਿੱਚ ਆਈ। ਇਹ ਬਹੁਤ ਵਧੀਆ ਉਪਰਾਲਾ ਕੀਤਾ ਜਾ ਰਿਹਾ ਹੈ। ਸਕੂਲਾਂ ਦੇ ਵਿਦਿਆਰਥੀ ਬਹੁਤ ਦਿਲਚਸਪੀ ਨਾਲ ਸਾਹਿਤ ਖਰੀਦ ਰਹੇ ਹਨ। ਉਹ ਚੰਗਾ ਸਾਹਿਤ ਪੜ੍ਹਕੇ ਆਪਣੀ ਸੋਚ ਉਸਾਰੂ ਬਨਾਉਣਗੇ। ਜਿਸ ਨਾਲ ਇੱਕ ਚੰਗੇ ਸਮਾਜ ਦੀ ਉਸਾਰੀ ਦੀ ਸੰਭਾਵਨਾ ਉਜਾਗਰ ਹੁੰਦੀ ਹੈ। ਟੀ.ਵੀ. 'ਤੇ ਜੋਤਸ਼ੀਆਂ ਨਾਲ ਤਰਕਸ਼ੀਲ ਆਗੂਆਂ ਦੀਆਂ ਹੋਈਆਂ ਬਹਿਸਾਂ ਵਿੱਚੋਂ ਉਪਜਦਾ ਇਹ ਹੈ ਕਿ ਸਾਡੇ ਵਿਰੋਧੀ ਵਿਚਾਰਾਂ ਵਾਲੇ ਪੂਰੀ ਮਿਹਨਤ ਕਰਕੇ ਵਿਸ਼ੇ ਦੀ ਤਿਆਰੀ ਕਰਦੇ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਵੀ ਉਹਨਾਂ ਦੇ ਸਮਰਥਕ ਹਨ ਸੋ ਭਾਰਤੀ ਲੋਕਾਂ ਨੂੰ ਅੰਧਵਿਸ਼ਵਾਸਾਂ ਦੀ ਦਲਦਲ ਵਿੱਚੋਂ ਕੱਢਣ ਲਈ ਸਾਨੂੰ ਬਹੁਤ ਮਿਹਨਤ ਕਰਨੀ ਪੈਣੀ ਹੈ। ਇਹ ਕੰਮ ਔਖਾ ਹੈ, ਪਰ ਹੈ ਮਾਣ ਵਾਲਾ। ਤਰਕਸ਼ੀਲ ਮੈਗਜ਼ੀਨ ਦਿਨ ਦੁੱਗਣੀ ਰਾਤ ਚੋਗੁਣੀ ਤਰੱਕੀ ਕਰ ਰਿਹਾ ਹੈ। ਇਸਦੇ ਸਾਰੇ ਹੀ ਲੇਖ ਪੜ੍ਹਣ ਯੋਗ ਹੁੰਦੇ ਹਨ। ਮੈਂ ਇਸ ਵਾਰ ਜਿਸ ਵੀ ਵਿਅਕਤੀ ਨੂੰ ਮੈਗਜ਼ੀਨ ਦਿੱਤਾ, ਉਸਨੇ ਇਸ ਬਾਰੇ ਪਾਜੇਟਿਵ ਰਿਪੋਰਟ ਹੀ ਦਿੱਤੀ। ਇਸ ਲਈ ਸੰਪਾਦਕ ਅਤੇ ਸੰਪਾਦਕੀ ਬੋਰਡ ਵਧਾਈ ਦਾ ਪਾਤਰ ਹੈ।

ਰੁਪਿੰਦਰਪਾਲ ਸਿੰਘ, ਜੰਡਿਆਲੀ (ਲੁਧਿਆਣਾ)

ਤਰਕਸ਼ੀਲ ਦਾ 'ਜੁਲਾਈ-ਅਗਸਤ' ਅੰਕ ਪੜ੍ਹਿਆ। ਪਹਿਲੀ ਲਿਖਤ - ਹੇਮ ਰਾਜ ਸਟੈਨੋ ਜੀ ਦਾ 'ਵਧਦੀ ਆਬਾਦੀ ਦੀ ਸਮੱਸਿਆ ਬਾਰੇ ਲੇਖ ਸਪੱਸ਼ਟ ਕਰਦਾ ਹੈ ਕਿ ਵਧਦੀ ਆਬਾਦੀ, ਦੇਸ਼ ਦੀਆਂ ਸਮੱਸਿਆਵਾਂ ਦੀ ਜੜ੍ਹ ਨਹੀਂ ਸਗੋਂ, ਲੁੱਟ ਦੇ ਅਧਾਰ ਤੇ ਉਸਰਿਆ ਅਣਸਾਂਵੀ ਵੰਡ ਵਾਲਾ ਅਨਿਆਪੂਰਨ ਸਮਾਜਿਕ ਪ੍ਰਬੰਧ ਹੈ। ਇਹ ਲੇਖ ਬਹੁਤ ਵਧੀਆ ਲੱਗਿਆ। ਡਾ. ਅਵਤਾਰ ਸਿੰਘ ਢੀਂਡਸਾ ਦਾ ਕਾਲਮ 'ਬ੍ਰਹਿਮੰਡ ਯਾਤਰਾ' ਬਹੁਤ ਰੋਚਕ ਅਤੇ ਗਿਆਨ ਭਰਪੂਰ ਹੁੰਦਾ ਹੈ। ਡਾ. ਬਲਵੰਤ ਸਿੰਘ ਸਿੱਧੂ, ਡਾ. ਦੀਪਤੀ ਆਪਣੀ ਅਤਿ ਰੁਝੇਵਿਆਂ ਭਰਪੂਰ ਜ਼ਿੰਦਗੀ ਦੇ ਬਾਵਜੂਦ ਮਨੁੱਖ ਦੀ ਸੋਚ ਦਾ ਰੁਖ ਬਦਲਣ ਵਾਲੇ ਲੇਖ ਮੈਗਜ਼ੀਨ ਨੂੰ ਭੇਜਦੇ ਹਨ, ਪ੍ਰਸ਼ੰਸਾ ਦੇ ਪਾਤਰ ਹਨ। ਡਾ. ਯਤੀਸ਼ ਅਗਰਵਾਲ ਦਾ ਬਲਬੀਰ ਮਾਧੋਪੁਰੀ ਵੱਲੋਂ ਅਨੁਵਾਦਤ ਲੇਖ 'ਟੂਣੇ, ਅੰਧਵਿਸ਼ਵਾਸ ਅਤੇ ਮਨ ਦੇ ਵਿਕਾਰ' ਬਹੁਤ ਵਧੀਆ ਸੀ। 'ਦਸ ਸਵਾਲ' ਵਿਦਿਆਰਥੀਆਂ ਲਈ ਬਹੁਤ ਹੀ ਲਾਹੇਬੰਦ ਸਾਬਤ ਹੋ ਰਿਹਾ ਹੈ। ਬੱਚਿਆਂ ਨੂੰ ਹਰ ਨਵੇਂ ਅੰਕ ਦੀ ਉਡੀਕ ਰਹਿੰਦੀ ਹੈ। ਮੈਟਰ ਇਕੱਠਾ ਕਰਨ, ਸੈੱਟ ਕਰਨ ਅਤੇ ਫਿਰ ਸਮੇਂ ਸਿਰ ਸਾਡੇ ਹੱਥਾਂ ਤੀਕ ਪਹੁੰਚਾਉਣ ਲਈ ਸੰਪਾਦਕੀ ਟੀਮ ਵਧਾਈ ਦੀ ਪਾਤਰ ਹੈ।

ਹਰਨੇਕ ਸਿੰਘ ਲਾਛੜੂ

ਤਰਕਸ਼ੀਲ (ਜੁਲਾਈ-ਅਗਸਤ ਅੰਕ), ਮੈਂ ਪਹਿਲੀ ਵਾਰ ਇਹ ਮੈਗਜ਼ੀਨ ਰੱਖੜ ਪੁੰਨਿਆਂ ਦੇ ਮੇਲੇ ਤੇ ਬਾਬਾ ਬਕਾਲਾ ਸਾਹਿਬ ਵਿਖੇ ਖਰੀਦਿਆ। ਬਰਨਾਲਾ ਤੋਂ ਚੱਲ ਕੇ ਬਾਬਾ ਬਕਾਲਾ ਪੁੱਜੀ, ਤਰਕਸ਼ੀਲ ਟੀਮ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ। ਮੇਰੀ 40 ਸਾਲ ਦੀ ਉਮਰ ਹੋ ਚੁੱਕੀ ਹੈ। ਮੇਰੇ ਇਸ ਇਲਾਕੇ ਵਿੱਚ ਅਜਿਹਾ ਕਦੀ ਕੋਈ ਸਾਹਿਤ ਨੂੰ ਘਰ-ਘਰ ਪਹੁੰਚਾਉਣ ਦਾ ਉਪਰਾਲਾ ਨਹੀਂ ਹੋਇਆ। ਮਾਝੇ ਵਿੱਚ ਸਾਹਿਤ ਸਭਾਵਾਂ ਬਹੁਤ ਹਨ ਪਰ ਕਿਸੇ ਨੂੰ ਤਰਕ ਬਾਰੇ ਕੋਈ ਜਾਣਕਾਰੀ ਨਹੀਂ। ਹੇਮ ਰਾਜ ਸਟੈਨੋ ਦੀ ਰਚਨਾ 'ਵਧਦੀ ਅਬਾਦੀ ਕੀ ਸਮੱਸਿਆਵਾਂ ਦੀ ਜੜ੍ਹ ਹੈ?', ਡਾ. ਅੰਮ੍ਰਿਤ ਦਾ ਲੇਖ 'ਵਿਚਾਰਵਾਦ ਅਤੇ ਧਰਮ ਵੱਲੋਂ ਡਾਹੇ ਅੜਿੱਕੇ', ਡਾ. ਬਲਵੰਤ ਸਿੰਘ ਸਿੱਧੂ ਦੀ ਰਚਨਾ 'ਮਨੋਰੋਗ ਮਾਹਿਰ ਦੀ ਕਲਮ ਤੋਂ' ਬਹੁਤ ਪਸੰਦ ਆਈ। ਮੈਂ ਪਿੰਡ ਸਠਿਆਲੇ ਵਿੱਚ ਮੈਡੀਕਲ ਕਲੀਨਿਕ ਚਲਾਉਂਦਾ ਹਾਂ। ਮੇਰੇ ਮੇਜ ਤੇ ਪਏ ਤਰਕਸ਼ੀਲ ਮੈਗਜ਼ੀਨ ਨੂੰ ਜਦੋਂ ਪਿੰਡ ਦੇ ਨੌਜਵਾਨਾਂ ਨੇ ਪੜ੍ਹਿਆ ਤਾਂ ਹੈਰਾਨ ਰਹਿ ਗਏ। ਕਿਸੇ ਨੇ ਸਾਰਾ ਮੈਗਜ਼ੀਨ ਦੋ ਦਿਨ ਵਿੱਚ ਅਤੇ ਕਿਸੇ ਨੇ ਇੱਕ ਦਿਨ ਵਿੱਚ ਹੀ ਚਾਅ ਨਾਲ ਪੜ੍ਹ ਦਿੱਤਾ। ਉਹਨਾਂ ਨੇ ਆਪਸ ਵਿੱਚ ਤਰਕ ਭਰਪੂਰ ਵਿਚਾਰ-ਚਰਚਾ ਵੀ ਸ਼ੁਰੂ ਕਰ ਦਿੱਤੀ।

ਡਾ. ਅਰਜਿੰਦਰ ਸਿੰਘ, ਬੁਤਾਲਾ (ਅੰਮ੍ਰਿਤਸਰ)

ਸਤੰਬਰ-ਅਕਤੂਬਰ 14 ਅੰਕ ਦਾ ਮੁੱਖ ਪੰਨਾ ਵਧੀਆ ਲੱਗਾ। ਕਿਸੇ ਸਕੂਲ ਵਿੱਚ ਇੱਕ ਵਿਦਿਆਰਥੀ, ਸਾਥੋਂ ਥੋੜ੍ਹੀ ਦੂਰ ਖੜ੍ਹਾ ਸੀ,

ਉਸਨੇ ਸਾਡੇ ਹੱਥ ਵਿੱਚ ਇਹ ਅੰਕ ਵੇਖਿਆ ਅਤੇ ਸਾਡੇ ਕੋਲੋਂ ਉਸਨੇ ਇਹ ਮੈਗਜ਼ੀਨ ਖਰੀਦ ਲਿਆ। ਸੰਪਾਦਕੀ ਸ਼ਬਦ ਮੋਟੀ ਛਪਾਈ ਵਿੱਚ ਹੀ ਜਚਦਾ ਹੈ। ਹਵਾ 'ਚ ਲਿਖੇ ਹਰਫ਼, ਥਾਣੇ ਵਿੱਚ ਸੱਪ, ਜਸਵੀਰ ਮਾਰੜੇ ਦੀਆਂ ਲਾਈਨਾਂ ਅਤੇ ਬਲਬੀਰ ਜੀ ਦਾ ਗੀਤ ਮੈਨੂੰ ਕੋਈ ਖਾਸ ਨਹੀਂ ਲੱਗੇ। ਭਾਵੇਂ ਕਿ ਇੰਨ੍ਹਾਂ ਦਾ ਪ੍ਰਭਾਵ ਕੁੱਝ ਪਾਠਕਾਂ ਤੇ ਜ਼ਰੂਰ ਚੰਗਾ ਪਿਆ ਹੋਵੇਗਾ। ਹਰ ਅੰਕ ਵਿੱਚ ਕੁੱਝ ਨਾ ਕੁੱਝ ਨਵਾਂਪਣ ਜ਼ਰੂਰ ਹੁੰਦਾ ਹੈ ਜਿਵੇਂ ਕਿ ਇਸ ਅੰਕ ਵਿੱਚ ਲੋਕ ਰੰਗ ਮੰਚ ਦਾ ਨਾਇਕ। ਪੰਨਾ ਨੰ: 6 ਦੇ ਪਹਿਲੇ ਪਹਿਰੇ ਦੀ ਦੂਜੀ ਲਾਈਨ : ਇਸਤੋਂ ਬਿਨਾਂ ਭਾਗ ਕੀਤਾ ਹੀ ਜਾ ਸਕਦਾ ਹੈ ਦੀ ਥਾਂ ਕੀਤਾ ਹੀ ਜਾ ਸਕਦਾ ਹੋਣਾ ਚਾਹੀਦਾ ਸੀ। ਪਰੂਫ-ਰੀਡਿੰਗ ਵਿੱਚ ਬਹੁਤ ਸੁਧਾਰ ਹੈ। ਕਾਮਾਗਾਟਾਮਾਰੂ ਜਹਾਜ ਵਿੱਚ 376 ਯਾਤਰੀ ਸਨ ਨਾ ਕਿ 350, ਜਿੰਨ੍ਹਾਂ ਵਿੱਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸਨ। ਇਸ ਅੰਕ ਵਿੱਚ ਔਰਤ ਲੇਖਕਾਂ ਦੀ ਅਣਹੋਂਦ ਨੇ ਸੋਚ ਫਿਕਰਾਂ ਵਿੱਚ ਪਾ ਦਿੱਤੀ। ਇਸ ਫਿਕਰਮੰਦੀ ਨੇ ਵਿਸ਼ੇਸ਼ ਤਵੱਜੋ ਦੀ ਸਖ਼ਤ ਲੋੜ ਖੜ੍ਹੀ ਕਰ ਦਿੱਤੀ ਹੈ। ਤਰਕਸ਼ੀਲ ਮੈਗਜ਼ੀਨ ਪਾਠਕਾਂ ਦੀ ਸੋਚ ਵਿੱਚ ਸਿਫ਼ਤੀ ਤਬਦੀਲੀ ਲਿਆਉਣ ਵਿੱਚ ਅਥਾਹ ਸਮਰੱਥਾ ਰਖਦਾ ਹੈ ਬਸ਼ਰਤੇ ਕਿ ਇਸਦਾ ਗੋਝ ਨਾਲ ਅਧਿਐਨ ਕੀਤਾ ਜਾਵੇ। ਬਹੁਤ ਸਾਰੇ ਪਾਠਕਾਂ ਦਾ ਮੈਗਜ਼ੀਨ ਪ੍ਰਤੀ ਲਗਾਅ, ਖਿੱਚ, ਦਿਲਚਸਪੀ, ਤੜਪ ਅਤੇ ਬੇਸਬਰੀ ਉਡੀਕ ਵੇਖਣ ਨੂੰ ਮਿਲੀ ਹੈ। ਕਈ ਪਾਠਕਾਂ ਲਈ ਮੈਗਜ਼ੀਨ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਸੰਪਾਦਕੀ ਬੋਰਡ, ਪ੍ਰਬੰਧਕੀ ਕਾਮੇ ਅਤੇ ਲੇਖਕਾਂ ਦਾ ਹਾਰਦਿਕ ਧੰਨਵਾਦ ਜੋ ਕਿ ਵਿਗਿਆਨਕ ਸੋਚ ਨੂੰ ਪ੍ਰਫੁੱਲਤ ਕਰਨ ਵਿੱਚ ਸਹਾਈ ਬਣੇ ਹੋਏ ਹਨ।

ਅਜੀਤ ਪ੍ਰਦੇਸੀ

ਹੱਸਮੁਖ ਤੇ ਸੁਹਿਰਦ ਸਾਥੀ ਅਜੀਤ ਰਾਜ ਜੇ ਈ ਸਾਹਿਬ ਸਦੀਵੀ ਵਿਛੋੜਾ ਦੇ ਗਏ : ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਜੋਨ ਜਲੰਧਰ ਦੀ ਜੋਨ ਕਮੇਟੀ ਦੇ ਸਾਥੀ ਏ ਐਸ ਡੀ ਓ ਪਾਵਰਕੋਮ ਸ੍ਰੀ ਅਜੀਤ ਰਾਜ ਜੀ ਲਿਵਰ ਦੀ ਬੀਮਾਰੀ ਕਾਰਨ ਸਦੀਵੀ ਵਿਛੋੜਾ ਦੇ ਗਏ ਹਨ । ਇਹ ਹੋਣਹਾਰ ਸਾਥੀ ਜੋ ਬੜੇ ਹੀ ਹਸਮੁਖ ਸੁਭਾਅ ਦਾ ਸੀ ਕਾਫੀ ਅਰਸਾ ਇਕਾਈ ਜਲੰਧਰ ਦੇ ਮੁਖੀ ਰਹੇ ਅਤੇ ਆਪਣੇ ਮਹਿਕਮੇ ਦੇ ਕਰਮਚਾਰੀਆਂ ਦੀ ਯੂਨੀਅਨ ਵਿੱਚ ਵੀ ਇੱਕ ਵਧੀਆ ਕਾਰਕੁੰਨ ਦੇ ਤੌਰ ਤੇ ਵਿਚਰ ਦੇ ਰਹੇ। ਸਾਥੀ ਦਾ ਸ਼ੋਕ ਸਮਾਗਮ 12 ਅਕਤੂਬਰ ਨੂੰ ਅੰਬੇਡਕਰ ਭਵਨ ਜਲੰਧਰ ਵਿਖੇ ਕੀਤਾ ਗਿਆ ਜਿਸ ਨੂੰ ਤਰਕਸ਼ੀਲ ਆਗੂ ਸੁਖਦੇਵ ਫਗਵਾੜਾ ,ਜਸਵਿੰਦਰ ਪਟਵਾਰੀ ,ਜਰਨੈਲ ਸਿੰਘ ਡੀ ਈ ਓ ,ਮਾਸਟਰ ਵਿਸ਼ਵਾ ਮਿਤਰ ਵੱਮੀ, ਰਾਜੂ ਸੋਨੀ, ਮੁਲਾਜਮ ਆਗੂ ਇੰਜਨੀਅਰ ਜਸਵੰਤ ਰਾਏ, ਇੰਜਨੀਅਰ ਅਸ਼ਵਨੀ ਕੁਮਾਰ, ਇੰਜਨੀਅਰ ਰਾਜਕੁਮਾਰ ਚੌਧਰੀ ਤੇ ਕਈ ਹੋਰ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਥੀ ਦੀ ਬੇਵਕਤੀ ਮੌਤ ਜਿਥੇ ਪਰਿਵਾਰ ਲਈ ਦੁਖਦਾਇਕ ਹੈ ਉਥੇ ਇਹ ਘਾਟਾ ਆਮ ਲੋਕਾਂ ਤੇ ਜਥੇਬੰਦੀਆਂ ਲਈ ਵੀ ਹੈ ਕਿਉਂਕਿ ਅੱਗੇ ਹੋ ਕੇ ਭੱਜ ਭੱਜ ਕੇ ਕੰਮ ਕਰਨ ਵਾਲਾ ਤੇ ਹਰ ਇੱਕ ਦੇ ਦਰਦ ਵਿੱਚ ਸ਼ਾਮਲ ਹੋਣ ਵਾਲਾ ਸਾਥੀ ਅਜੀਤ ਰਾਜ ਜੇ ਈ ਹੁਣ ਸਾਨੂੰ ਲੋਕ ਹਿਤਾਂ ਲਈ ਤੁਰਦਾ ਨਹੀਂ ਦਿਸੇਗਾ । ਬਿਨਾ ਸ਼ੱਕ ਸਾਥੀ ਦਾ ਸੁਭਾਅ ਤੇ ਸਮਾਜਿਕ ਹਿਤਾਂ ਲਈ ਕੀਤਾ ਕੰਮ ਹਮੇਸ਼ਾਂ ਹੀ ਸਾਡੇ ਜਿਹਨ ਵਿੱਚ ਰਹੇਗਾ। **ਜਸਵਿੰਦਰ ਪਟਵਾਰੀ**

ਸਾਥੀ ਸੁਰਿੰਦਰ ਜਲੰਧਰ ਦਾ ਮ੍ਰਿਤਕ ਸਰੀਰ ਸੀ ਐਮ ਸੀ ਲੁਧਿਆਣਾ ਨੂੰ ਮੈਡੀਕਲ ਖੋਜ ਕਾਰਜਾਂ ਹਿਤ ਦਿੱਤਾ : ਇਕਾਈ ਜਲੰਧਰ ਦੇ ਸਰਗਰਮ ਕਾਰਕੁੰਨ ਸਾਥੀ ਸੁਰਿੰਦਰ ਸਿੰਘ ਦਿਲ ਦੀ ਬੀਮਾਰੀ ਕਾਰਨ ਪਿਛਲੇ ਦਿਨੀ ਭੈਣਜੀ ਆਸ਼ਾ (ਜੀਵਨ ਸਾਥਣ) ਦੋ ਨਬਾਲਗ ਪੁੱਤਰਾਂ ਤੇ ਹਜਾਰਾਂ ਸੰਗੀ ਸਾਥੀਆਂ ਦੇ ਕਾਫਲੇ ਨੂੰ ਵਿਛੋੜਾ ਦੇ ਗਿਆ ਹੈ ।ਸਾਥੀ ਦੀ ਸੁਸਾਇਟੀ ਦੀਆਂ ਲੋਕਲ ਗਤੀ ਵਿਧੀਆਂ ਵਿੱਚ ਅਹਿਮ ਭੂਮਿਕਾ ਹੁੰਦੀ ਸੀ ਅਤੇ ਜਲ ਭੈ ਦੀ ਪਖੰਡੀ ਸਾਧਣੀ ਖਿਲਾਫ ਸੁਸਾਇਟੀ ਵਲੋਂ ਲੜੇ ਗਏ ਘੋਲ ਵਿੱਚ ਅਹਿਮ ਭੂਮਿਕਾ ਰਹੀ ਸੀ। ਇੱਕ ਜਿੰਮੇਵਾਰ ਤੇ ਪ੍ਰਤੀਬਧ ਸਾਥੀ ਦਾ ਵਿਛੋੜਾ ਸਾਡੇ ਲਈ ਵੱਡੀ ਘਾਟ ਹੈ । ਸਾਥੀ ਨੇ ਆਪਣੇ ਪਰਿਵਾਰ ਨੂੰ ਕਾਫੀ ਚੇਤਨ ਕੀਤਾ ਹੋਇਆ ਸੀ ਜਦ ਸਾਥੀ ਦੀ ਮੌਤ ਹੋ ਗਈ ਉਨਾਂ ਦੀ ਜੀਵਨ ਸਾਥਣ ਨੇ ਆਪਣੇ ਜਵਾਨ ਪਤੀ ਦੇ ਵਿਛੋੜੇ ਦੇ ਸੱਲ ਨੂੰ ਝਲਦੇ ਹੋਏ ਵੀ ਇਹ ਫੈਸਲਾ ਲਿਆ ਕਿ ਮੈਂ ਆਪਣੇ ਜੀਵਨ ਸਾਥੀ ਦੇ ਅਰਮਾਨਾਂ ਤੇ ਵਿਚਾਰਾਂ ਅਨੁਸਾਰ ਉਨਾਂ ਦੀ ਮਿਰਤਕ ਦੇਹ ਨੂੰ ਤਰਕਸ਼ੀਲ ਸੁਸਾਇਟੀ ਦੀ ਅਗਵਾਈ ਵਿੱਚ ਮੈਡੀਕਲ ਕਾਲਜ ਨੂੰ ਭੇਂਟ ਕਰਾਂਗੀ । ਸਾਥੀ ਦੀ ਜੀਵਨ ਸਾਥਣ ਭੈਣਜੀ ਆਸ਼ਾ ਤੇ ਉਨਾਂ ਦੇ ਨਬਾਲਿਗ ਬੱਚਿਆਂ ਨੇ ਸੁਸਾਇਟੀ ਵਰਕਰ ਨੂੰ ਨਾਲ ਲਿਜਾਕੇ ਕਰਿਸਚੀਅਨ ਮੈਡੀਕਲ ਕਾਲਜ ਲੁਧਿਆਣਾ ਨੂੰ ਸਾਥੀ ਦੀ ਦੇਹ ਅਰਪਿਤ ਕੀਤੀ। ਸਾਥੀ ਦੇ ਸ਼ੋਕ ਸਮਾਗਮ ਨੂੰ ਤਰਕਸ਼ੀਲ ਆਗੂ ਰਜਿੰਦਰ ਭਦੌੜ, ਜਸਵਿੰਦਰ ਪਟਵਾਰੀ, ਸੁਖਦੇਵ ਫਗਵਾੜਾ, ਸੁਖਵਿੰਦਰ ਬਾਗਪੁਰ, ਮਾਸਟਰ ਮਨਜੀਤ ਸਿੰਘ ਸ਼ਾਹਕੋਟ, ਰਾਜੂ ਸੋਨੀ, ਜਰਨੈਲ ਸਿੰਘ ਡੀ ਈ ਓ ਅਤੇ ਵਿਜੇ ਰਾਹੀ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਥੇ ਸਾਥੀ ਸੁਰਿੰਦਰ ਦੀ ਪ੍ਰਤੀਬਧਤਾ ਤੇ ਲਗਨ ਸਾਡੇ ਸਮਾਜ ਤੇ ਤਰਕਸ਼ੀਲਾਂ ਲਈ ਇਕ ਰਾਹ ਦਰਸਾਵਾ ਹੈ ਉਥੇ ਭੈਣਜੀ ਆਸ਼ਾ ਨੇ ਵੀ ਸਮਾਜੀ ਤੰਗ ਵਲਗਣਾਂ ਨੂੰ ਤੋੜ ਕੇ ਇੱਕ ਬਹਾਦਰ ਤੇ ਜਿੰਮੇਵਾਰ ਹਮਸਫਰ ਵਾਂਗ ਸਾਥੀ ਦੀ ਦੇਹ ਖੋਜ ਕਾਰਜਾਂ ਲਈ ਅਰਪਿਤ ਕਰਕੇ ਇੱਕ ਮੀਲ ਪੱਥਰ ਕਾਇਮ ਕੀਤਾ ਹੈ । **ਜਸਵਿੰਦਰ ਪਟਵਾਰੀ**

ਇਕਾਈ ਸੰਗਰੂਰ: ਵਿਚਾਰ ਗੋਸ਼ਟੀ: ਇਕਾਈ ਮੁਖੀ ਪਰਮਵੇਦ ਦੀ ਅਗਵਾਈ ਹੇਠ 'ਨਸ਼ੇ ਅਤੇ ਮਨੁੱਖਤਾ ਦਾ ਭਵਿੱਖ' ਵਿਸ਼ੇ ਤੇ ਸਥਾਨਕ ਈਟਿੰਗ ਮਾਲ ਵਿੱਚ ਇਹ ਇਕ ਰੋਜਾ ਵਿਚਾਰ ਗੋਸ਼ਟੀ ਕਰਵਾਈ ਗਈ। ਮੁੱਖ ਬੁਲਾਰੇ ਡਾ. ਰਾਜ ਕੁਮਾਰ ਬਠਿੰਡਾ ਨੇ ਨਸ਼ਿਆਂ ਦੇ ਮਨੁੱਖੀ ਭਵਿੱਖ 'ਤੇ ਪੈ ਰਹੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਵਿਚਾਰ ਪ੍ਰਗਟਾਏ। ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜਿਕ, ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਦੇ ਦੁਸ਼ਮਣ ਹਨ। ਸਰਕਾਰਾਂ ਦਾ ਸ਼ਰਾਬ ਆਦਿ ਦੀ ਵਿਕਰੀ ਨੂੰ ਆਮਦਨ ਦਾ ਮੁੱਖ ਸ੍ਰੋਤ ਬਨਾਉਣਾ ਦੁਖਦਾਈ ਹੈ। ਸਵਾਲ-ਜਵਾਬ ਸੈਸਨ ਵਿੱਚ ਮਨਧੀਰ ਸਿੰਘ, ਅਮਰੀਕ ਸਿੰਘ ਖੋਖਰ, ਚਮਕੌਰ ਸਿੰਘ, ਕੁਲਵੰਤ ਸਿੰਘ, ਸੁਖਦੇਵ ਸਿੰਘ, ਹਰਦੇਵ ਸਿੰਘ ਰਾਠੀ, ਚਰਨਜੀਤ ਪਟਵਾਰੀ, ਧੰਨਾ ਸਿੰਘ, ਡਾ. ਅਵਤਾਰ ਸਿੰਘ ਢੀਂਡਸਾ, ਜਗਦੀਸ ਗਰਗ, ਸਵਰਨਜੀਤ ਸਿੰਘ ਆਦਿ ਨੇ ਭਾਗ ਲਿਆ। ਗੁਰਮੁਖ ਸਿੰਘ ਤੇ ਰਾਮ ਸਰੂਪ ਭਵਾਨੀਗੜ੍ਹ ਨੇ ਤਰਕਸ਼ੀਲ ਗੀਤ ਪੇਸ਼ ਕੀਤੇ। ਇਸ ਪ੍ਰੋਗਰਾਮ ਵਿੱਚ ਵਿਦਿਆਰਥਣ ਅਰਸ਼ਦੀਪ ਕੌਰ ਨੂੰ ਤਰਕਸ਼ੀਲ ਮੈਗਜ਼ੀਨ ਦੇ ਕਾਲਮ 'ਦਸ-ਸਵਾਲ' ਵਿੱਚ ਅਦਾ ਕੀਤੀ ਵਧੀਆ ਕਾਰਗੁਜਾਰੀ ਲਈ ਸਨਮਾਨਤ ਕੀਤਾ ਗਿਆ।

ਪਰਮਵੇਦ

ਇਕਾਈ ਚੰਡੀਗੜ੍ਹ : ਜੋਤਿਸ਼ ਬਾਰੇ ਸੈਮੀਨਾਰ : 'ਜੋਤਿਸ਼ ਝੂਠ ਬੋਲਦਾ ਹੈ' ਵਿਸ਼ੇ ਤੇ ਇਹ ਸੈਮੀਨਾਰ ਸ਼ਹੀਦ ਊਧਮ ਸਿੰਘ ਮੈਮੋਰੀਅਲ ਭਵਨ ਸੈਕਟਰ-44 ਵਿਖੇ ਕਰਵਾਇਆ ਗਿਆ। ਮੁੱਖ ਬੁਲਾਰੇ ਦੇ ਤੌਰ ਤੇ ਸੁਰਜੀਤ ਦੌਧਰ ਨੇ ਸ਼ਿਰਕਤ ਕੀਤੀ। ਚੰਡੀਗੜ੍ਹ ਜ਼ੋਨ ਤੋਂ ਜਰਨੈਲ ਕ੍ਰਾਂਤੀ, ਅਜੀਤ ਪ੍ਰਦੇਸ਼ੀ ਅਤੇ ਜਸਵੰਤ ਮੁਹਾਲੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਕਾਈ ਮੁਖੀ ਜੋਗਾ ਸਿੰਘ ਨੇ ਇਕਾਈ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਇਕਾਈ ਮੈਂਬਰਾਂ ਨਾਲ ਜਾਣ-ਪਛਾਣ ਕਰਵਾਈ। ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਜਿੱਥੇ ਪ੍ਰੇਮ ਸਿੰਘ, ਗਿਆਨ ਚੰਦ, ਰਾਜ ਕੁਮਾਰ ਭਟਨਾਗਰ, ਸਿਕੰਦਰ ਰਾਮਪੁਰੀ, ਗੁਰਦਾਸ ਅਟਵਾਲ, ਦਵਿੰਦਰ ਐਡਵੋਕੇਟ ਅਤੇ ਸਿਤਾਰ ਮੁਹੰਮਦ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ, ਉੱਥੇ ਛੋਟੇ-ਛੋਟੇ ਬੱਚਿਆਂ ਦੀ ਟੋਲੀ (ਸ਼ੋਭਿਤ, ਗੁਰਪ੍ਰੀਤ, ਲੱਭੀ ਅਤੇ ਜਸ਼ਨ) ਨੇ ਵੀ ਚਾਹ-ਪਾਣੀ ਦੀ ਸੇਵਾ ਅਤੇ ਪੂਰੇ ਹਾਲ ਨੂੰ ਬੈਨਰ, ਪੋਸਟਰ, ਚਾਰਟ ਅਤੇ ਹੱਥ ਲਿਖਤ ਨਾਅਰਿਆਂ ਨਾਲ ਸਜਾਉਣ ਵਿੱਚ ਪੂਰਾ-ਪੂਰਾ ਸਾਥ ਦਿੱਤਾ। ਕ੍ਰਿਸ਼ਨ ਰਾਹੀ ਨੇ ਸਟੇਜ ਸੰਚਾਲਨ ਕੀਤਾ। ਪ੍ਰੋਗਰਾਮ ਵਿੱਚ ਚੇਤਨਾ ਮੰਚ ਤੋਂ ਐੱਸ.ਕੇ. ਖੋਸਲਾ, ਐਡਵੋਕੇਟ ਸੁਰਿੰਦਰ ਰਾਣਾ, ਜਸਪਾਲ ਰਾਏ ਭੱਟੀ, ਸਮਸ਼ੇਰ ਸਿੰਘ ਪਾਲ, ਲੱਕੀ ਗੁਰਦਾਸਪੁਰੀ, ਐਡਵੋਕੇਟ ਮਨਜੀਤ ਕੌਰ, ਵਿਜੈ ਕੁਮਾਰ, ਮਨੋਜ ਕੁਮਾਰ, ਸੁਰਜੀਤ ਜੀਤੀ ਅਤੇ ਲਖਵਿੰਦਰ ਗੋਲਾ ਹਾਜਰ ਸਨ। ਜੋਗਾ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਦਵਿੰਦਰ ਐਡਵੋਕੇਟ, ਚਤਰਪਾਲ ਧਾਲੀਵਾਲ ਅਤੇ ਰਾਜ ਕੁਮਾਰ ਭਟਨਾਗਰ ਵੱਲੋਂ ਤਰਕਸ਼ੀਲ ਸਹਿਤ ਦੀ ਸਟਾਲ ਲਗਾਈ ਗਈ।

ਕ੍ਰਿਸ਼ਨ ਰਾਹੀ

ਇਕਾਈ ਘਨੌਰ : ਵਿਗਿਆਨਕ ਜਾਗਰੂਕਤਾ ਸੈਮੀਨਾਰ : ਪਿੰਡ ਕਪੂਰੀ ਵਿਖੇ ਦਰਸ਼ਨ ਸਿੰਘ ਕਪੂਰੀ, ਬਲਵਿੰਦਰ ਸਿੰਘ ਝਾੜਵਾਂ ਸਾਬਕਾ ਚੇਅਰਮੈਨ, ਗੁਰਵਿੰਦਰ ਸਿੰਘ, ਬਲਬੀਰ ਸਿੰਘ, ਰਾਮ ਸਰੂਪ ਸੂਦ ਸਾਬਕਾ ਬੀ.ਪੀ.ਈ.ਓ. ਅਤੇ ਗੁਰਦੀਪ ਸਿੰਘ ਦੀ ਅਗਵਾਈ ਵਿੱਚ ਪਿੰਡ ਦੇ ਸਹਿਯੋਗ ਨਾਲ ਵਿਗਿਆਨਕ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਪਟਿਆਲਾ ਜ਼ੋਨ ਤੋਂ ਜੋਨਮੁਖੀ ਡਾ. ਰਾਮ ਕੁਮਾਰ, ਘਨੌਰ ਇਕਾਈ ਵੱਲੋਂ ਹਰਨੇਕ ਸਿੰਘ ਲਾਛੜੂ, ਨੂਪ ਰਾਮ, ਹਰਿਆਣਾ ਸੁਸਾਇਟੀ ਵੱਲੋਂ ਹਰਬਲਾਸ ਭੁਣੰਗਪੁਰ ਵਿਸ਼ੇਸ਼ ਤੌਰ ਤੇ ਪਹੁੰਚੇ। ਇਹਨਾਂ ਬੁਲਾਰਿਆਂ ਨੇ ਲੋਕਾਂ ਨੂੰ ਵਿਗਿਆਨਕ ਜਾਣਕਾਰੀ ਪ੍ਰਦਾਨ ਕੀਤੀ। ਇਸ ਮੌਕੇ ਤੇ ਜਾਦੂ ਦੇ ਟ੍ਰਿਕ ਵੀ ਵਿਖਾਏ ਗਏ। **ਹਰਨੇਕ ਸਿੰਘ ਲਾਛੜੂ**

ਇਕਾਈ ਤਰਨਤਾਰਨ : ਸਕੂਲ ਵਿੱਚ ਤਰਕਸ਼ੀਲ ਪ੍ਰੋਗਰਾਮ : ਸਰਕਾਰੀ ਸੀਨੀ. ਸੈਕੰਡਰੀ ਸਕੂਲ (ਲੜਕੇ) ਵਿਖੇ ਮਾਸਟਰ ਕੁਲਵੀਰ ਸਿੰਘ ਅਤੇ ਨਰਿੰਦਰ ਸਿੰਘ ਸ਼ੇਖਚੱਕ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਹੱਥ ਦੀ ਸਫਾਈ ਦੇ ਹੈਰਾਨੀਜਨਕ ਟ੍ਰਿੱਕ ਵਿਖਾਏ ਅਤੇ ਇੰਨ੍ਹਾਂ ਟ੍ਰਿੱਕਾਂ ਪਿੱਛੇ ਛਿਪੀ ਸਚਾਈ ਬਾਰੇ ਜਾਗਰੂਕ ਕੀਤਾ। ਇਸ ਮੌਕੇ ਪ੍ਰਿੰਸੀਪਲ ਜਸਵਿੰਦਰ ਸਿੰਘ, ਲੈਕਚਰਾਰ ਕੁਲਵੰਤ ਸਿੰਘ, ਸੁਖਵੰਤ ਸਿੰਘ ਧਾਮੀ, ਪ੍ਰਦੀਪ ਆਨੰਦ, ਜਸਵਿੰਦਰ ਸਿੰਘ, ਯਾਦਵਿੰਦਰ ਸਿੰਘ, ਅਰਸਾਲ ਸਿੰਘ, ਪਰਮਜੀਤ ਕੌਰ, ਸੁਖਵਿੰਦਰ ਕੌਰ ਆਦਿ ਅਧਿਆਪਕ ਮੌਜੂਦ ਸਨ।

ਵਿਗਿਆਨ ਵਿਸ਼ੇਸ਼ ਤੇ ਵਹਿਮ ਭਰਮ ਵਿਸ਼ੇ ਤੇ ਸੈਮੀਨਾਰ : ਕੰਨਿਆ ਸੀਨੀ. ਸੈਕੰਡਰੀ ਸਕੂਲ ਅਲਾਦੀਨਪੁਰ ਵਿਖੇ ਇਹ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਮੌਕੇ ਮਾਸਟਰ ਕੁਲਵੀਰ ਸਿੰਘ, ਰਜਵੰਤ ਸਿੰਘ ਬਾਗੜੀਆ ਅਤੇ ਤਰਸੇਮ ਲਾਲੂ ਘੁੰਮਣ ਨੇ ਸੰਬੋਧਨ ਕੀਤਾ। ਹੱਥ ਦੀ ਸਫਾਈ ਦੇ ਟ੍ਰਿੱਕ ਵਿਖਾਏ। ਇਸ ਮੌਕੇ ਪ੍ਰਿੰਸੀਪਲ ਚਰਨਜੀਤ ਸਿੰਘ, ਲੈਕਚਰਾਰ ਪੁਸ਼ਪਿੰਦਰ ਕੌਰ, ਗੁਰਪ੍ਰੀਤ ਕੌਰ, ਜਸਵਿੰਦਰ ਕੌਰ, ਅਤੀਸ਼ ਸੂਦ, ਸਰਬਜੀਤ ਸਿੰਘ ਆਦਿ ਅਧਿਆਪਕ ਮੌਜੂਦ ਸਨ। **ਰਜਵੰਤ ਬਾਗੜੀਆ**

ਇਕਾਈ ਰੋਪੜ: ਤਰਕਸ਼ੀਲ ਸੈਮੀਨਾਰ: ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਨਸ਼ਿਆਂ ਖਿਲਾਫ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਮਾ. ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਮਲਕੀਤ ਰੋਣੀ ਵੱਲੋਂ ਵੀ ਸਮਾਜ ਸੁਧਾਰਕ ਨਾਟਕਾਂ ਤੇ ਲੱਗ ਰਹੀਆਂ ਜਬਰੀ ਰੋਕਾਂ ਬਾਰੇ ਨਿਰਾਸ਼ਾ ਵੀ ਪ੍ਰਗਟਾਈ ਗਈ। ਸੈਮੀਨਾਰ ਦੇ ਦੌਰਾਨ ਅਸ਼ੋਕ ਕੁਮਾਰ ਦੀ ਸਰੀਰਪ੍ਰਦਾਨੀ ਮਾਤਾ ਕੌਸ਼ਲਿਆ ਦੇਵੀ ਐਕਸੀਲੈਂਸ ਐਵਾਰਡ ਹਰ ਸਾਲ ਦੀ ਤਰ੍ਹਾ ਇਸ ਵਾਰ ਪ੍ਰਿਆ ਚੋਧਰੀ ਨੂੰ ਦਿੱਤਾ ਗਿਆ। ਪ੍ਰਿਆ ਚੋਧਰੀ ਵੱਲੋਂ ਬਾਰਵੀ ਦੀ ਕਲਾਸ ਵਿੱਚੋ 85% ਨੰਬਰ ਪ੍ਰਾਪਤ ਕੀਤੇ ਗਏ ਸੀ। ਦਵਿੰਦਰ ਸਰਥਲੀ ਅਤੇ ਜਸਪਾਲ ਮਾਜਰੀ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਜੋਨਲ ਆਗੂ ਲੈਕ. ਗੁਰਮੀਤ ਖਰੜ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਅਜੀਤ ਪ੍ਰਦੇਸੀ, ਮੈਡਮ ਗੁਰਪ੍ਰੀਤ ਕੋਰ ਭੰਗੂ, ਮਾ.ਪ੍ਰੀਤਮ ਕੁਮਾਰ, ਅਮਰਨਾਥ, ਗਿਆਨ ਚੰਦ, ਪਵਨ ਰੱਤੋ, ਹਰਵਿੰਦਰ ਫਿਰੋਜਪੁਰੀ, ਪਵਨ ਚੱਕ ਕਰਮਾ, ਹਰਨੇਕ, ਬਲਵੀਰ, ਹਰਵਿੰਦਰ ਅਤੇ ਜੀਵਨ ਕੁਮਾਰ ਆਦਿ ਹਾਜਰ ਸਨ।

ਤਰਕਸ਼ੀਲ ਨਾਟਕ ਮੇਲਾ: ਮੰਨਦੀਪ ਮੰਨਾ ਦੀ ਯਾਦ ਵਿੱਚ ਚੌਥਾ

ਤਰਕਸ਼ੀਲ ਨਾਟਕ ਮੇਲਾ ਪਾਵਰ ਕਲੋਨੀ ਰੋਪੜ ਵਿਖੇ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਅਜੀਤ ਪ੍ਰਦੇਸੀ ਅਤੇ ਅਸ਼ੋਕ ਕੁਮਾਰ ਜੀ ਵੱਲੋਂ ਜਾਦੂ ਦੇ ਸ਼ੋਅ ਨਾਲ ਹੋਈ। ਜਸਪਾਲ ਮਾਜਰੀ, ਦਵਿੰਦਰ ਸਰਥਲੀ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਮੰਡੀ ਮੁੱਲਾਂਪੁਰ ਦੀ ਨਾਟਕ ਟੀਮ ਵਲੋ ਅੰਧਵਿਸ਼ਵਾਸ਼ਾ ਤੇ ਚੋਟ ਕਰਦਾ ਨਾਟਕ 'ਪਾਤਸ਼ਾਹ' ਅਤੇ ਭਗਤ ਸਿੰਘ ਦੇ ਵਿਚਾਰਾਂ ਤੇ ਅਧਾਰਿਤ ਨਾਟਕ 'ਛਿਪਣ ਤੋ ਪਹਿਲਾ' ਖੇਡੇ ਗਏ। ਸੂਬਾ ਆਗੂ ਮਾ. ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਨਾਟਕ ਟੀਮ ਵੱਲੋਂ ਕੋਰੀਓਗ੍ਰਾਫੀ 'ਪੱਗ' ਵੀ ਪੇਸ਼ ਕੀਤੀ ਗਈ। ਸਟੇਜ ਦਾ ਸੰਚਾਲਨ ਮਾ.ਪ੍ਰੀਤਮ ਕੁਮਾਰ ਨੇ ਕੀਤਾ। ਪਵਨ ਰੱਤੋ, ਬਲਵੀਰ, ਅਮਰਨਾਥ, ਹਰਨੇਕ ਚੱਕ ਕਰਮਾ ਵੱਲੋਂ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਲਗਾਈ ਗਈ। ਪ੍ਰਿਆ ਚੌਧਰੀ ਵੱਲੋਂ ਬਾਰਵੀਂ ਦੀ ਕਲਾਸ ਵਿੱਚੋਂ 85% ਨੰਬਰ ਪ੍ਰਾਪਤ ਕਰਨ ਕਰਕੇ ਪ੍ਰਿ. ਸੁਰਜਣ ਸਿੰਘ ਵੱਲੋਂ ਆਰਥਿਕ ਸਹਾਇਤਾ ਕੀਤੀ ਗਈ। ਮੁੱਖ ਮਹਿਮਾਨ ਡਾਕਟਰ ਹੇਮਕਿਰਨ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਵਿਦਿਆਰਥੀਆਂ ਅਤੇ ਵਲੰਟੀਅਰਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਇਕਾਈ ਮੁਖੀ ਅਸ਼ੋਕ ਕੁਮਾਰ, ਜੋਨ ਮੁਖੀ ਗੁਰਮੀਤ ਖਰੜ, ਅਜੀਤ ਪ੍ਰਦੇਸੀ, ਹਰਵਿੰਦਰ, ਮਾ. ਜੀਵਨ ਕੁਮਾਰ, ਗਿਆਨ ਚੰਦ, ਇਕਬਾਲ ਸਿੰਘ ਅਤੇ ਖਮਿੰਦਰ ਅਦਿ ਹਾਜਰ ਸਨ।

ਤਰਕਸ਼ੀਲ ਨਾਟਕ ਮੇਲਾ : ਨੌਜਵਾਨ ਭਾਰਤ ਸਭਾ ਦੇ ਸਹਿਯੋਗ ਨਾਲ ਪਿੰਡ ਲੁਠੇੜੀ ਵਿਖੇ ਸ਼ਹੀਦੇ ਆਜਮ ਸ. ਭਗਤ ਸਿੰਘ ਅਤੇ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਜਾਦੂ ਦੀ ਮੋਮਬੱਤੀ ਨੂੰ ਫੁੱਲਾ ਦੇ ਗੁਲਦਸਤੇ ਵਿੱਚ ਬਦਲ ਕੇ ਗ੍ਰਾਮ ਪੰਚਾਇਤ ਲੁਠੇੜੀ ਨੂੰ ਅਜੀਤ ਪ੍ਰਦੇਸੀ, ਮਾ. ਪ੍ਰੀਤਮ ਕੁਮਾਰ, ਅਸ਼ੋਕ ਕੁਮਾਰ ਵੱਲੋਂ ਭੇਟ ਕੀਤਾ ਗਿਆ। ਦਵਿੰਦਰ ਸਰਥਲੀ ਵੱਲੋਂ ਇਨਕਲਾਬੀ ਗੀਤ ਵੀ ਪੇਸ਼ ਕੀਤੇ ਗਏ। ਮੰਡੀ ਮੁੱਲਾਂਪੁਰ ਦੀ ਨਾਟਕ ਟੀਮ ਵਲੋ ਅੰਧਵਿਸ਼ਵਾਸ਼ਾਂ ਤੇ ਚੋਟ ਕਰਦਾ ਨਾਟਕ 'ਤੇ ਦੇਵ ਪੁਰਸ਼ ਹਾਰ ਗਏ' ਅਤੇ ਨਾਟਕ 'ਇਹੋ ਰਾਹ ਸਵੱਲੜਾ' ਖੇਡੇ ਗਏ। ਚੰਡੀਗੜ ਜੋਨ ਮੁਖੀ ਲੈਕ. ਗੁਰਮੀਤ ਖਰੜ ਨੇ ਸੰਬੋਧਨ ਕੀਤਾ। ਪਵਨ ਕੁਮਾਰ ਰੱਤੋ ਨੇ ਸਮਾਜ ਵਿੱਚ ਫੈਲੇ ਅੰਧ-ਵਿਸਵਾਸ਼ਾਂ ਬਾਰੇ ਲੋਕਾਂ ਨੂੰ ਦੱਸਿਆ। ਸਵਰਨ ਸਿੰਘ ਭੰਗੂ ਵੱਲੋਂ ਨੌਜਵਾਨ ਪੀੜੀ ਦੇ ਕੁਰਾਹੇ ਪੈਣ ਤੇ ਚਿੰਤਾ ਪ੍ਰਗਟ ਕੀਤੀ ਗਈ। ਨਾਟਕ ਟੀਮ ਵਲੋ ਕੋਰੀਓਗ੍ਰਾਫੀਆ 'ਭਗਤ ਸਿੰਘ ਦੀ ਘੋੜੀ ' ਅਤੇ 'ਚੋਰਾ ਦੇ ਵਸ ਪੈ ਕੇ ' ਵੀ ਪੇਸ਼ ਕੀਤੀਆ ਗਈਆ। ਸਟੇਜ ਦਾ ਸੰਚਾਲਨ ਅਸ਼ੋਕ ਕੁਮਾਰ ਨੇ ਕੀਤਾ। ਬਲਵੀਰ, ਅਮਰਨਾਥ, ਹਰਵਿੰਦਰ ਫਿਰੋਜਪੁਰੀ, ਇਕਬਾਲ ਸਿੰਘ, ਸ਼ੈਲਿੰਦਰ ਵਲੋ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ ਗਈ। ਇਸ ਮੋਕੇ ਚਰਨਜੀਤ ਸਿੰਘ, ਗਰਜੀਤ ਸਿੰਘ, ਹਰਕੇਸ਼ ਪੰਚ, ਜੁਝਾਰ ਸਿੰਘ ਪੰਚ, ਟੈਹਲ ਸਿੰਘ, ਬਲਵਿੰਦਰ ਸਿੰਘ ਰੁੜਕੀ, ਬੇਅਤ ਸਿੰਘ ਮਾਜਰੀ, ਸ਼ੇਰਖਾਨ ਰੁੜਕੀ, ਕਰਮਜੀਤ ਸਿੰਘ ਅਤੇ ਮਹਿੰਦਰ ਸਿੰਘ ਕੰਗ ਅਦਿ ਹਾਜਰ ਸਨ।

ਸਕੂਲਾਂ ਵਿੱਚ ਪ੍ਰੋਗਰਾਮ: ਸ.ਹਾਈ ਸਕੂਲ ਸੰਧੂਆ, ਸ.ਹਾਈ ਸਕੂਲ ਗਰੇਵਾਲ, ਸ.ਹਾਈ ਸਕੂਲ ਸੈਫਲਪੁਰ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਮੁਖੀ ਅਸ਼ੋਕ ਕੁਮਾਰ ਜੀ ਅਤੇ ਪਵਨ ਰੱਤੋ ਨੇ ਸੰਬੋਧਨ ਕੀਤਾ। ਅਜੀਤ ਪ੍ਰਦੇਸੀ ਵੱਲੋਂ ਜਾਦੂ ਦੇ ਸ਼ੋਅ ਪੇਸ਼ ਕੀਤੇ ਗਏ।

ਦੁਸ਼ਹਿਰੇ ਮੌਕੇ ਸਾਹਿਤ ਦੀ ਸਟਾਲ : ਚਮਕੌਰ ਸਾਹਿਬ ਵਿਖੇ ਦੁਸ਼ਹਿਰੇ ਮੌਕੇ ਤਰਕਸ਼ੀਲ ਸਾਹਿਤ ਦੀ ਸਟਾਲ ਅਜੀਤ ਪ੍ਰਦੇਸੀ, ਹਰਵਿੰਦਰ ਸੁਖਰਾਮਪੁਰੀ, ਹਰਵਿੰਦਰ ਫਿਰੋਜਪੁਰੀ ਵੱਲੋਂ ਲਗਾਈ ਗਈ।

ਗਿਆਨ ਚੰਦ

ਤਰਕਸ਼ੀਲ ਜੋਨ ਪਟਿਆਲਾ ਦੀ ਇਕੱਤਰਤਾ : ਬੰਗ ਮੀਡੀਆ ਸੈਂਟਰ ਪਟਿਆਲਾ ਵਿਖੇ ਜੋਨ ਪਟਿਆਲਾ ਦੀ ਮੀਟਿੰਗ ਸਟੇਟ ਕਮੇਟੀ ਮੈਂਬਰ ਅਤੇ ਕਾਨੂੰਨ ਵਿਭਾਗ ਦੇ ਮੁਖੀ ਐਡਵੋਕੇਟ ਹਰਿੰਦਰ ਲਾਲੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਰਾਜਪੁਰਾ ਇਕਾਈ ਨੂੰ ਛੱਡ ਕੇ ਜੋਨ ਦੀਆਂ ਸਾਰੀਆਂ ਇਕਾਈਆਂ ਨੇ ਸ਼ਾਮੂਲੀਅਤ ਕੀਤੀ। ਇਕਾਈਆਂ ਦੀ ਕਾਰਜਗੁਜਾਰੀ ਬਾਰੇ ਵੀ ਗੱਲ ਬਾਤ ਹੋਈ। ਜਿਸ ਵਿੱਚ ਇਕਾਈਆਂ ਦੇ ਅਹੁਦੇਦਾਰਾਂ ਨੇ ਆਪੋ-ਆਪਣੀ ਰਿਪੋਰਟ ਦਿੱਤੀ ਜੋ ਕਿ ਤਸੱਲੀਬਖ਼ਸ ਪਾਈ ਗਈ। ਦੇਰ ਤੱਕ ਚੱਲੀ ਮੀਟਿੰਗ ਵਿੱਚ ਸੂਬਾ ਆਗੂ ਨੇ ਸੱਭਿਆਚਾਰਕ ਨੀਤੀ ਉੱਪਰ ਗੱਲ ਕੀਤੀ। ਇਸ ਸਮੇਂ ਸਭਿਆਚਾਰਕ ਨੀਤੀ ਬਾਰੇ ਸਟੇਟ ਆਗੂ ਹੇਮ ਰਾਜ ਸਟੈਨੋ ਦੁਆਰਾ ਲਿਖਿਆ ਪਰਚਾ ਵੀ ਇਕਾਈਆਂ ਨੂੰ ਚਰਚਾ ਕਰਨ ਵਾਸਤੇ ਵੰਡਿਆ। ਇਸ ਮੀਟਿੰਗ ਵਿੱਚ ਜੋਨ ਜਥੇਬੰਦਕ ਮੁੱਖੀ ਰਾਮ ਕੁਮਾਰ, ਘਣਸ਼ਾਮ ਜੋਸ਼ੀ, ਚਰਨਜੀਤ ਪਟਵਾਰੀ, ਰਾਮ ਸਿੰਘ ਬੰਗ, ਮਾ. ਰਮੀਣਕ ਸਿੰਘ, ਲਾਭ ਸਿੰਘ, ਸੁਖਵਿੰਦਰ ਸਿੰਘ, ਮਾ. ਹਰਨੇਕ ਸਿੰਘ, ਰਾਜ ਕੁਮਾਰ ਸਮਾਣਾ, ਸੁਰਿੰਦਰ ਪਾਤੜਾਂ, ਸੋਹਣ ਲਾਲ ਥਾਪਰ, ਦਰਸ਼ਨ ਸਿੰਘ, ਸੁਖਵਿੰਦਰ ਗਰੇਵਾਲ, ਪ੍ਰੋ. ਪੂਰਨ ਸਿੰਘ, ਹਰਚੰਦ ਭਿੰਡਰ, ਪਿਆਰਾ ਦੀਨ ਅਤੇ ਦਲੇਲ ਸਿੰਘ ਆਦਿ ਆਗੂ ਅਤੇ ਮੈਂਬਰਾਂ ਨੇ ਮੀਟਿੰਗ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

ਇੰਡੀਅਨ ਇੰਸਟੀਚੂਟ ਆਫ ਐਸਟਰੋ ਫਿਜ਼ਿਕਸ ਬੰਗਲੂਰ ਦੇ ਵਿਗਿਆਨੀ ਡਾ. ਸਵੈਸਾਂਚੀ ਚੈਟਰਜੀ ਵਿਦਿਆਰਥੀਆਂ ਅਤੇ ਤਰਕਸ਼ੀਲਾਂ ਦੇ ਰੁਬਰੂ ਹੋਏ : ਡਾ. ਸਵੈਸਾਂਚੀ ਚੈਟਰਜੀ ਨੇ ਬੰਗ ਮੀਡੀਆ ਸੈਂਟਰ ਪਟਿਆਲਾ ਵਿਖੇ ਵਿਗਿਆਨ ਦੇ ਵਿਦਿਆਰਥੀਆਂ ਅਤੇ ਤਰਕਸ਼ੀਲ ਕਾਰਕੁੰਨਾਂ ਨੂੰ ਸੰਬੋਧਨ ਕੀਤਾ। ਡਾ. ਚੈਟਰਜੀ ਪੰਜਾਬ ਦੌਰ ਤੇ ਆਏ ਹੋਏ ਸਨ ਜਿਨ੍ਹਾਂ ਦੇ ਵਿਗਿਆਨ ਸਬੰਧੀ ਲੇਖ ਸੰਸਾਰ ਦੇ ਪ੍ਰਸਿੱਧ ਵਿਗਿਆਨਕ ਰਸਾਲਿਆਂ ਵਿਚ ਛਪਦੇ ਰਹੇ ਹਨ। ਇਸ ਮੌਕੇ ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ ਕਿ ਭਾਰਤ ਨੇ ਭਾਵੇਂ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਕਾਫੀ ਤਰੱਕੀ ਕਰ ਲਈ ਹੈ ਪਰ ਇਥੋਂ ਦੇ ਵਿਗਿਆਨੀਆਂ ਅਤੇ ਵਿਗਿਆਨ ਦੇ ਅਧਿਆਪਕਾਂ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਦੀ ਕਾਫੀ ਕਮੀ ਪਾਈ ਜਾ ਰਹੀ , ਜਿਸ ਦੇ ਸਿੱਟੇ ਵਜੋਂ ਭਾਰਤ ਵਾਸੀਆਂ ਨੂੰ ਗਲਤ ਸੇਧ ਜਾ ਰਹੀ ਹੈ। ਵਿਚਾਰ-ਚਰਚਾ ਵਿਚ ਡਾ. ਅਮਨਪ੍ਰੀਤ, ਰਮਣੀਕ ਸਿੰਘ, ਜਨਕ ਰਾਜ, ਰਾਮ ਕੁਮਾਰ, ਰਾਮ ਸਿੰਘ ਬੰਗ, ਮੋਹਨ ਲਾਲ, ਮੁਰਾਰੀ ਲਾਲ, ਰਮੇਸ਼ ਨਾਗਾਪਾਲ, ਬੀਬੀ ਕੁਲਵੰਤ ਕੌਰ, ਸਾਹਿਲ, ਸ਼ੀਸਾ ਸਿੰਘ ਆਦਿ ਨੇ ਹਿੱਸਾ ਲਿਆ।

ਵਿਸ਼ੇਸ ਮੀਟਿੰਗ: ਸ਼ਹੀਦ ਭਗਤ ਸਿੰਘ ਦੇ 107ਵੇਂ ਜਨਮ ਦਿਨ ਤੇ ਇੱਕ ਮੀਟਿੰਗ ਕੀਤੀ ਗਈ, ਇਸ ਮੀਟਿੰਗ ਵਿੱਚ ਭਗਤ ਸਿੰਘ ਦੀ ਵਿਚਾਰਧਾਰਾ ਤੇ ਚਾਨਣਾ ਪਾਇਆ ਗਿਆ। ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਅਤੇ

ਵਿਦਿਆਰਥੀਆਂ ਨੂੰ ਤਰਕਸ਼ੀਲਤਾ ਨਾਲ ਜੋੜਨ ਲਈ ਸਕੂਲਾਂ ਤੇ ਕਾਲਜਾਂ ਵਿੱਚ ਵੱਧ ਤੋਂ ਵੱਧ ਤਰਕਸ਼ੀਲ ਪ੍ਰੋਗਰਾਮ ਕੀਤੇ ਜਾਣਗੇ। ਇਸ ਮੀਟਿੰਗ ਵਿੱਚ ਸ੍ਰੀ ਲਾਭ ਸਿੰਘ, ਰਾਮ ਕੁਮਾਰ, ਪਰਮਜੀਤ ਸਿੰਘ, ਰਾਮ ਸਿੰਘ ਬੰਗ, ਰਮਣੀਕ ਸਿੰਘ, ਪਵਨ ਪਟਿਆਲਾ, ਸੁਰਿੰਦਰ ਕੁਮਾਰ, ਦਲੇਰ ਸਿੰਘ ਆਦਿ ਤਰਕਸ਼ੀਲ ਆਗੂ ਅਤੇ ਮੈਂਬਰ ਹਾਜ਼ਰ ਸਨ।

ਇਕਾਈ ਪਟਿਆਲਾ ਵੱਲੋਂ ਹੋਰ ਸਰਗਰਮੀਆਂ : ਨਹਿਰੂ ਯੁਵਾ ਕੇਂਦਰ ਵੱਲੋਂ ਯੂਥ ਹੋਸਟਲ ਪਟਿਆਲਾ ਵਿਖੇ ਟਰੇਨਿੰਗ ਆਫ ਯੂਥ ਲੀਡਰਸ਼ਿਪ ਦੌਰਾਨ 23 ਸਤੰਬਰ ਨੂੰ ਵੱਖ ਵੱਖ ਪਿੰਡਾਂ ਦੀਆਂ ਸਲਾਈ ਸੈਂਟਰਾਂ ਦੀਆਂ100 ਦੇ ਕਰੀਬ ਟੀਚਰਾਂ ਦੇ ਕੈਂਪ ਵਿੱਚ ਰਾਮ ਕੁਮਾਰ ਨੇ ਤਰਕਸ਼ੀਲ ਪ੍ਰੋਗਰਾਮ ਦਿੱਤਾ।

ਪਿੰਡ ਮੰਡੌਲ ਵਿਖੇ ਨਾਟਕ ਮੇਲੇ ਵਿੱਚ ਮੁੱਖ ਬੁਲਾਰੇ ਵਜੋਂ ਜਨਕ ਰਾਜ ਨੇ ਹਾਜਰੀ ਲੁਆਈ ਅਤੇ ਹਾਜਰ ਦਰਸ਼ਕਾਂ ਨੂੰ ਵਹਿਮਾਂ ਭਰਮਾਂ ਤੋਂ ਮੁੱਕਤ ਹੋ ਕੇ ਵਿਗਿਆਨਕ ਸੋਚ ਦੇ ਧਾਰਨੀ ਅਪੀਲ ਕੀਤੀ। **ਹਰਚੰਦ ਭਿੰਡਰ**

ਇਕਾਈ ਜੈਤੋ :

1. ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਤੇ 'ਭਗਤ ਸਿੰਘ ਦੀ ਵਿਚਾਰਧਾਰਾ ਨਾਲ਼ ਸਬੰਧਤ ਵੱਡੀ ਮਾਤਰਾ 'ਚ ਪਰਚਾ ਜੈਤੋ ਵਿਖੇ ਸਕੂਲਾਂ, ਕਾਲਜ਼ਾਂ, ਬੱਸਾਂ ਅਤੇ ਬਜ਼ਾਰ ਵਿੱਚ ਵੰਡਿਆਂ ਗਿਆ ਅਤੇ ਤਰਕਸ਼ੀਲ ਸਾਹਿਤ ਵੀ ਵੇਚਿਆ ਗਿਆ। ਇਸ ਮੌਕੇ ਸੇਵਾ ਭਗਤੂਆਣਾ, ਅਵਤਾਰ ਅਰਸ਼, ਰਵਿੰਦਰ ਰਾਹੀ, ਗੁਰਪ੍ਰੀਤ ਰੋੜੀਕਪੂਰਾ, ਸੁਖਰਾਜ ਗੋਂਦਾਰਾ, ਗੁਰਦੀਪ ਜੈਤੋਂ, ਮਾ. ਭੁਪਿੰਦਰ ਦੁੱਗਲ, ਗੱਗੀ ਜੈਤੋ ਆਦਿ ਮੈਂਬਰ ਹਾਜ਼ਰ ਸਨ।

2. 12 ਅਕਤੂਬਰ ਨੂੰ 'ਧਰਮ ਦੀ ਉਤਪਤੀ ਤੇ ਵਿਕਾਸ ਅਤੇ ਜਮਾਤੀ ਸਮਾਜ ਵਿੱਚ ਇਸ ਦੀ ਭੂਮਿਕਾ' ਬਾਰੇ ਸੈਮੀਨਾਰ ਕਰਵਾਇਆ ਗਿਆ। ਇਸ ਦੇ ਮੁੱਖ ਬੁਲਾਰੇ ਕਾਮਰੇਡ ਕਸ਼ਮੀਰ ਸਨ। ਇਸ ਮੌਕੇ ਕਾ. ਕਸ਼ਮੀਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਦਾਰਥਵਾਦੀ ਫਲਸਫਾ ਮਨੁੱਖ ਦੀ ਪਹਿਲ ਕਦਮੀ ਨੂੰ ਵਧਾਉਂਦਾ ਹੈ ਅਤੇ ਧਰਮ ਘਟਾਉਂਦਾ ਹੈ। ਉਹਨਾਂ ਕਿਹਾ ਸਾਨੂੰ ਮਾਰਕਸਵਾਦੀ ਫਲਸਫੇ ਦਾ ਅਧਿਐਨ ਕਰਨਾ ਚਾਹੀਦਾ ਹੈ। ਸਟੇਜ ਸੰਚਾਲਕ ਦੀ ਭੂਮਿਕਾ ਸੁਖਰਾਜ ਗੋਂਦਾਰਾ ਨੇ ਨਿਭਾਈ। ਇਸ ਮੌਕੇ ਵੱਖ-ਵੱਖ ਅਗਾਂਹਵਧੂ ਸੰਸਥਾਵਾਂ ਦੇ ਅਹੁਦੇਦਾਰ ਤੇ ਮੈਂਬਰ ਵੀ ਹਾਜ਼ਰ ਹੋਏ।

3. ਇਕਾਈ ਜੈਤੋ ਦੀ ਪ੍ਰੇਰਨਾ ਸਦਕਾ ਪਿੰਡ ਵਾਂਦਰ ਦੇ ਨੌਜਵਾਨ ਜਗਜੀਤ ਜੁਗਤੀ ਨੇ ਆਪਣੇ ਬੇਟੇ ਦੇ ਜਨਮ ਦਿਨ 'ਤੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਲੱਗਭਗ 2000 ਰੁ: ਦਾ ਤਰਕਸ਼ੀਲ ਸਾਹਿਤ ਵੰਡਿਆਂ ਤੇ ਦੂਸਰਿਆਂ ਨੂੰ ਵੀ ਇਸ ਤਰ੍ਹਾਂ ਅਗਾਂਹ ਵਧੂ ਢੰਗ ਨਾਲ ਆਪਣੇ ਖੁਸ਼ੀ ਦੇ ਪ੍ਰੋਗਰਾਂਮ ਮਨਾਉਂਣ ਦਾ ਸੁਨੇਹਾ ਦਿੱਤਾ। **ਸੇਵਾ ਭਗਤੂਆਣਾ**

ਇਕਾਈ ਮੁਹਾਲੀ : ਤਰਕਸ਼ੀਲ ਪ੍ਰੋਗਰਾਮ: 17, 18, 19 ਜੁਲਾਈ ਨੂੰ ਨਹਿਰੂ ਯੁਵਾ ਕੇਂਦਰ ਵਲੋਂ 'ਕਮਿਊਨਿਟੀ ਯੂਥ ਲੀਡਰਸ਼ਿਪ ਵਰਕਸ਼ਾਪ' ਬਲਾਕ ਖਰੜ ਦੇ ਪਿੰਡ ਬਡਾਲੀ ਅਤੇ ਚੋਲਟਾ ਵਿੱਚ ਲਗਾਈ ਗਈ। ਇਸ ਵਰਕਸ਼ਾਪ ਵਿੱਚ ਖਰੜ ਇਕਾਈ ਤੋਂ ਮਾਸਟਰ ਗੁਰਮੀਤ ਅਤੇ ਮੁਹਾਲੀ ਇਕਾਈ ਤੋਂ ਸਤਨਾਮ ਦਾਊਂ ਨੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ।

25 ਸਤੰਬਰ : ਨਹਿਰੂ ਯੁਵਾ ਕੇਂਦਰ ਵਲੋਂ ਪਿੰਡ ਜੰਡਪੁਰ ਵਿਖੇ ਕੀਤੇ ਪ੍ਰੋਗਰਾਮ ਵਿੱਚ ਸਤਨਾਮ ਦਾਊਂ ਅਤੇ ਸਰਹਿੰਦ ਇਕਾਈ ਤੋਂ ਬਲਦੇਵ ਜਲਾਲ ਨੇ ਸ਼ਿਰਕਤ ਕੀਤੀ। ਉਨ੍ਹਾਂ ਇਸ ਸਮਾਗਮ ਨੂੰ ਤਰਕਸ਼ੀਲ ਸਮਾਗਮ ਦਾ ਰੂਪ ਦਿਤਾ ਅਤੇ ਲੋਕਾਂ ਨੂੰ ਤਰਕ ਨਾਲ ਵਿਗਿਆਨਕ ਸੋਚ ਅਪਣਾਉਣ ਲਈ ਪ੍ਰੇਰਿਤ ਕੀਤਾ।

3 ਅਕਤੂਬਰ : ਚੰਡੀਗੜ੍ਹ ਦੇ ਸੈਕਟਰ-42 ਦੇ ਸਰਕਾਰੀ ਕਾਲਜ ਵਿਚ ਇਕਾਈ ਮੁਹਾਲੀ ਅਤੇ ਚੰਡੀਗੜ੍ਹ ਦੇ ਸਹਿਯੋਗ ਨਾਲ ਤਰਕਸ਼ੀਲ ਪ੍ਰੋਗਰਾਮ ਕੀਤਾ ਗਿਆ। ਕਾਲਜ 'ਚ ਚਲ ਰਹੇ ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦੌਰਾਨ, ਇਹ ਪ੍ਰੋਗਰਾਮ ਤਕਰੀਬਨ ਚਾਰ ਘੰਟੇ ਚਲਿਆ। ਪ੍ਰੋਗਰਾਮ ਵਿਚ 150 ਦੇ ਕਰੀਬ ਵਿਦਿਆਰਥਣਾਂ ਤੇ ਕਾਲਜ ਸਟਾਫ਼ ਨੂੰ ਅੰਧਵਿਸ਼ਵਾਸ ਵਿਰੁਧ ਤੇ ਵਿਗਿਆਨਕ ਸੋਚ ਪ੍ਰਤੀ ਇਕਾਈ ਮੁਖੀ ਮਾਸਟਰ ਸੁਰਜੀਤ ਅਤੇ ਜਸਵੰਤ ਮੁਹਾਲੀ ਨੇ ਜਾਗਰੂਕ ਕੀਤਾ। ਸਤਨਾਮ ਦਾਊਂ ਤੇ ਬੀਬੀ ਨੀਰਜ ਵਲੋਂ ਜਾਦੂ ਦੇ ਟ੍ਰਿਕ ਪੇਸ਼ ਕੀਤੇ ਗਏ। ਸਮਾਗਮ 'ਚ ਜੋਗਾ ਸਿੰਘ ਤੇ ਚਰਨਜੀਤ ਕੌਰ ਨੇ ਵੀ ਸਹਿਯੋਗ ਦਿਤਾ।

6 ਅਕਤੂਬਰ : ਚੰਡੀਗੜ੍ਹ ਦੇ ਸੈਕਟਰ- 11 ਦੇ ਸਰਕਾਰੀ ਕਾਲਜ ਵਿਚ ਇਕਾਈ ਮੁਹਾਲੀ ਤੇ ਚੰਡੀਗੜ੍ਹ ਦੇ ਸਹਿਯੋਗ ਨਾਲ ਤਰਕਸ਼ੀਲ ਜਾਗਰੂਕਤਾ ਸਮਾਗਮ ਕੀਤਾ ਗਿਆ। ਇਕਾਈ ਮੁਖੀ ਮਾਸਟਰ ਸੁਰਜੀਤ ਤੇ ਸਤਨਾਮ ਦਾਊਂ ਨੇ ਵਿਚਾਰ ਪੇਸ਼ ਕੀਤੇ। ਜਾਦੂ ਦੇ ਟ੍ਰਿਕ ਤੇ ਤਰਕਸ਼ੀਲ ਪੁਸਤਕਾਂ ਬਾਰੇ ਜਾਣਕਾਰੀ ਸਤਨਾਮ ਦਾਊਂ ਤੇ ਬੀਬੀ ਨੀਰਜ ਨੇ ਦਿਤੀ। ਇਸ ਮੌਕੇ ਪੁਸਤਕ ਪ੍ਰਦਰਸ਼ਨੀ ਵੀ ਲਾਈ ਤੇ ਸਾਹਿਤ ਵਿਕਿਆ। ਸਮਾਗਮ 'ਚ ਚੰਡੀਗੜ੍ਹ ਜ਼ੋਨ ਤੋਂ ਜੋਗਾ ਸਿੰਘ, ਇਕਾਈ ਮੁਹਾਲੀ ਤੋਂ ਗੋਰਾ ਹੁਸ਼ਿਆਰਪੁਰੀ, ਹਰਵਿੰਦਰ ਸਿੰਘ ਆਦਿ ਨੇ ਸਹਿਯੋਗ ਦਿਤਾ। **ਹਰਪ੍ਰੀਤ**

ਜੋਨ ਜਲੰਧਰ :

1. ਇਕਾਈ ਫਗਵਾੜਾ : ਸ਼ਹੀਦੇ ਆਜਮ ਭਗਤ ਸਿੰਘ ਦਾ ਜਨਮ ਦਿਨ ਮਨਾਇਆ : ਜਨਮ ਦਿਨ ਤੇ 28 ਸਤੰਬਰ ਨੂੰ ਫਗਵਾੜਾ ਤਹਿਸੀਲ ਦੇ ਪਿੰਡ ਮਾਧੋਪੁਰ ਵਿਖੇ ਵੱਡੀ ਮੀਟਿੰਗ ਅਯੋਜਤ ਕੀਤੀ ਜਿਸ ਵਿੱਚ ਸਰਪੰਚ ਸਮੇਤ ਕਾਫੀ ਪਿੰਡ ਵਾਸੀਆਂ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਨੂੰ ਕਰਨ ਵਿੱਚ ਮਾਸਟਰ ਗੁਰਮੁਖ ਜੀ ਨੇ ਖਾਸ ਭੂਮਿਕਾ ਨਿਭਾਈ । ਬੁਲਾਰੇ ਸਾਥੀ ਸੁਖਦੇਵ ਫਗਵਾੜਾ ,ਗੋਪਾਲ ਕ੍ਰਿਸ਼ਨ ਸਿੰਘ ਪ੍ਰਧਾਨ ਬੇਇਨਸਾਫੀ ਵਿਰੋਧੀ ਮੰਚ, ਜਸਵਿੰਦਰ ਪਟਵਾਰੀ, ਕਾਮਰੇਡ ਤਰਸੇਮ ਅਤੇ ਮਾਸਟਰ ਗੁਰਮਖ ਸਿੰਘ ਨੇ ਸੰਬੋਧਨ ਕੀਤਾ। ਪ੍ਰੋਗਰਾਮ ਵਿੱਚ ਹੈਡਮਾਸਟਰ ਗਿਆਨ ਚੰਦ ,ਸ਼੍ਰੀਪਾਲ ਜੀ , ਮਨੋਜ ਅਤੇ ਤਰਲੋਚਨ ਸਿੰਘ ਭਮਰਾ ਨੇ ਵਿਸ਼ੇਸ ਤੌਰ ਤੇ ਯੋਗਦਾਨ ਪਾਇਆ।

2. ਨਸ਼ਾ ਵਿਰੋਧੀ ਮੁਹਿੰਮ ਤਹਿਤ ਸਮਾਗਮ : ਪਿੰਡ ਦੁਸਾਂਝ ਕਲਾਂ ਬਾਹਰਲੀ ਬਸਤੀ ਵਿਖੇ ਲੋਕਾਂ ਦਾ ਇਕੱਠ ਕੀਤਾ । ਇਕੱਠ ਨੂੰ ਤਰਕਸ਼ੀਲ ਆਗੂ ਸਾਥੀ ਸੁਖਦੇਵ ਸਿੰਘ, ਪ੍ਰਮਜੀਤ ਚੱਕਦੇਸ ਰਾਜ, ਜਸਵਿੰਦਰ ਸਿੰਘ ,ਹੈਡਮਾਸਟਰ ਗਿਆਨ ਚੰਦ ਅਤੇ ਮਜਦੂਰ ਯੂਨੀਅਨ ਆਗੂ ਸੁਖ ਰਾਮ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਨਸ਼ਿਆਂ, ਕਰਜੇ, ਗਰੀਬੀ ਤੇ ਅਗਿਆਨਤਾ ਦੇ ਜਿੰਮੇਵਾਰਾਂ ਖਿਲਾਫ ਸੰਘਰਸ਼ ਲਾਮਬੰਦ ਕਰਨ ਲਈ ਆਮ ਜਨਤਾ ਨੂੰ ਅੱਗੇ ਆਉਣਾ ਪਵੇਗਾ। **ਜਸਵਿੰਦਰ ਪਟਵਾਰੀ**

ਚੰਡੀਗੜ੍ਹ ਜੋਨ ਮਿੰਨੀ ਇਕੱਤਰਤਾ : ਪਿਛਲੇ ਛੇ ਮਹੀਨਿਆਂ ਦੌਰਾਨ

ਕੀਤੇ ਕੰਮਾਂ ਦਾ ਲੇਖਾ-ਜੋਖਾ ਕਰਨ ਲਈ ਇਕਾਈਆਂ ਦੀ ਮਿੰਨੀ ਇਕੱਤਰਤਾ 14 ਸਤੰਬਰ,2014 ਨੂੰ ਖਰੜ ਸਹਿਰ ਵਿਖੇ ਕਰਵਾਈ ਗਈ।ਸਵੇਰੇ 11 ਵਜੇ ਤੋ ਸੁਰੂ ਹੋਕੇ ਬਾਅਦ ਦੁਪਹਿਰ 3 ਵਜੇ ਤੱਕ ਚੱਲੀ ਇਸ ਇਕੱਤਰਤਾ ਵਿੱਚ ਸਟੇਟ ਆਗੂ ਵਜੋਂ ਸੂਬਾ ਕਮੇਟੀ ਦੇ ਵਿੱਤ ਮੁਖੀ ਸ੍ਰੀ ਹੇਮਰਾਜ ਸਟੈਨੋ ਅਤੇ ਕੌਮੀ ਤੇ ਕੌਮਾਂਤਰੀ ਵਿਭਾਗ ਦੇ ਮੁਖੀ ਸ੍ਰੀ ਬਲਵਿੰਦਰ ਬਰਨਾਲ਼ਾ ਵਿਸ਼ੇਸ ਤੌਰ ਉੱਤੇ ਹਾਜਰ ਹੋਏ। ਸਵਾਲ- ਜਵਾਬਾਂ ਦਾ ਦੌਰ ਚੱਲਿਆ ਜਿਸ ਵਿੱਚ ਸੂਬਾ ਆਗੂਆਂ ਵੱਲੋ ਤਰਕਸ਼ੀਲਾਂ ਨੂੰ ਦਰਪੇਸ ਮੁਸਕਲ਼ਾਂ ਅਤੇ ਰਸਤੇ ਦੀਆਂ ਚੁਣੌਤੀਆਂ ਸਬੰਧੀ ਵਿਚਾਰ ਚਰਚਾ ਕਰਦਿਆਂ ਹੱਲ ਵੀ ਸੁਝਾਏ ਗਏ।ਇਸ ਪ੍ਰੋਗਰਾਮ ਦੇ ਪ੍ਰਬੰਧ ਦੀ ਜਿੰਮੇਵਾਰੀ ਤਰਕਸ਼ੀਲ ਯੂਨਿਟ ਖਰੜ ਨੂੰ ਸੌਂਪੀ ਗਈ ਸੀ, ਜਿਸ ਦੇ ਮੈਂਬਰਾਂ ਵੱਲੋਂ ਜੋਨ ਮੁਖੀ ਲੈਕਚਰਾਰ ਗੁਰਮੀਤ ਖਰੜ, ਇਕਾਈ ਮੁਖੀ ਕਰਮਜੀਤ ਸਕਰੁਲਾਂਪੁਰੀ ਦੀ ਦੇਖ-ਰੇਖ ਵਿੱਚ ਇਸ ਨੂੰ ਬੜੀ ਸੰਜੀਦਗੀ ਨਾਲ਼ ਨਿਭਾਇਆ ਗਿਆ। ਇਸ ਇਕੱਤਰਤਾ ਨੂੰ ਜੋਨਲ ਆਗੂਆਂ ਲੈਕਚਰਾਰ ਗੁਰਮੀਤ ਖਰੜ ,ਜਰਨੈਲ ਕ੍ਰਾਂਤੀ, ਅਜੀਤ ਪ੍ਰਦੇਸੀ, ਅਮਰਦੀਪ ਖਮਾਣੋਂ, ਸੰਦੀਪ ਬੱਸੀ ਪਠਾਨਾਂ ਨੇ ਵੀ ਸੰਬੋਧਨ ਕੀਤਾ। ਜੋਨ ਦੀਆਂ ਸਾਰੀਆਂ ਇਕਾਈਆਂ ਚੰਡੀਗੜ੍ਹ , ਮੋਹਾਲ਼ੀ , ਖਰੜ, ਰੋਪੜ, ਨੰਗਲ਼ ,ਸੰਘੋਲ਼ ,ਬੱਸੀ ਪਠਾਣਾਂ ,ਸਰਹਿੰਦ ,ਗੋਬਿੰਦਗੜ ਤੋਂ ਸੌ ਦੇ ਕਰੀਬ ਮੈਂਬਰ ਸਾਮਲ ਹੋਣ ਕਰਕੇ ਇਸ ਇਕੱਤਰਤਾ ਮੌਕੇ ਭਰਵਾਂ ਇਕੱਠ ਸੀ।

ਵਿਦਿਆਰਥੀਆਂ ਦਾ ਸਨਮਾਨ : "ਤਰਕਸ਼ੀਲ" ਮੈਗਜ਼ੀਨ ਦੇ ਅੰਕ ਮਈ-ਜੂਨ ਦੇ "ਦਸ-ਸਵਾਲ" ਨਾਂ ਦੇ ਕਾਲਮ ਵਿੱਚ ਸਕੂਲੀ ਬੱਚਿਆਂ ਨੂੰ ਗਿਆਨ-ਵਿਗਿਆਨ ਨਾਲ਼ ਸਬੰਧਤ ਪੁੱਛੇ ਗਏ ਸਵਾਲਾਂ ਦੇ ਸਹੀ ਜਵਾਬ ਭੇਜਕੇ, ਪਹਿਲੇ ਚਾਰ ਜੇਤੂਆਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲ਼ੀਆਂ ਗੌਰਮਿੰਟ ਮਿਡਲ ਸਕੂਲ ਕਜੌਲੀ ਦੀਆਂ ਵਿਦਿਆਰਥਣਾਂ ਰਮਨਜੀਤ ਕੌਰ ਕਲਾਸ ਸੱਤਵੀਂ ਅਤੇ ਪਰਮਜੀਤ ਕੌਰ ਕਲਾਸ ਅੱਠਵੀਂ ਨੂੰ ਸਕੂਲ ਵਿੱਚ ਵਿਸ਼ੇਸ ਸਮਾਗਮ ਕਰਕੇ ਤਰਕਸ਼ੀਲ ਇਕਾਈ ਖਰੜ ਦੇ ਮੁਖੀ ਕਰਮਜੀਤ ਸਕਰੁੱਲਾਂਪੁਰੀ, ਭੁਪਿੰਦਰ ਮਦਨਹੇੜੀ ਅਤੇ ਕੁਲਵਿੰਦਰ ਨਗਾਰੀ ਵੱਲੋਂ ਪ੍ਰਸ਼ੰਸਾ ਪੱਤਰ ਦੇਕੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਮੌਕੇ ਸਕੂਲ ਇੰਚਾਰਜ ਗੁਰਪ੍ਰੀਤ ਸਿੰਘ, ਤਰਕਸ਼ੀਲ ਸਨੇਹੀ ਰਾਜਵੀਰ ਸਿੰਘ, ਰਜਵੰਤ ਕੌਰ, ਗਗਨਦੀਪ ਕੌਰ, ਸੁਖਵਿੰਦਰ ਕੌਰ, ਮੈਡਮ ਅਮਨ, ਸਰਪੰਚ ਨਰੰਜਣ ਸਿੰਘ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਅਤੇ ਸਕੂਲ ਦੇ ਸਮੂਹ ਸਟਾਫ ਵੱਲੋਂ ਵੀ ਬਹੁਤ ਸਹਿਯੋਗ ਕੀਤਾ ਗਿਆ।

ਕੁਲਵਿੰਦਰ ਨਗਾਰੀ

ਤਰਕਸ਼ੀਲ ਸਾਹਿਤ ਵੈਨ ਦਾ ਸ.ਫਰ

15 ਅਗਸਤ : ਇਕਾਈ ਜੰਡਿਆਲਾ ਗੁਰੂ : ਵੈਨ ਲੋਕਲ ਬਸ ਸਟੈਂਡ ਅਤੇ ਸ਼ਹੀਦ ਊਧਮ ਸਿੰਘ ਚੌਂਕ ਵਿਖੇ ਪ੍ਰਦਰਸ਼ਿਤ ਕੀਤੀ ਗਈ। ਇਕਾਈ ਆਗੂ ਸਤਨਾਮ ਕਲਸੀ, ਡਾ. ਦਲਬਾਰਾ ਸਿੰਘ, ਸੁੱਚਾ ਸਿੰਘ ਗਹਿਰੀ ਮੰਡੀ, ਜਗਤਾਰ ਸਿੰਘ ਪ੍ਰਿੰਸ ਨੇ ਭਰਪੂਰ ਯੋਗਦਾਨ ਪਾਇਆ।

16 ਅਗਸਤ : ਇਕਾਈ ਜੰਡਿਆਲਾ ਗੁਰੂ : ਸੇਂਟ ਸੋਲਜਰ ਡੇ ਬੋਰਡਿੰਗ ਸਕੂਲ ਵਿਖੇ ਤਰਕਸ਼ੀਲ ਪ੍ਰੋਗਰਾਮ ਕੀਤਾ ਗਿਆ ਅਤੇ ਵੈਨ ਪ੍ਰਦਰਸ਼ਨੀ ਲਾਈ ਗਈ। ਗਹਿਰੀ ਸ਼ਹਿਰ ਵਿਖੇ ਵੀ ਵੈਨ ਲਾਈ ਗਈ। ਪ੍ਰਿੰਸੀਪਲ ਮੰਗਲ ਸਿੰਘ ਨੇ ਲਾਇਬ੍ਰੇਰੀ ਲਈ ਪੁਸਤਕਾਂ ਖਰੀਦ ਕੇ ਅਤੇ ਵੈਨ ਸਹਾਇਤਾ ਦੇ ਕੇ ਭਰਪੂਰ ਸਹਿਯੋਗ ਕੀਤਾ।

17 ਅਗਸਤ : ਇਸੇ ਇਕਾਈ ਵੱਲੋਂ ਡੇਰਾ ਅੰਧਾਲ ਅਤੇ ਪਿੰਡ ਤਿਮੋਂਵਾਲ ਵਿਖੇ ਵੈਨ ਪ੍ਰਦਰਸ਼ਨੀ ਲਾਈ ਗਈ। ਤਿੰਮੋਵਾਲ ਦੇ ਪੱਤਰਕਾਰ ਪਿਆਰਾ ਸਿੰਘ ਦੇ ਸਹਿਯੋਗ ਨਾਲ ਇੱਥੇ ਤਰਕਸ਼ੀਲ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

18 ਅਗਸਤ : ਇਸੇ ਇਕਾਈ ਦੀ ਅਗਵਾਈ ਹੇਠ ਪਿੰਡ ਤਲਾਵੇਂ ਵਿਖੇ ਕੁਲਵੰਤ ਵਿਰਦੀ ਦੇ ਸਹਿਯੋਗ ਨਾਲ, ਧਾਰਡ ਵਿਖੇ ਬਲਦੇਵ ਸਿੰਘ ਦੀ ਅਗਵਾਈ ਵਿੱਚ ਅਤੇ ਪਿੰਡ ਮੱਲ੍ਹਾ ਵਿਖੇ ਜਮਹੂਰੀ ਅਧਿਕਾਰ ਸਭਾ ਦੇ ਆਗੂ ਮੁਖਤਾਰ ਸਿੰਘ ਮੱਲਾ ਦੇ ਸਹਿਯੋਗ ਨਾਲ ਵੈਨ ਰਾਹੀਂ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਤੱਖਤੂ ਚੱਕ ਬਸ ਅੱਡੇ ਤੇ ਵੀ ਵੈਨ ਸਾਹਿਤ ਪ੍ਰਦਰਸ਼ਨੀ ਲਾਈ ਗਈ।

19 ਅਗਸਤ : ਇਸੇ ਇਕਾਈ ਦੇ ਸਹਿਯੋਗ ਨਾਲ ਸ.ਸ. ਸੇਂਟ ਪੀਟਰ ਸਕੂਲ, ਸ.ਸ.ਸ. ਗਰਲਜ, ਪ੍ਰਾਇਮਰੀ ਸਕੂਲ ਜੰਡਿਆਲਾ ਗੁਰੂ ਅਤੇ ਬੀ.ਡੀ.ਐਸ.ਡੇ. ਬੋਰਡਿੰਗ ਸਕੂਲ ਧਾਰਡ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। **ਸਤਨਾਮ ਸਿੰਘ**

ਇਹਨਾਂ ਪ੍ਰੋਗਰਾਮਾਂ ਵਿੱਚ ਜਸਵੀਰ ਸੋਨੀ ਨੇ ਸੰਬੋਧਨ ਕੀਤਾ ਅਤੇ ਸਤਨਾਮ ਕਲਸੀ ਨੇ ਜਾਦੂ ਦੇ ਟ੍ਰਿਕ ਵਿਖਾਏ। ਸਤਨਾਮ ਕਲਸੀ ਨੇ ਇਹਨਾਂ ਪ੍ਰੋਗਰਾਮਾਂ ਲਈ ਅਣਥੱਕ ਮਿਹਨਤ ਕੀਤੀ। ਬੇਅੰਤ ਸਿੰਘ ਭਦੌੜ ਨੇ ਵੈਨ ਤੇ ਜਿੰਮੇਵਾਰੀ ਨਿਭਾਈ।

20 ਅਗਸਤ : ਇਕਾਈ ਅੰਮ੍ਰਿਤਸਰ : ਖਾਲਸਾ ਸ.ਸ. ਸਕੂਲ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਵੈਨ ਲਾਈ ਗਈ। ਪ੍ਰਬੰਧ ਵਿੱਚ ਪ੍ਰਿੰਸੀਪਲ ਨਿਰਮਲ ਸਿੰਘ ਭੰਗੂ ਨੇ ਭਰਪੂਰ ਸਹਿਯੋਗ ਦਿੱਤਾ। ਸੁਖਵੀਰ ਸਿੰਘ, ਰੇਸ਼ਮ ਸਿੰਘ ਅਤੇ ਮੰਗਲ ਸਿੰਘ ਆਦਿ ਅਧਿਆਪਕਾਂ ਨੇ ਸਹਿਯੋਗ ਦਿੱਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਵਿੱਚ ਵੀ ਵੈਨ ਸਾਹਿਤ ਪ੍ਰਦਰਸ਼ਨੀ ਲਾਈ ਗਈ।

21 ਅਗਸਤ : ਅੰਮ੍ਰਿਤਸਰ ਇਕਾਈ ਦੀ ਅਗਵਾਈ ਹੇਠ ਖਾਲਸਾ ਕਾਲਜ ਆਫ ਐਜੂਕੇਸ਼ਨ, ਖਾਲਸਾ ਕਾਲਜ ਸ.ਸ. ਸਕੂਲ, ਖਾਲਸਾ ਕਾਲਜ ਫਾਰ ਵੂਮੈਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਵਿੱਚ ਵੈਨ ਸਾਹਿਤ ਪ੍ਰਦਰਸ਼ਨੀ ਲਾਈ ਗਈ।

22 ਅਗਸਤ : ਸ.ਸ.ਸ. ਨਵਾਂ ਪਿੰਡ ਵਿਖੇ ਇਸੇ ਇਕਾਈ ਦੇ ਸਹਿਯੋਗ ਨਾਲ ਵੈਨ ਪੁੱਜੀ। ਕੁਲਜੀਤ ਸਿੰਘ ਨੇ ਸੰਬੋਧਨ ਕੀਤਾ, ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਸਰੂਪ ਰਾਣੀ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਵਿਖੇ ਵੀ ਵੈਨ ਪੁੱਜੀ। ਪ੍ਰਿੰਸੀਪਲ ਸੁਨੀਤਾ ਸਹਿਗਲ ਢਿੱਲੋਂ ਨੇ ਭਰਪੂਰ ਸਹਿਯੋਗ ਦਿੱਤਾ। ਡਾਕਟਰ ਵੀਨਾ ਆਨੰਦ, ਮੁਖੀ ਫਿਲਾਸਫੀ ਵਿਭਾਗ ਸਮੇਤ ਲੈਕਚਰਾਰ ਨਿਊਰੀ ਵਰਮਾ ਨੇ ਵਿਦਿਆਰਥਣਾਂ ਨੂੰ ਸਾਹਿਤ ਖਰੀਦਣ ਲਈ ਪ੍ਰੇਰਿਤ ਕੀਤਾ। ਇਕਾਈ ਅੰਮ੍ਰਿਤਸਰ ਦੇ ਮੈਂਬਰਾਂ ਕਾਮਰੇਡ ਅਜੀਤ ਸਿੰਘ, ਕੁਲਜੀਤ ਸਿੰਘ ਵੇਰਕਾ, ਸੁਮੀਤ ਸਿੰਘ, ਅਮਰਜੀਤ ਸਿੰਘ ਬਾਈ, ਜਥੇਬੰਦਕ ਮੁਖੀ ਅੰਮ੍ਰਿਤਸਰ ਇਕਾਈ ਨੇ ਪੂਰਨ ਸਹਿਯੋਗ ਦਿੱਤਾ।

ਜ਼ਿੱਲ੍ਹਾ ਕਚਿਹਰੀਆਂ ਵਿੱਚ ਵੀ ਵੈਨ ਖੜ੍ਹੀ ਕੀਤੀ ਗਈ।

ਅਮਰਜੀਤ ਸਿੰਘ ਬਾਈ

24 ਅਗਸਤ : ਇਕਾਈ ਗੋਪਾਲਪੁਰਾ : ਪਿੰਡ ਗੋਪਾਲਪੁਰਾ ਵਿਖੇ ਤਰਕਸ਼ੀਲ ਸਾਹਿਤ ਵੈਨ ਦਾ ਪ੍ਰੋਗਰਾਮ ਕੀਤਾ ਗਿਆ। ਅਟਾਰੀ ਵਾਰਡਰ ਵਿਖੇ ਵੈਨ ਸਾਹਿਤ ਵਿਕਰੀ ਲਈ ਲਗਾਈ ਗਈ। ਮੱਝਵਿੰਡ ਦੇ ਮੌਜੂਦਾ ਸਰਪੰਚ ਜਗਿੰਦਰ ਸਿੰਘ, ਗੋਪਾਲਪੁਰਾ ਦੇ ਸਰਪੰਚ ਸੁਖਦੀਪ ਸਿੰਘ, ਕਰਮਦੀਪ ਸਿੰਘ, ਲਖਵਿੰਦਰ ਸਿੰਘ, ਆਦਿ ਨੇ ਭਰਪੂਰ ਸਹਿਯੋਗ ਦਿੱਤਾ।

25 ਅਗਸਤ : ਹਰਕ੍ਰਿਸ਼ਨ ਪਬਲਿਕ ਸ.ਸ. ਸਕੂਲ ਵਿਖੇ ਇਕਾਈ ਗੋਪਾਲਪੁਰਾ ਵੱਲੋਂ ਵੈਨ ਦੀ ਮੱਦਦ ਨਾਲ ਕੀਤੇ ਤਰਕਸ਼ੀਲ ਪ੍ਰੋਗਰਾਮ ਸਮੇਂ ਜਸਵੀਰ ਸੋਨੀ, ਜੋਗਿੰਦਰ ਸਿੰਘ, ਤਰਸੇਮ ਨੇ ਸੰਬੋਧਨ ਕੀਤਾ ਅਤੇ ਸੇਵਾ ਸਿੰਘ ਨੇ ਜਾਦੂ ਦੇ ਟ੍ਰਿਕ ਵਿਖਾਏ। ਸ.ਸ.ਸ.ਸ. ਤਲਵੰਡੀ ਦਸੌਂਦਾ ਸਿੰਘ ਵੀ ਪ੍ਰੋਗਰਾਮ ਦਿੱਤਾ ਗਿਆ। ਕਾਮਰੇਡ ਬਲਕਾਰ ਸਿੰਘ, ਮਾਸਟਰ ਅਜੀਤ ਸਿੰਘ ਨੇ ਸੰਬੋਧਨ ਕੀਤਾ। ਕੱਥੂ ਨੰਗਲ ਵਿਖੇ ਵੀ ਵੈਨ ਲਗਾਈ ਗਈ।

26 ਅਗਸਤ : ਇਸੇ ਇਕਾਈ ਵੱਲੋਂ ਸ.ਸ.ਸ.ਸ. ਜੇਠੂਵਾਲ ਵਿਖੇ ਤਰਕਸੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਸ.ਸ.ਸ.ਸ. ਨਾਰਾਵਾਲ ਵਿਖੇ ਵੀ ਪ੍ਰੋਗਰਾਮ ਦਿੱਤਾ। ਖਾਲਸਾ ਕਾਲਜ ਅੰਮ੍ਰਿਤਸਰ ਅਤੇ ਲੋਧਰ ਪਿੰਡ ਵਿਖੇ ਵੀ ਵੈਨ ਲਗਾਈ ਗਈ।

27 ਅਗਸਤ : ਇਕਾਈ ਗੋਪਾਲਪੁਰਾ ਵੱਲੋਂ ਸੇਂਟ ਸੋਲਜਰ ਕਾਨਵੈਂਟ ਖਾਲਸਾ ਸਕੂਲ ਵਿਖੇ ਪ੍ਰੋਗਰਾਮ ਪੇਸ਼ ਕੀਤਾ ਗਿਆ। ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ ਅਤੇ ਸੇਵਾ ਸਿੰਘ ਨੇ ਜਾਦੂ ਦੇ ਟ੍ਰਿਕ ਵਿਖਾਏ। ਇਸੇ ਤਰ੍ਹਾਂ ਪ੍ਰੋਗਰਾਮ ਖਾਲਸਾ ਕਾਲਜ ਚਵਿੰਡੀ ਦੇਵੀ ਵਿਖੇ ਹੋਇਆ।

28 ਅਗਸਤ : ਗਲੋਬਲ ਕਾਲਜ ਵਿਖੇ ਕੀਤੇ ਤਰਕਸ਼ੀਲ ਪ੍ਰੋਗਰਾਮ ਨੂੰ ਅੰਮ੍ਰਿਤਸਰ ਦੇ ਜੋਨ ਮੁਖੀ ਸੰਦੀਪ ਨੇ ਸੰਬੋਧਨ ਕੀਤਾ। ਕੱਥੂ ਨੰਗਲ ਬਸ ਸਟੈਂਡ ਤੇ ਵੀ ਵੈਨ ਲਗਾਈ ਗਈ। ਅਗਵਾਈ ਗੋਪਾਲਪੁਰਾ ਇਕਾਈ ਨੇ ਕੀਤੀ।

29 ਅਗਸਤ : ਇਕਾਈ ਗੋਪਾਲਪੁਰਾ ਵੱਲੋਂ ਸ.ਸ.ਸ.ਸ. ਵਿਖੇ ਪ੍ਰੋਗਰਾਮ ਦਿੱਤਾ ਗਿਆ। ਪੈਰਾਡਾਈਜ ਸਕੂਲ ਟਾਹਲੀ ਸਾਹਿਬ ਵਿਖੇ ਵੈਨ ਪ੍ਰਦਰਸ਼ਨੀ ਲਗਾਈ ਗਈ। ਸ.ਸ.ਸ.ਸ. ਵਰਿਆਮ ਨੰਗਲ ਵਿਖੇ ਪ੍ਰੋਗਰਾਮ ਦਿੱਤਾ ਗਿਆ।

30 ਅਗਸਤ : ਸ.ਸ.ਸ.ਸ. ਸਕੂਲ ਹਰਦੇਵ ਕਲਾਂ ਵਿਖੇ ਪ੍ਰੋਗਰਾਮ ਦਿੱਤਾ ਗਿਆ। ਗੁਰਦਾਸਪੁਰ ਵਿਖੇ ਪ੍ਰਾਈਵੇਟ ਸਕੂਲ ਵਿੱਚ ਵੀ ਸਮਾਰੋਹ ਕੀਤਾ।

24 ਤੋਂ 30 ਅਗਸਤ ਤੱਕ ਇਕਾਈ ਗੋਪਾਲਪੁਰਾ ਦੀ ਸਰਪ੍ਰਸਤੀ ਹੇਠ ਹੋਏ ਇਹਨਾਂ ਪ੍ਰੋਗਰਾਮਾਂ ਦੀ ਸਫਲਤਾ ਵਿੱਚ ਜੋਨ ਅੰਮ੍ਰਿਤਸਰ ਦੇ ਵਿਤ ਵਿਭਾਗ ਮੁਖੀ ਮੁਖਤਿਆਰ ਗੋਪਾਲਪੁਰਾ, ਰਣਜੀਤ ਕੌਰ, ਅਮਨ ਗੱਗੋਮਾਹਲ, ਲਖਵਿੰਦਰ ਗੋਪਾਲਪੁਰਾ, ਸੁਰਜੀਤ ਸਿੰਘ, ਜਗਜੀਵਨ ਮੰਝ ਵਿੰਡ, ਕਰਮਜੀਤ ਸਿੰਘ, ਜੋਨ ਆਗੂ ਸੰਦੀਪ, ਜੀਵਨ ਸਿੰਘ, ਗੁਰਪ੍ਰੀਤ, ਸੁਖਵਿੰਦਰ ਸਿੰਘ ਨੇ ਆਪਣਾ ਯੋਗਦਾਨ ਪਾਇਆ। ਸੇਵਾ ਸਿੰਘ ਅਤੇ ਜਸਵੀਰ ਸੋਨੀ ਨੇ ਵੱਖ-ਵੱਖ ਥਾਵਾਂ ਤੇ ਜਾਦੂ ਦੇ ਟ੍ਰਿਕ ਵਿਖਾਏ, ਸੰਬੋਧਨ ਕੀਤਾ। ਬੇਅੰਤ ਸਿੰਘ ਨੇ ਵੈਨ ਡਿਊਟੀ ਨਿਭਾਈ।

ਮੁਖਤਿਆਰ ਸਿੰਘ

31 ਅਗਸਤ : ਇਕਾਈ ਜੰਡਿਆਲਾ ਗੁਰੂ : ਖੈਹਰਾ ਪੈਲੇਸ, ਜੰਡਿਆਲਾ ਵਿਖੇ ਹੋਏ ਸੀ.ਪੀ.ਆਈ. ਦੇ ਸੈਮੀਨਾਰ ਵਿੱਚ ਵੈਨ ਸਾਹਿਤ ਪ੍ਰਦਰਸ਼ਨੀ ਲਗਾਈ ਗਈ। ਇਕਾਈ ਆਗੂ ਸਤਨਾਮ ਕਲਸੀ ਨੇ ਅਗਵਾਈ ਕੀਤੀ। ਸਾਹਿਤ ਦੀ ਵਿਕਰੀ ਬਟਾਲਾ ਵਿਖੇ ਵੀ ਕੀਤੀ ਗਈ।

1 ਸਤੰਬਰ : ਇਕਾਈ ਧਾਰੀਵਾਲ ਭੋਜਾ : ਬਟਾਲਾ ਵਿਖੇ ਮੇਲੇ ਤੇ ਵੈਨ ਲਗਾਈ ਗਈ।

2 ਸਤੰਬਰ : ਐੱਸ.ਐੱਮ. ਕਾਲਜ ਫਾਰ ਵੂਮੈਨ ਵਿਖੇ ਵੈਨ ਸਾਹਿਤ ਪ੍ਰਦਰਸ਼ਨੀ ਲਗਾਈ ਗਈ। ਸੰਦੀਪ ਧਾਰੀਵਾਲ ਭੋਜਾ ਨੇ ਸਟੇਜ ਸੰਚਾਲਨ ਕੀਤਾ। ਜਸਵੀਰ ਸੋਨੀ ਨੇ ਸੰਬੋਧਨ ਕੀਤਾ ਅਤੇ ਜਾਦੂ ਦੇ ਟ੍ਰਿਕ ਵਿਖਾਏ। ਫਲਾਹੀ ਦੇ ਮੇਲੇ ਤੇ ਵੀ ਸਾਹਿਤ ਵੇਚਿਆ ਗਿਆ।

3 ਸਤੰਬਰ : ਜੀ.ਟੀ.ਬੀ. ਇੰਟਰਨੈਸ਼ਨਲ ਕਾਲਜ, ਕਲਿਆਨਪੁਰ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਸੰਦੀਪ ਧਾਰੀਵਾਲ ਭੋਜਾ, ਜਸਵੀਰ ਸੋਨੀ ਨੇ ਸੰਬੋਧਨ ਕੀਤਾ।

4 ਸਤੰਬਰ : ਸ.ਸ.ਸ.ਸ. (ਲੜਕੇ) ਕਾਹਨੂੰਵਾਲ ਵਿਖੇ ਵੈਨ ਸਾਹਿਤ ਪ੍ਰਦਰਸ਼ਨੀ ਲਗਾਈ ਗਈ। ਪ੍ਰੋਗਰਾਮ ਪੇਸ਼ ਕੀਤਾ। ਡੇਹਰੀਵਾਲ ਦਰੋਗਾ ਪਿੰਡ ਵਿਖੇ ਵੀ ਵੈਨ ਲਗਾਈ ਗਈ। ਬੇਅੰਤ ਸਿੰਘ ਡੇਹਰੀਵਾਲ ਨੇ ਭਰਪੂਰ ਸਹਿਯੋਗ ਦਿੱਤਾ। ਕਾਦੀਆ ਸਹਿਰ ਵਿਖੇ ਵੀ ਵੈਨ ਲਗਾਈ।

5 ਸਤੰਬਰ : ਬਾਬਾ ਆਇਆ ਸਿੰਘ ਰਿਆੜਕੀ ਕਾਲਜ, ਤੁਗਲਵਾਲ ਅਤੇ ਸ.ਸ.ਸ.ਸ. ਕਾਹਨੂੰਵਾਲ (ਲੜਕੀਆਂ) ਵਿਖੇ ਦਿੱਤੇ ਪ੍ਰੋਗਰਾਮਾਂ ਨੂੰ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਅਤੇ ਜ਼ੋਨ ਆਗੂ ਸੰਦੀਪ ਧਾਰੀਵਾਲ ਭੋਜਾ ਨੇ ਸੰਬੋਧਨ ਕੀਤਾ।

ਸੰਦੀਪ ਧਾਰੀਵਾਲ ਭੋਜਾ

1 ਤੋਂ 5 ਸਤੰਬਰ ਦੇ ਇਹਨਾਂ ਪ੍ਰੋਗਰਾਮਾਂ ਦੀ ਅਗਵਾਈ ਇਕਾਈ ਧਾਰੀਵਾਲ ਭੋਜਾ ਨੇ ਕੀਤੀ। ਜ਼ੋਨ ਆਗੂ ਸੰਦੀਪ, ਮੁਖਤਿਆਰ ਗੋਪਾਲਪੁਰਾ, ਇਕਾਈ ਮੁਖੀ ਦੀਵਾਨ ਧਾਰੀਵਾਲ ਭੋਜਾ, ਇਕਾਈ ਗੱਗੋਮਾਹਲ ਤੋਂ ਅਮਨ-ਰਣਜੀਤ ਆਦਿ ਦਾ ਭਰਪੂਰ ਸਹਿਯੋਗ ਰਿਹਾ।

ਇਕਾਈ ਗੁਰਦਾਸਪੁਰ : 8 ਸਤੰਬਰ : ਸ.ਸ.ਸ.ਸ. ਗੁਰਦਾਸਪੁਰ ਵਿਖੇ ਪ੍ਰੋਗਰਾਮ ਦਿੱਤਾ ਗਿਆ। ਇਕਾਈ ਆਗੂ ਤਰਲੋਚਨ ਸਿੰਘ ਨੇ ਸੰਬੋਧਨ ਕੀਤਾ। ਚੌਂਕ ਅਤੇ ਪਾਰਕ ਵਿਖੇ ਵੀ ਵੈਨ ਲਗਾਈ ਗਈ।

9 ਸਤੰਬਰ : ਸ.ਸ.ਸ.ਸ. ਕਾਲਾ ਨੰਗਲ ਵਿਖੇ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਸਵੀਰ ਸੋਨੀ ਅਤੇ ਤਰਲੋਚਨ ਸਿੰਘ ਨੇ ਬੱਚਿਆਂ ਨੂੰ ਸੰਬੋਧਨ ਕੀਤਾ। ਕੋਰਟ ਕੰਲਪੈਕਸ ਅਤੇ ਚੌਂਕ ਵਿਖੇ ਵੀ ਸਾਹਿਤ ਪ੍ਰਦਰਸ਼ਨੀ ਲਾਈ ਗਈ।

10 ਸਤੰਬਰ : ਖਾਲਸਾ ਸ.ਸ.ਸ. ਗੁਰਦਾਸਪੁਰ ਵਿਖੇ ਵੈਨ ਦੀ ਮੱਦਦ ਨਾਲ ਦਿੱਤੇ ਪ੍ਰੋਗਰਾਮ ਨੂੰ ਤਰਲੋਚਨ ਸਿੰਘ ਨੇ ਸੰਬੋਧਨ ਕੀਤਾ। ਜਸਵੀਰ ਸੋਨੀ ਨੇ ਜਾਦੂ ਟ੍ਰਿਕ ਵਿਖਾਏ।

11 ਸਤੰਬਰ : ਇਸੇ ਤਰ੍ਹਾਂ ਸ.ਸ.ਸ.ਸ. ਵਰਸੋਲਾ ਵਿਖੇ ਵੀ ਪ੍ਰੋਗਰਾਮ ਪੇਸ਼ ਕੀਤਾ ਗਿਆ। ਸ. ਹਾਈ ਸਕੂਲ ਹਰਦੋ ਛੰਨੀਆ ਵਿਖੇ ਵੀ ਤਰਕਸ਼ੀਲ ਪ੍ਰੋਗਰਾਮ ਕੀਤਾ।

ਤਰਲੋਚਨ ਸਿੰਘ

ਇਹਨਾਂ ਪ੍ਰੋਗਰਾਮਾਂ ਦੌਰਾਨ ਜਿੱਥੇ ਜਸਵੀਰ ਸੋਨੀ, ਬੇਅੰਤ ਸਿੰਘ ਨੇ ਵੈਨ ਡਿਊਟੀ ਨਿਭਾਈ। ਉੱਥੇ ਇਕਾਈ ਮੁਖੀ ਤਰਲੋਚਨ ਸਿੰਘ, ਸੁੱਚਾ ਸਿੰਘ,

ਹਰਭਜਨ ਸਿੰਘ, ਬਲਵੀਰ ਸਿੰਘ ਹੁੰਦਲ ਦਾ ਭਰਪੂਰ ਯੋਗਦਾਨ ਰਿਹਾ।

12-13 ਸਤੰਬਰ : ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਵੈਨ ਸਾਹਿਤ ਪ੍ਰਦਰਸ਼ਨੀ ਲਾਈ ਗਈ। ਇਸ ਦੌਰਾਨ ਰਜਿੰਦਰ ਭਦੌੜ, ਆਤਮਾ ਸਿੰਘ, ਜਸਵੰਤਜੀਰਖ, ਜਸਵੀਰ ਸੋਨੀ, ਦਲਵੀਰ ਕਟਾਣੀ, ਮੋਹਨਜੀਤ ਸਿੰਘ, ਸਤੀਸ਼ ਕੁਮਾਰ ਆਦਿ ਨੇ ਸਟੇਜ ਤੋਂ ਲੋਕਾਂ ਨੂੰ ਸੰਬੋਧਨ ਕੀਤਾ। ਬੇਅੰਤ ਸਿੰਘ ਨੇ ਵੈਨ ਡਿਊਟੀ ਨਿਭਾਈ।

ਇਕਾਈ ਗੱਗੋਮਾਹਲ : 14 ਸਤੰਬਰ : ਮੇਲਾ ਰਮਦਾਸ ਵਿਖੇ ਵੈਨ ਸਾਹਿਤ ਪ੍ਰਦਰਸ਼ਨੀ ਲਗਾਈ ਗਈ। ਇਕਾਈ ਮੁਖੀ ਜਰਮਨਜੀਤ ਸਿੰਘ, ਅਮਨਪ੍ਰੀਤ ਸਿੰਘ, ਰਣਜੀਤ ਕੌਰ, ਰਤਨ ਸਿੰਘ ਨੇ ਸਹਿਯੋਗ ਦਿੱਤਾ। ਜੋਨ ਆਗੂ ਮੁਖਤਿਆਰ ਸਿੰਘ ਉਚੇਚੇ ਤੌਰ ਤੇ ਪਹੁੰਚੇ।

15 ਸਤੰਬਰ : ਸਾਹਿਤ ਪ੍ਰਦਰਸ਼ਨੀ ਅਜਨਾਲਾ ਵਿਖੇ ਲਗਾਈ ਗਈ। ਜਸਵੀਰ ਸੋਨੀ, ਬੇਅੰਤ ਸਿੰਘ ਨੇ ਵੈਨ ਡਿਊਟੀ ਨਿਭਾਈ।

16 ਸਤੰਬਰ : ਸ.ਸ.ਸ.ਸ. ਖਿਆਲਾ ਕਲਾਂ ਵਿਖੇ ਪ੍ਰੋਗਰਾਮ ਕੀਤਾ ਗਿਆ। ਜਸਵੀਰ ਸੋਨੀ ਨੇ ਸੰਬੋਧਨ ਕੀਤਾ ਅਤੇ ਸੇਵਾ ਸਿੰਘ ਨੇ ਜਾਦੂ ਦੇ ਟ੍ਰਿਕ ਵਿਖਾਏ। ਬਾਬਾ ਬੁੱਢਾ ਦੇ ਮੇਲੇ, ਅਜਨਾਲਾ ਬਾਜਾਰ ਵਿੱਚ ਵੀ ਸਾਹਿਤ ਪ੍ਰਦਰਸ਼ਨੀ ਲਗਾਈ ਗਈ।

17 ਸਤੰਬਰ : ਗੁਰੂ ਰਾਮਦਾਸ ਨਰਸਿੰਗ ਕਾਲਜ ਵਿਖੇ ਪ੍ਰੋਗਰਾਮ ਪੇਸ਼ ਕੀਤਾ ਗਿਆ। ਅਮਨਪ੍ਰੀਤ ਸਿੰਘ, ਜਸਵੀਰ ਸੋਨੀ ਨੇ ਸੰਬੋਧਨ ਕੀਤਾ। ਜਾਦੂ ਦੇ ਟ੍ਰਿਕ ਵਿਖਾਏ। ਮਜੀਠਾ ਵਿਖੇ ਵੀ ਪੁਸਤਕ ਪ੍ਰਦਰਸ਼ਨੀ ਲਗਾਈ ਗਈ।

ਵਿਸ਼ਵਪ੍ਰੀਤ ਕੌਰ

18 ਸਤੰਬਰ ਤੋਂ 23 ਸਤੰਬਰ : ਤਰਕਸ਼ੀਲ ਸਾਹਿਤ ਵੈਨ ਬਾਬਾ ਫਰੀਦ ਦੇ ਮੇਲੇ ਤੇ ਫਰੀਦਕੋਟ ਵਿਖੇ ਲਗਾਈ ਗਈ ਜਿਸ ਵਿੱਚ ਇਕਾਈ ਫਰੀਦਕੋਟ ਦੇ ਮੈਂਬਰਾਂ ਨੇ ਸਰਗਰਮ ਸਹਿਯੋਗ ਦਿੱਤਾ।

ਇਕਾਈ ਸ਼ਾਹਕੋਟ : 24 ਸਤੰਬਰ : ਸਾਹਿਤ ਵੈਨ ਦੀ ਮੱਦਦ ਨਾਲ ਤਰਕਸ਼ੀਲ ਪ੍ਰੋਗਰਾਮ ਫੁਲਵਾੜੀ ਐਜੂਕੇਸ਼ਨ, ਲੋਹੀਆ ਖਾਸ ਵਿਖੇ ਕੀਤਾ ਗਿਆ। ਹਰਜਿੰਦਰ ਜਿੰਦ ਅਤੇ ਜਸਵੀਰ ਸੋਨੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਜਾਦੂ ਦੇ ਟ੍ਰਿਕ ਵਿਖਾਏ। ਪਿੰਡ ਕਿਲੀਵਾੜਾ ਵਿਖੇ ਕੀਤੇ ਪ੍ਰੋਗਰਾਮ ਨੂੰ ਇਕਾਈ ਜਥੇਬੰਦਕ ਮੁਖੀ ਮਨਜੀਤ ਸਿੰਘ ਨੇ ਸੰਬੋਧਨ ਕੀਤਾ। ਇਸ ਸਮਾਗਮ ਵਿੱਚ ਸੂਬਾ ਆਗੂਆਂ ਰਜਿੰਦਰ ਭਦੌੜ, ਰਾਮ ਸਵਰਨ ਲੱਖੇਵਾਲੀ ਨੇ ਵੀ ਸ਼ਮੂਲੀਅਤ ਕੀਤੀ। ਲੋਕ ਗਾਇਕ ਜਸਵੀਰ ਜੀਦਾ ਨੇ ਲੋਕ ਬੋਲੀਆਂ ਅਤੇ ਗੀਤਾਂ ਰਾਹੀਂ ਅਜੋਕੇ ਲੁਟੇਰੇ ਪ੍ਰਬੰਧ ਤੇ ਕਟਾਖਸ ਕੀਤਾ। ਸਾਰੇ ਇਕਾਈ ਮੈਂਬਰਾਂ ਦਾ ਭਰਪੂਰ ਸਹਿਯੋਗ ਰਿਹਾ।

25 ਸਤੰਬਰ : ਸਵੇਰ ਸਮੇਂ ਗੁਰੂ ਨਾਨਕ ਨੈਸ਼ਨਲ ਕਾਲਜ (ਲੜਕੀਆਂ) ਵਿਖੇ ਤਰਕਸ਼ੀਲ ਵੈਨ ਸਾਹਿਤ ਪ੍ਰਦਰਸ਼ਨੀ ਲਗਾਈ ਗਈ। ਰਾਤ ਨੂੰ ਪਿੰਡ ਸੱਦਪੁਰ ਵਿਖੇ ਤਰਕਸ਼ੀਲ ਪ੍ਰੋਗਰਾਮ ਕੀਤਾ ਗਿਆ। ਜਿਸ ਨੂੰ ਸੂਬਾਈ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਗਸੀਰ ਜੀਦਾ ਨੇ ਅਗਾਂਹਵਧੂ ਗੀਤ, ਬੋਲੀਆਂ ਪੇਸ਼ ਕੀਤੀਆਂ। ਜਿੰਦਰ ਬਾਗਪੁਰ ਨੇ ਮੈਜਿਕ-ਟ੍ਰਿਕ ਵਿਖਾਏ।

26 ਸਤੰਬਰ : ਸ.ਸ.ਸ. ਸਕੂਲ ਮੂਲੇਵਾਲ ਖਹਿਰਾ, ਸ.ਸ.ਸ.ਸ. ਲਸੂੜੀ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਸ਼ਾਹਕੋਟ ਮੁੱਖ ਬਾਜਾਰ ਵਿੱਚ ਤਰਕਸ਼ੀਲ ਸਾਹਿਤ ਵੈਨ ਲਗਾਈ ਗਈ। ਸ਼ਾਮ ਸਮੇਂ ਪਿੰਡ ਮਾਲੜੀ ਵਿਖੇ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਹਨਾਂ ਪ੍ਰੋਗਰਾਮਾਂ ਨੂੰ ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਿੰਦਰ ਬਾਗਪੁਰ ਨੇ ਜਾਦੂ ਟ੍ਰਿਕ ਵਿਖਾਏ। ਜਗਸੀਰ ਜੀਦਾ ਨੇ ਗੀਤਾਂ ਦਾ ਪ੍ਰੋਗਰਾਮ ਪੇਸ਼ ਕੀਤਾ ਅਤੇ ਸੁਖਵਿੰਦਰ ਬਾਗਪੁਰ ਨੇ ਕਿਤਾਬਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਕਾਈ ਮੁਖੀ ਮਨਜੀਤ ਸਿੰਘ ਇਹਨਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਸਨ।

ਜਿੰਦਰ ਬਾਗਪੁਰ

27 ਸਤੰਬਰ : ਦਿਨ ਸਮੇਂ ਸ.ਸ.ਸ. ਸਕੂਲ ਸੰਗੋਵਾਲ ਵਿਖੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਬਿੱਟੂ ਰੂਪੇਵਾਲੀ ਨੇ ਬੱਚਿਆਂ ਨੂੰ ਸੰਬੋਧਨ ਕੀਤਾ। ਮਾਸਟਰ ਸਮੁੰਦ ਸਿੰਘ (ਦਰੀਏਵਾਲਾ) ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਰਾਤ ਸਮੇਂ ਤਰਕਸ਼ੀਲ ਵੈਨ ਸਾਹਿਤ ਪ੍ਰਦਰਸ਼ਨੀ ਭਾਅ ਗੁਰਸ਼ਰਨ ਸਿੰਘ ਜੀ ਦੀ ਯਾਦ ਵਿੱਚ ਬਰਨਾਲਾ ਵਿਖੇ ਕਰਵਾਏ ਗਏ ਸਮਾਗਮ ਵਿੱਚ ਲਗਾਈ ਗਈ।

29 ਸਤੰਬਰ : ਸ.ਸ.ਸ.ਸ. (ਲੜਕੀਆਂ) ਮਹਿਤਪੁਰ ਵਿਖੇ ਕੀਤੇ ਪ੍ਰੋਗਰਾਮ ਵਿੱਚ ਮੈਜਿਕ ਟ੍ਰਿਕ ਜਿੰਦਰ ਬਾਗਪੁਰ ਅਤੇ ਬਿੱਟੂ ਰੂਪੇਵਾਲੀ ਨੇ ਵਿਖਾਏ। ਮਹਿਤਪੁਰ ਦੇ ਬਾਜਾਰ ਵਿੱਚ ਅਤੇ ਨਕੋਦਰ ਵਿਖੇ ਵੀ ਤਰਕਸ਼ੀਲ ਸਾਹਿਤ ਪ੍ਰਦਰਸ਼ਨੀ ਲਗਾਈ ਗਈ।

30 ਸਤੰਬਰ : ਸ.ਸ.ਸ.ਸ. ਬਾਜਵਾ ਕਲਾਂ ਵਿਖੇ ਤਰਕਸ਼ੀਲ ਪ੍ਰੋਗਰਾਮ ਲੈਕਚਰਾਰ ਮਨਜੀਤ ਸਿੰਘ ਦੇ ਸਹਿਯੋਗ ਨਾਲ ਕੀਤਾ ਗਿਆ। ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਿੰਦਰ ਬਾਗਪੁਰ, ਜਸਵੀਰ ਸੋਨੀ ਨੇ ਜਾਦੂ ਦੇ ਟ੍ਰਿਕ ਵਿਖਾਏ। ਸਕੂਲ ਦੇ ਸਮੁੱਚੇ ਅਧਿਆਪਕਾਂ ਨੇ ਆਰਥਿਕ ਸਹਿਯੋਗ ਦੇਣ ਦੇ ਨਾਲ-ਨਾਲ ਪ੍ਰਬੰਧਕੀ ਕਾਰਜਾਂ ਵਿੱਚ ਅਹਿਮ ਯੋਗਦਾਨ ਪਾਇਆ। ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਵੀ ਵੈਨ ਲਗਾਈ ਗਈ। ਰਾਤ ਸਮੇਂ ਪਿੰਡ ਬਾਗਪੁਰ ਵਿਖੇ ਪ੍ਰੋਗਰਾਮ ਕੀਤਾ ਗਿਆ। ਜਗਸੀਰ ਜੀਦਾ ਨੇ ਅਗਾਂਹਵਧੂ ਗੀਤ, ਬੋਲੀਆਂ ਪੇਸ਼ ਕੀਤੇ। ਇਕਾਈ ਦੇ ਸਾਰੇ ਮੈਂਬਰ ਪਰਿਵਾਰਾਂ ਸਮੇਤ ਪਹੁੰਚੇ। ਪਿੰਡ ਵਾਸੀਆਂ ਨੇ ਭਰਪੂਰ ਸਹਿਯੋਗ ਦਿੱਤਾ। ਸੂਬਾ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਮੈਜਿਕ ਟ੍ਰਿਕ ਜਿੰਦਰ ਬਾਗਪੁਰ ਨੇ ਵਿਖਾਏ। ਸਟੇਜ ਸੰਚਾਲਨ ਅਮਨ ਬਾਗਪੁਰ ਨੇ ਕੀਤਾ। ਜਥੇਬੰਦਕ ਮੁਖੀ ਮਨਜੀਤ ਮਲਸੀਆ ਨੇ ਧੰਨਵਾਦ ਕੀਤਾ।

ਵਿਸ਼ੇਸ਼ : ਪਿੰਡ ਵਾਸੀਆਂ ਨੇ ਸਾਹਿਤ ਖਰੀਦਣ ਵਿੱਚ ਵਿਸ਼ੇਸ਼ ਦਿਲਚਸਪੀ ਵਿਖਾਈ। ਡਾ. ਜਗਜੀਤ ਕਾਂਗਣਾ ਨੇ 10000 ਰੁਪਏ, ਗੁਰਦੇਵ ਸਿੰਘ ਨਵਾਂ ਕਿਲਾ ਨੇ 5000 ਅਤੇ ਡਾ. ਟੋਨੀ ਨੇ 3000 ਰੁਪਏ ਦੀਆਂ ਕਿਤਾਬਾਂ ਖਰੀਦੀਆਂ।

1 ਅਕਤੂਬਰ : ਸ.ਸ.ਸ.ਸ. (ਲੜਕੀਆਂ) ਮਲਸੀਆ ਵਿਖੇ ਸਾਹਿਤ ਪ੍ਰਦਰਸ਼ਨੀ ਲਗਾਈ ਗਈ।

ਹਫਤੇ ਭਰ ਚੱਲੇ ਇਹਨਾਂ ਪ੍ਰੋਗਰਾਮਾਂ ਵਿੱਚ ਸ਼ਾਹਕੋਟ ਇਕਾਈ ਦੇ ਸਾਰੇ ਮੈਂਬਰਾਂ ਦਾ ਸਰਗਰਮ ਯੋਗਦਾਨ ਰਿਹਾ। ਜਿੰਦਰ ਬਾਗਪੁਰ

'ਤਰਕਸ਼ੀਲ' ਦੇ ਦਸ ਸਵਾਲਾਂ ਦੇ ਹੋਣਹਾਰ ਜੇਤੂ



ਮੁੱਲਾਬਾਹਾ ਦੀ ਵਿਦਿਆਰਥਣ ਨੂੰ ਸਨਮਾਨ ਦਿੰਦੇ ਹੋਏ ਅਧਿਆਪਕ ਤੇ ਤਰਕਸ਼ੀਲ ਆਗੂ



ਸਰਕਾਰੀ ਕੰਨਿਆ ਸੈਕੰਡਰੀ ਸਕੂਲ ਭਾਗਸਰ (ਮੁਕਤਸਰ) ਵਿਖੇ ਜੇਤੂ ਵਿਦਿਆਰਥਣਾਂ ਦੇ ਸਨਮਾਨ ਦਾ ਦ੍ਰਿਸ਼

ਸਲਾਮ ਰੇਹਾਨਾ !



ਅੰਤਰਰਾਸ਼ਟਰੀ ਯਤਨਾਂ ਨੂੰ ਅੱਖੋਂ ਪਰੋਖੇ ਕਰਦਿਆਂ ਇਰਾਨ ਨੇ ਆਖਿਰ 26 ਸਾਲਾ ਰੇਹਾਨਾ ਜੱਬਾਰੀ ਨੂੰ ਫਾਂਸੀ 'ਤੇ ਲਟਕਾ ਹੀ ਦਿੱਤਾ। ਇਸ ਮਹਿਲਾ ਦਾ ਕਸੂਰ ਇਹ ਸੀ ਕਿ ਇਸ ਨੇ ਆਪਣੇ ਨਾਲ ਰੇਪ ਦੀ ਕੋਸ਼ਿਸ਼ ਕਰਨ ਵਾਲੇ ਖੁਫੀਆ ਅਧਿਕਾਰੀ ਨੂੰ ਆਤਮ-ਰੱਖਿਆ ਵਜੋਂ ਚਾਕੂ ਮਾਰ ਦਿੱਤਾ ਸੀ। ਜਿਸ ਦੀ ਬਾਅਦ ਵਿੱਚ ਮੌਤ ਹੋ ਗਈ ਸੀ। ਅਦਾਲਤ ਵੱਲੋਂ 7 ਸਾਲ ਦੀ ਜੇਲ੍ਹ ਉਪਰੰਤ 25 ਅਕਤੂਬਰ 2014 ਨੂੰ ਰੇਹਾਨਾ ਨੂੰ ਫਾਂਸੀ ਦੇ ਦਿੱਤੀ। ਇਸ ਬਹਾਦਰ ਮਹਿਲਾ ਵੱਲੋਂ ਆਪਣੀ ਮਾਂ ਨੂੰ ਲਿਖੇ ਆਖ਼ਰੀ ਖ਼ਤ ਦੇ ਕੁਝ ਅੰਸ਼ ਇਹ ਹਨ :

ਮੇਰੀ ਪਿਆਰੀ ਮਾਂ, ਮੈਂ ਆਪਣੀ ਮੌਤ ਤੋਂ ਪਹਿਲਾਂ ਕੁਝ ਕਹਿਣਾ ਚਾਹੁੰਦੀ ਹਾਂ। ਮੌਤ ਜੀਵਨ ਦਾ ਅੰਤ ਨਹੀਂ ਹੁੰਦੀ। ਮਾਂ, ਮੈਂ ਮਿੱਟੀ ਅੰਦਰ ਗਲਣਾ ਨਹੀਂ ਚਾਹੁੰਦੀ। ਮੈਂ ਆਪਣੀਆਂ ਅੱਖਾਂ ਤੇ ਜਵਾਨ ਦਿਲ ਮਿੱਟੀ ਨਹੀਂ ਬਣਨ ਦੇਣਾ ਚਾਹੁੰਦੀ। ਇਸ ਲਈ ਮੈਂ ਸਨਿਮਰ ਬੇਨਤੀ ਕਰਦੀ ਹਾਂ ਕਿ ਫਾਂਸੀ ਤੋਂ ਬਾਅਦ ਜਲਦੀ ਮੇਰਾ ਦਿਲ, ਗੁਰਦੇ, ਅੱਖਾਂ, ਹੱਡੀਆਂ ਤੇ ਉਹ ਸਾਰਾ ਕੁਝ ਜਿਹੜਾ ਟਰਾਂਸਪਲਾਂਟ ਹੋ ਸਕਦਾ ਹੋਵੇ, ਮੇਰੇ ਸਰੀਰ ਵਿੱਚੋਂ ਉਹ ਕੱਢ ਕੇ ਜ਼ਰੂਰਤਮੰਦਾਂ ਨੂੰ ਟਰਾਂਸਪਲਾਂਟ ਕਰ ਦਿੱਤਾ ਜਾਵੇ। ਮੈਂ ਚਾਹੁੰਦੀ ਹਾਂ ਕਿ ਜਿਨ੍ਹਾਂ ਨੂੰ ਮੇਰੇ ਅੰਗ ਦਿੱਤੇ ਜਾਣ, ਉਹਨਾਂ ਨੂੰ ਮੇਰਾ ਨਾਮ ਨਾ ਦੱਸਿਆ ਜਾਵੇ।

...ਰੇਹਾਨਾ

ਸਾਡੇ ਨਵੇਂ ਪ੍ਰਕਾਸ਼ਨ





ਤਰਕਸ਼ੀਲ ਸਾਹਿਤ ਵੈਨ ਦੇ 9 ਮਹੀਨਿਆਂ ਦੇ ਸਫਰ ਨੇ ਇਸ ਧਾਰਨਾ ਨੂੰ ਬਿਲਕੁਲ ਝੁਠਲਾਇਆ ਹੈ ਕਿ ਪੰਜਾਬੀ ਵਿੱਚ ਪਾਠਕਾਂ ਦੀ ਘਾਟ ਹੈ। ਗਿਆਨ-ਵਿਗਿਆਨ, ਮਨੋਵਿਗਿਆਨ ਨਾਲ ਸਬੰਧਤ ਪੁਸਤਕਾਂ ਨਾਲ ਭਰੀ ਸਾਹਿਤ ਵੈਨ ਜਦ ਪੰਜਾਬ ਦੇ ਕਿਸੇ ਸਕੂਲ, ਸੱਥ ਪਾਰਕ ਜਾਂ ਕਿਸੇ ਵੀ ਹੋਰ ਥਾਂ 'ਤੇ ਰੁਕਦੀ ਹੈ ਤਾਂ ਜਗਿਆਸੂ ਪਾਠਕ ਪੁਸਤਕਾਂ ਨਾਲ ਸੰਵਾਦ ਰਚਾਉਂਦੇ ਹਨ। ਅਨਪੜ੍ਹ ਤੇ ਪੁਸਤਕਾਂ ਤੋਂ ਦੂਰ ਰਹਿਣ ਵਾਲੇ ਮਾਪੇ ਵੀ ਆਪਣੇ ਬਾਲਾਂ ਲਈ ਪੁਸਤਕਾਂ ਖਰੀਦ ਕੇ ਲਿਜਾਂਦੇ ਹਨ। ਹੱਥਲਾ ਕਹਾਣੀ ਸੰਗ੍ਰਹਿ 'ਪ੍ਰੇਤ ਵਾਲਾ ਖੂਹ' ਬਾਲ ਮਨਾਂ ਨੂੰ ਰੁਸ਼ਨਾਉਂਦਾ ਹੈ ਅਤੇ ਸੱਭਿਆਚਾਰ ਬਾਰੇ ਪੁਸਤਕ ਸੁਸਾਇਟੀ ਦੇ ਮੈਂਬਰਾਂ ਅਤੇ ਗੰਭੀਰ ਪਾਠਕਾਂ ਲਈ ਹੈ।

ਜਿਲਦ ਨੰ. 11 ਰਜਿ ਨੰ: **PUNPUN/2002/5393** ਅੰਕ : 6

ਤਿਉਹਾਰਾਂ 'ਤੇ ਰਸਮਾਂ ਦੀ ਬਜਾਏ ਨਵੀਆਂ ਪਿਰਤਾਂ



ਚੰਡੀਗੜ੍ਹ ਜ਼ੋਨ 'ਚ ਖਰੜ ਵਿਖੇ ਪੁਸਤਕ ਪ੍ਰਦਰਸ਼ਨੀ



ਫਾਜ਼ਿਲਕਾ ਜ਼ੋਨ 'ਚ ਮੁਕਸਤਰ ਵਿਖੇ ਪੁਸਤਕ ਸਾਂਝ

ਤਰਕਸ਼ੀਲ ਸਾਹਿਤ ਵੈਨ ਦਾ ਸਫਰ





ਜਲੰਧਰ ਜੋਨ ਵਿਖੇ ਵੱਖ-ਵੱਖ ਥਾਵਾਂ 'ਤੇ ਹੋਏ ਤਰਕਸ਼ੀਲ ਸਮਾਰੋਹਾਂ ਦੇ ਦ੍ਰਿਸ਼

If undelivered please return to :

Tarksheel

Tarksheel Bhawan, Tarksheel Chowk,
Sanghera Bye Pass, BARNALA-148101
Post Box No. 55

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....